Punjabi Parwaz

# ਪੰਜਾਬੀ ਪਰਵਾਜ਼

ਅੰਕ 73ਵਾਂ (ਸ਼ਿਕਾਗੋ): 28 ਫਰਵਰੀ ਤੋਂ 13 ਮਾਰਚ 2026 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

### ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਪੂਰਬ ਵੱਲ ਫੇਰੀ

## ਮਨੁੱਖੀ ਅਧਿਕਾਰਾਂ ਅਤੇ ਨਿਆਂ ਨੂੰ ਵਪਾਰ ਦੇ ਮੁਕਾਬਲੇ ਪਹਿਲ ਦੇਣ ਦੀ ਲੋੜ

**ਜਸਵੀਰ ਸਿੰਘ ਸ਼ੀਰੀ**

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਇਸੇ ਹਫਤੇ ਭਾਰਤ, ਜਪਾਨ ਅਤੇ ਆਸਟਰੇਲੀਆ ਦੇ ਦੌਰੇ 'ਤੇ ਜਾ ਰਹੇ ਹਨ। ਭਾਰਤ ਸਮੇਤ ਇਨ੍ਹਾਂ ਤਿੰਨਾਂ ਮੁਲਕਾਂ ਵੱਲ ਫੇਰੀ ਦਾ ਮਕਸਦ ਮੁੱਖ ਰੂਪ ਵਿੱਚ ਇਨ੍ਹਾਂ ਮੁਲਕਾਂ ਨਾਲ ਵਪਾਰ ਵਧਾਉਣਾ ਹੈ। ਹਾਲੇ ਕੁਝ ਦਿਨ ਪਹਿਲਾਂ ਹੀ ਕੈਨੇਡੀਅਨ ਪ੍ਰਧਾਨ ਮੰਤਰੀ ਚੀਨ ਦੀ ਫੇਰੀ 'ਤੇ ਸਨ। ਜਦੋਂ ਤੋਂ ਅਮਰੀਕਾ ਵਿੱਚ ਡੋਨਾਲਡ ਟਰੰਪ ਰਾਸ਼ਟਰਪਤੀ ਬਣੇ ਹਨ, ਉਦੋਂ ਤੋਂ ਹੀ ਦੁਨੀਆਂ ਵਿੱਚ ਆਰਥਕ ਅਨਿਸ਼ਚਿਤਤਾ ਤੇ ਉਥਲ-ਪੁਥਲ ਵਧੀ ਹੋਈ ਹੈ।

ਟਰੰਪ ਨੇ ਆਪਣੇ ਸੱਤਾ ਵਿੱਚ ਆਉਣ ਤੋਂ ਬਾਅਦ ਟਰੇਡ ਟੈਰਿਫਾਂ ਰਾਹੀਂ ਮੁਲਕਾਂ ਨੂੰ ਕੁੱਟਣ ਅਤੇ ਬਾਅਦ ਵਿੱਚ ਪਲੋਸਣ ਤੇ ਡੀਲ ਕਰਨ ਦੀ ਨੀਤੀ ਅਪਣਾਈ ਹੋਈ ਹੈ। ਚੀਨ ਵਰਗੇ ਸਰਦੇ ਪੁੱਜਦੇ ਮੁਲਕਾਂ ਨੇ ਤਾਂ ਟਰੰਪ ਦੇ ਇਸ ਸਟੰਟ ਅੱਗੇ ਦ੍ਰਿੜਤਾ ਵਿਖਾਈ ਅਤੇ ਉਨ੍ਹਾਂ ਦਾ ਖਹਿੜਾ ਛੇਤੀ ਛੁੱਟ ਗਿਆ; ਪਰ ਭਾਰਤ ਟਰੰਪ ਦੇ ਦਬਕਿਆਂ, ਟੈਰਿਫ ਡੀਲਾਂ, ਐਲਾਨਾਂ ਅਤੇ ਦਲੀਲਾਂ ਅੱਗੇ ਕਾਫੀ ਨਿਮਾਣਾ ਨਜ਼ਰ ਆਇਆ ਹੈ। ਪਿਛਲੇ ਦਿਨੀਂ ਜਦੋਂ ਕੈਨੇਡਾ ਚੀਨ ਨਾਲ ਟਰੇਡ ਸਮਝੌਤਾ ਕਰ ਆਇਆ ਤਾਂ ਟਰੰਪ ਦੇ ਮੱਥੇ 'ਤੇ ਕੈਨੇਡਾ ਲਈ ਤਿਉੜੀ ਸੀ। ਕਾਰਨ ਇਹ ਕਿ ਕੈਨੇਡਾ ਦੀ 70 ਫੀਸਦੀ ਐਕਸਪੋਰਟ ਅਮਰੀਕਾ ਵੱਲ ਹੀ ਹੁੰਦੀ ਹੈ। ਟਰੰਪ ਦੇ ਮੱਥੇ ਦੇ ਵੱਟਾਂ ਤੋਂ ਤ੍ਰਬਕ ਕੇ ਕਾਰਨੀ ਨੇ ਸਫਾਈ ਦਿੱਤੀ ਕਿ ਚੀਨ ਨਾਲ ਉਸ ਨੇ 'ਫਰੀ ਟਰੇਡ ਸਮਝੌਤਾ' ਨਹੀਂ ਕੀਤਾ, ਸਾਦਾ ਟਰੇਡ ਡੀਲ ਕੀਤਾ ਹੈ।

ਇਸ ਸੰਦਰਭ ਵਿੱਚ ਇਹ ਸ਼ਾਇਦ ਦੁਨੀਆਂ ਦੇ ਸਾਰੇ ਮੁਲਕਾਂ ਲਈ ਹੀ ਇੱਕ ਆਸ ਦੀ ਕਿਰਨ ਹੋਏਗੀ ਕਿ ਆਖਿਰ ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਦੇ ਟੈਰਿਫ ਜੰਜਾਲ ਨੂੰ ਰੱਦ ਕਰ ਦਿੱਤਾ ਹੈ। ਅਦਾਲਤ ਦਾ ਆਖਣਾ ਹੈ ਕਿ ਸੈਨੇਟ ਦੀ ਮਨਜ਼ੂਰੀ ਤੋਂ ਬਿਨਾ ਰਾਸ਼ਟਰਪਤੀ ਇਹ ਟੈਰਿਫ ਲਗਾ ਨਹੀਂ ਸਕਦੇ। ਹੁਣ ਅਮਰੀਕੀ ਰਾਸ਼ਟਰਪਤੀ ਨੇ ਕੁੱਲ ਦਰਾਮਦ 'ਤੇ ਇੱਕ ਸਾਰ 15 ਫੀਸਦੀ ਟੈਕਸ ਲਾਉਣ ਦੀ ਗੱਲ ਕਹੀ ਹੈ, ਜਦਕਿ ਭਾਰਤ ਵੱਲੋਂ ਐਕਸਪੋਰਟ ਹੋਣ ਵਾਲੇ ਸਾਮਾਨ 'ਤੇ ਉਨ੍ਹਾਂ 18 ਫੀਸਦੀ ਟੈਕਸ ਦਾ ਐਲਾਨ ਕੀਤਾ ਹੋਇਆ ਹੈ। ਭਾਰਤ ਦੀ ਅਮਰੀਕਾ ਵੱਲ ਆਯਾਤ 'ਤੇ 18 ਫੀਸਦੀ ਟੈਕਸ ਲਾਉਣ ਦਾ ਫੈਸਲਾ ਦੋਹਾਂ ਮੁਲਕਾਂ ਵਿਚਾਲੇ ਹੋਏ ਟਰੇਡ ਡੀਲ ਵਿੱਚ ਕੀਤਾ ਗਿਆ ਹੈ।

ਅਸਲ ਵਿੱਚ ਜਦੋਂ ਯੂਰਪੀਅਨ ਯੂਨੀਅਨ ਦਾ ਭਾਰਤ ਨਾਲ ਫਰੀ ਟਰੇਡ ਐਗਰੀਮੈਂਟ ਹੋ ਗਿਆ ਤਾਂ ਅਮਰੀਕੀ ਰਾਸ਼ਟਰਪਤੀ ਨੂੰ ਲੱਗਾ ਕਿ ਉਹ ਇਸ ਦੌੜ ਵਿੱਚ ਕਿਧਰੇ ਪਛੜ ਨਾ ਜਾਵੇ। ਇੰਝ ਉਸ ਨੇ ਭਾਰਤ ਨਾਲ ਟਰੇਡ ਐਗਰੀਮੈਂਟ ਲਈ ਕਾਹਲੀ ਕੀਤੀ। ਕਈ ਸਿਆਸੀ ਅਤੇ ਨਿਆਇਕ ਮਾਮਲਿਆਂ ਦੀ ਆੜ ਵਿੱਚ ਅਮਰੀਕਨਾਂ ਨੇ ਨਰਿੰਦਰ ਮੋਦੀ ਦੀ ਬਾਂਹ ਮਰੋੜੀ ਅਤੇ 18 ਫੀਸਦੀ ਟੈਕਸ ਭਾਰਤ ਦੀ ਅਮਰੀਕਾ ਵੱਲ ਐਕਸਪੋਰਟ 'ਤੇ ਲੱਦ ਦਿੱਤਾ। ਭਾਰਤ ਵੱਲ ਅਮਰੀਕਨ ਬਰਾਮਦ 'ਤੇ ਇਹ ਟੈਕਸ 0 ਫੀਸਦੀ ਹੋਏਗਾ। ਭਾਰਤ ਵੱਲ ਅਮਰੀਕੀ ਖੇਤੀ ਵਸਤਾਂ ਦਾ ਵਪਾਰ ਵੀ ਤਕਰੀਬਨ ਅਮਰੀਕਾ ਨੇ ਖੁਲ੍ਹਵਾ ਹੀ ਲਿਆ ਹੈ।

ਕਹਾਣੀ ਆਪਾਂ ਮਾਰਕ ਕਾਰਨੀ ਦੀ ਭਾਰਤ ਫੇਰੀ ਤੋਂ ਸ਼ੁਰੂ ਕੀਤੀ ਸੀ। ਕੈਨੇਡਾ ਦੇ ਸਿੱਖ ਭਾਈਚਾਰੇ ਵੱਲ ਵਧਵੇਂ ਝੁਕਾਅ 'ਤੇ ਭਾਰਤ ਨੂੰ ਹਮੇਸ਼ਾ ਇਤਰਾਜ਼ ਰਿਹਾ ਹੈ। ਤੱਤੇ ਸਿੱਖ ਕਾਰਕੁੰਨਾਂ ਦੇ ਮਾਮਲੇ ਵਿੱਚ ਵਧੇਰੇ। ਭਾਰਤ ਨੇ ਕੈਨੇਡਾ ਅਮਰੀਕਾ, ਬਰਤਾਨੀਆ ਅਤੇ ਪਾਕਿਸਤਾਨ ਵਿੱਚ ਪ੍ਰਾਈਵੇਟ ਗੈਂਗਾਂ ਰਾਹੀਂ ਖਾਲਿਸਤਾਨੀ ਵਿਚਾਰ ਦੇ ਸਿੱਖ ਕਾਰਕੁੰਨਾਂ ਨੂੰ ਮਾਰਨ ਦੀ ਨੀਤੀ ਵੀ ਅਪਣਾਈ ਹੈ। ਇਸ ਦੀ ਪੋਲ ਅਮਰੀਕਾ ਵਿੱਚ ਫੜੇ ਗਏ ਨਿਖਲ ਗੁਪਤਾ ਨੇ ਖੋਲ੍ਹ ਹੀ ਦਿੱਤੀ ਹੈ। ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਅਤੇ ਇੰਗਲੈਂਡ ਵਿੱਚ ਭਾਈ ਅਵਤਾਰ ਸਿੰਘ ਖੰਡਾ ਦੀ ਮੌਤ ਨੂੰ ਇਸੇ ਨੀਤੀ ਨਾਲ ਜੋੜ ਕੇ ਵੇਖਿਆ ਗਿਆ। ਯਾਦ ਰਹੇ, ਸੱਤਾ ਵਿੱਚ ਆਉਂਦਿਆਂ ਹੀ ਅਮਰੀਕੀ ਰਾਸ਼ਟਰਪਤੀ

⇒ ਬਾਕੀ ਸਫਾ 15 ਉਤੇ ਪੜ੍ਹੋ

## ਗਿਆਨੀ ਰਘਬੀਰ ਸਿੰਘ ਵੱਲੋਂ ਸਰਬੱਤ ਖਾਲਸਾ ਬੁਲਾਉਣ ਦਾ ਸੱਦਾ

*ਸ਼੍ਰੋਮਣੀ ਕਮੇਟੀ ਸਮੇਤ ਸਿੱਖ ਸੰਸਥਾਵਾਂ ਦੀ ਹਾਲਤ ਪਤਲੀ

---


*ਅਖੰਡ ਪਾਠਾਂ ਵਾਸਤੇ ਕੀਤੀ ਜਾ ਰਹੀ ਲੱਖਾਂ ਦੀ ਲੁੱਟ



ਜਲੰਧਰ ਵਿੱਚ ਲੰਘੇ ਦਿਨੀਂ ਇੱਕ ਪ੍ਰੈਸ ਕਾਨਫਰੰਸ ਦੌਰਾਨ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਇਹ ਦੋਸ਼ ਲਾਏ ਹਨ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਨ ਅਤੇ ਧਾਰਮਿਕ ਪ੍ਰਕਿਰਿਆਵਾਂ ਵਿੱਚ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਹੋ ਰਿਹਾ ਹੈ। ਉਨ੍ਹਾਂ ਸਿੱਖ ਸੰਸਥਾਵਾਂ ਦੀ ਦਸ਼ਾ 'ਤੇ ਵਿਚਾਰ ਕਰਨ ਲਈ ਸਰਬੱਤ ਖਾਲਸਾ ਬੁਲਾਏ ਜਾਣ ਦੀ ਵੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਿੱਖ ਆਗੂਆਂ ਵੱਲੋਂ ਆਪਣੇ ਨਿੱਜੀ ਮੁਫਾਦਾਂ ਲਈ ਗੁਰੂ ਘਰਾਂ ਨਾਲ ਸੰਬੰਧਤ ਜ਼ਮੀਨਾਂ ਵੇਚੀਆਂ ਜਾ ਰਹੀਆਂ ਹਨ। ਜਾਂ ਇਨ੍ਹਾਂ ਜ਼ਮੀਨਾਂ ਨੂੰ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਬਹੁਤ ਘੱਟ ਠੇਕੇ 'ਤੇ ਅਲਾਟ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ 2 ਦਸੰਬਰ ਦੇ ਹੁਕਮਨਾਮੇ ਤੋਂ ਬਾਅਦ ਸੁਖਬੀਰ ਬਾਦਲ ਨੇ ਉਨ੍ਹਾਂ 'ਤੇ ਕਈ ਤਰ੍ਹਾਂ ਦੇ ਦਬਾਅ ਪਾਉਣ ਦੇ ਯਤਨ ਕੀਤੇ।

ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਖੰਡ ਪਾਠ ਕਰਵਾਉਣ ਲਈ ਮਿੱਥੀ ਭੇਟਾ ਨੂੰ ਨਜ਼ਰਅੰਦਾਜ਼ ਕਰਕੇ ਇੱਕ

⇒ ਬਾਕੀ ਸਫਾ 7 ਉਤੇ ਪੜ੍ਹੋ









# ਇਰਾਨ-ਅਮਰੀਕਾ ਗੱਲਬਾਤ ਕਿਸੇ ਤਣ-ਪੱਤਣ ਨਾ ਲੱਗੀ

**ਜਸਵੀਰ ਸਿੰਘ ਮਾਂਗਟ**

*ਤਣਾਅ ਜਾਰੀ, ਅਗਲੇ ਕੁਝ ਦਿਨਾਂ 'ਚ ਇਕ ਹੋਰ ਗੱਲਬਾਤ ਤੈਅ*

---

*ਮਿਜ਼ਾਈਲਾਂ ਅਤੇ ਪ੍ਰਮਾਣੂ ਪ੍ਰੋਗਰਾਮ ਸੀਮਤ ਕਰਨ ਤੋਂ ਇਰਾਨ ਆਰੀ*



ਇਸ ਦੇ ਬਾਵਜੂਦ ਕਿ ਅਮਰੀਕਾ ਵੱਲੋਂ ਇਰਾਨ ਦੇ ਇਰਦ-ਗਿਰਦ ਵੱਖ-ਵੱਖ ਮੁਲਕਾਂ ਵਿੱਚ ਮੌਜੂਦ ਆਪਣੇ ਹਵਾਈ ਟਿਕਾਣਿਆਂ ਵਿੱਚ ਅਤੇ ਪਰਸ਼ੀਅਨ ਖਾੜੀ ਸਮੇਤ ਸਮੁੰਦਰੀ ਖੇਤਰ ਵਿੱਚ ਦੋ ਵੱਡੇ ਯੁੱਧਪੋਤ ਤਾਇਨਾਤ ਕਰ ਦਿੱਤੇ ਗਏ ਹਨ, ਇਰਾਨ ਆਪਣੀ ਮਿਜ਼ਾਈਲ ਪ੍ਰਣਾਲੀ ਅਤੇ ਪ੍ਰਮਾਣੂ ਪ੍ਰੋਗਰਾਮ ਤਿਆਗਣ ਲਈ ਰਾਜ਼ੀ ਨਹੀਂ ਹੈ। ਇਰਾਨ ਨੇ ਵੀ ਇਸ ਜੰਗ ਦਾ ਮੁਕਾਬਲਾ ਕਰਨ ਲਈ ਪੂਰੀ ਤਿਆਰੀ ਕਰ ਲਈ ਹੈ। ਯਾਦ ਰਹੇ, ਇਰਾਨ ਕੋਲ ਲੰਮੀ, ਦਰਮਿਆਨੀ ਅਤੇ ਨਜ਼ਦੀਕੀ ਦੂਰੀ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦਾ ਵੱਡਾ ਜਖ਼ੀਰਾ ਹੈ। ਬੀਤੇ ਵਰ੍ਹੇ ਇਜ਼ਰਾਇਲ ਨਾਲ ਹੋਈ 12 ਦਿਨ ਦੀ ਜੰਗ ਵਿੱਚ ਇਰਾਨ ਨੇ ਆਪਣੀ ਮਿਜ਼ਾਈਲ ਤਾਕਤ ਨੂੰ ਵਰਤਦਿਆਂ ਤਲਅਵੀਵ ਦਾ ਵੱਡਾ ਨੁਕਸਾਨ ਕੀਤਾ ਸੀ।

ਤਿਆਰ-ਤਣੀਆਂ ਖਲੋਤੀਆਂ ਮਿਜ਼ਾਈਲਾਂ ਦੇ ਦਰਮਿਆਨ ਉਂਝ ਦੋਹਾਂ ਮੁਲਕਾਂ ਨੂੰ ਆਸ ਹੈ ਕਿ ਉਹ ਕਿਸੇ ਨਾ ਕਿਸੇ ਸਮਝੌਤੇ 'ਤੇ ਅੱਪੜ ਸਕਦੇ ਹਨ। ਜ਼ਿਕਰਯੋਗ ਹੈ ਕਿ ਇਸੇ ਮਹੀਨੇ ਦੋਹਾਂ ਮੁਲਕਾਂ ਦੇ ਆਗੂਆਂ ਵਿਚਕਾਰ ਓਮਾਨ ਵਿੱਚ ਦੋ ਗੇੜ ਦੀ ਅਸਿੱਧੀ ਗੱਲਬਾਤ ਹੋ ਚੁੱਕੀ ਹੈ ਅਤੇ ਤੀਜੇ ਗੇੜ ਦੀ ਗੱਲਬਾਤ ਆਉਂਦੇ ਸ਼ੁੱਕਰਵਾਰ ਨੂੰ ਜਿਨੇਵਾ ਵਿੱਚ ਹੋਣੀ ਤੈਅ ਹੋਈ ਹੈ। ਹਾਲ ਹੀ ਵਿੱਚ 'ਅੰਤਰਰਾਸ਼ਟਰੀ ਗਾਜ਼ਾ ਪੀਸ ਬੋਰਡ' ਦੀ ਪਲੇਠੀ ਮੀਟਿੰਗ ਵਿੱਚ ਬੋਲਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਇਰਾਨ ਨੂੰ ਸਮਝੌਤਾ (ਡੀਲ) ਕਰ ਲੈਣਾ ਚਾਹੀਦਾ ਹੈ, ਨਹੀਂ ਤਾਂ ਬਹੁਤ ਸਾਰੀਆਂ ਮਾੜੀਆਂ ਘਟਨਾਵਾਂ (ਜੰਗ) ਵਾਪਰਨਗੀਆਂ। ਉਂਝ ਇਸ ਕਿਸਮ ਦੀਆਂ ਧਮਕੀਆਂ ਦੇ ਬਾਵਜੂਦ ਇਰਾਨੀ ਲੀਡਰਸ਼ਿੱਪ ਨੇ ਲਾਮਿਸਾਲ ਹੌਸਲਾ ਵਿਖਾਇਆ ਹੈ ਅਤੇ ਅਮਰੀਕਾ ਦੀਆਂ ਸ਼ਰਤਾਂ 'ਤੇ ਸਮਝੌਤਾ ਕਰਨ ਤੋਂ ਲਗਾਤਾਰ ਇਨਕਾਰ ਕੀਤਾ ਹੈ।

ਇਸ ਦਰਮਿਆਨ ਇਰਾਨੀ-ਅਮਰੀਕੀ ਤਣਾਅ ਅਤੇ ਰੂਸ-ਯੂਕਰੇਨ ਜੰਗ ਰੋਕਣ ਲਈ ਸਰਗਰਮੀ ਨਾਲ ਕੰਮ ਕਰ ਰਹੇ ਟਰੰਪ ਦੇ ਵਿਸ਼ੇਸ਼ ਦੂਤ ਸਟੀਫ ਵਿੱਟਕੌਫ ਅਤੇ ਜਵਾਈ ਕੁਸ਼ਨਰ ਨੇ ਮੰਨਿਆ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਹੈਰਾਨ ਹਨ ਕਿ ਅਮਰੀਕਾ ਵੱਲੋਂ ਇਰਾਨ ਦੇ ਇਰਦ0-ਗਿਰਦ ਇੱਕ ਲਾਮਿਸਾਲ ਅਤੇ ਇਤਿਹਾਸਕ ਫੌਜੀ ਤਾਇਨਾਤੀ ਦੇ ਬਾਵਜੂਦ ਖਾੜੀ ਦਾ ਇਹ ਮਹੱਤਵਪੂਰਨ ਮੁਲਕ ਸਮਝੌਤੇ ਲਈ ਰਾਜ਼ੀ ਕਿਉਂ ਨਹੀਂ ਹੋ ਰਿਹਾ ਹੈ? ਇੰਜ ਇਰਾਨੀ ਲੀਡਰਸ਼ਿਪ ਦੀ ਇਹ ਨਿਰਭੈਅਤਾ ਅਮਰੀਕੀ ਕੈਂਪ ਵਿੱਚ ਹੋਰ ਵਧੇਰੇ ਹਿਚਕਚਾਹਟ ਨੂੰ ਜਨਮ ਦੇ ਰਹੀ ਹੈ। ਦੋ ਗੇੜਾਂ ਦੀ ਗੱਲਬਾਤ ਤੋਂ ਬਾਅਦ ਪਹਿਲਾਂ ਟਰੰਪ ਨੇ 10 ਦਿਨ ਦਾ ਸਮਾਂ ਹੋਰ ਦਿੱਤਾ ਸੀ, ਜਦਕਿ ਹੁਣ ਇਹ ਸਮਾਂ 15 ਦਿਨਾਂ ਤੱਕ ਵਧਾ ਦਿੱਤਾ ਗਿਆ ਹੈ।

ਮੱਧ ਪੂਰਬ ਵਿੱਚ ਜੰਗੀ ਹਾਲਾਤ ਬਾਰੇ ਮਾਹਿਰਾਂ ਦਾ ਆਖਣਾ ਹੈ ਕਿ ਦੋਹਾਂ ਮੁਲਕਾਂ ਵਿੱਚ ਤਣਾਅ ਜਿਸ ਪੱਧਰ 'ਤੇ ਪਹੁੰਚ ਗਿਆ ਅਤੇ ਅਮਰੀਕਾ ਨੇ ਜਿੱਡੀ ਵੱਡੀ ਫੌਜੀ ਤਾਇਨਾਤੀ ਇਰਾਨ ਦੇ ਦੁਆਲੇ ਕੀਤੀ ਹੈ, ਉਸ ਤੋਂ ਲਗਦਾ ਹੈ ਕਿ ਅਮਰੀਕਾ ਇਰਾਨ 'ਤੇ ਹਰ ਹੀਲੇ ਹਮਲਾ ਕਰੇਗਾ। ਹੁਣ ਇਹ ਸੰਭਾਵਨਾ ਹੋਰ ਵੀ ਵਧ ਗਈ ਹੈ, ਜਦੋਂ ਅਮਰੀਕਾ ਦਾ ਦੂਜਾ ਜੰਗੀ ਬੇੜਾ ਵੀ ਇਰਾਨ ਨਾਲ ਲਗਦੇ ਸਮੁੰਦਰੀ ਖੇਤਰ ਵਿੱਚ ਲਗਪਗ ਪਹੁੰਚ ਗਿਆ ਹੈ। ਅਮਰੀਕਾ ਹੁਣ ਆਖ ਰਿਹਾ ਹੈ ਕਿ ਉਹ ਬੀ-2 ਜਹਾਜ਼ਾਂ ਨਾਲ ਸੀਮਤ ਹਮਲਾ ਕਰੇਗਾ। ਇਸ ਪਿੱਛੇ ਰਣਨੀਤੀ ਇਹੀ ਜਾਪਦੀ ਹੈ ਕਿ ਇੱਕ ਪਾਸੇ ਤਾਂ ਇਰਾਨ ਅੰਦਰ ਜਨਤਕ ਵਿਰੋਧ ਭੜਕਾਇਆ ਜਾਵੇ ਅਤੇ ਦੂਜੇ ਪਾਸੇ ਇੱਕ ਤੇਜ਼ ਛੋਟਾ (ਪਰਸੀਜ਼ਨ ਅਟੈਕ) ਕਰਕੇ ਇਰਾਨ ਦੀ ਸਿਖਰਲੀ ਲੀਡਰਸ਼ਿੱਪ ਨੂੰ ਮਾਰ ਦਿੱਤਾ ਜਾਵੇ; ਤੇ ਇਸ ਰੌਲੇ ਗੌਲੇ ਵਿੱਚ ਇਰਾਨ ਵਿੱਚ ਖੁਮੀਨੀ ਸਰਕਾਰ ਦਾ ਤਖਤਾ ਪਲਟ ਦਿੱਤਾ ਜਾਵੇ। ਜਾਂ ਵੈਨੇਜ਼ੂਏਲਾ ਵਾਂਗ ਉਨ੍ਹਾਂ ਤੋਂ ਬਾਅਦ ਅਗਲੀ ਲੀਡਰਸ਼ਿੱਪ ਨਾਲ ਸਮਝੌਤਾ ਕਰ ਲਿਆ ਜਾਵੇ।

ਮੀਡੀਆ ਹਲਕਿਆਂ ਵਿੱਚ ਇਹ ਪੱਖ ਵੀ ਸਾਹਮਣੇ ਆਇਆ ਹੈ ਕਿ ਇਰਾਨ ਦੀ ਨਰਮਦਲੀ ਲੀਡਰਸ਼ਿੱਪ ਅਮਰੀਕਾ ਨਾਲ ਕਿਸੇ ਨਾ ਕਿਸੇ ਸਮਝੌਤੇ 'ਤੇ ਪੁੱਜਣ ਲਈ ਤਿਆਰ ਹੈ; ਪਰ ਇਰਾਨ ਦੇ ਸੁਪਰੀਮ ਲੀਡਰ ਆਇਤੁਲਾ ਖੁਮੈਨੀ ਅਤੇ ਉਨ੍ਹਾਂ ਦੇ ਨਜ਼ਦੀਕੀ ਸਮਝੇ ਜਾਣ ਵਾਲੇ ਅਲੀ ਲਾਰੀਜ਼ਨੀ ਅਮਰੀਕੀ ਸ਼ਰਤਾਂ 'ਤੇ ਸਮਝੌਤਾ ਕਰਨ ਲਈ ਤਿਆਰ ਨਹੀਂ ਹਨ। ਇਸ ਲਈ ਚੋਣਵੇਂ ਆਗੂਆਂ ਦੀਆਂ ਹੱਤਿਆਵਾਂ ਵੀ ਹੋ ਸਕਦੀਆਂ ਹਨ। ਜਿਸ ਤਰ੍ਹਾਂ ਪਿਛਲੇ ਵਰ੍ਹੇ ਬਾਰਾਂ ਦਿਨ ਦੀ ਜੰਗ ਵਿੱਚ ਕੀਤਾ ਗਿਆ ਸੀ। ਉਂਝ ਇਸ ਦੌਰਾਨ ਇਰਾਨ ਦੇ ਵਿਦੇਸ਼ ਮੰਤਰੀ ਨੇ ਅਗਲੀ ਗੱਲਬਾਤ ਵਿੱਚ ਕੁਝ ਸਾਰਥਕ ਸਾਹਮਣੇ ਆਉਣ ਦੀ ਗੱਲ ਕਰਦਿਆਂ ਕਿਹਾ ਹੈ ਕਿ ਇਰਾਨ ਦੋਹਾਂ ਮੁਲਕਾਂ ਵਿਚਕਾਰ ਸਮਝੌਤੇ ਲਈ ਨਵਾਂ ਡਰਾਫਟ ਤਿਆਰ ਕਰ ਰਿਹਾ ਹੈ। ਅਮਰੀਕਾ ਨੇ ਜੇ ਇਸ ਨਵੇਂ ਦਸਤਾਵੇਜ਼ 'ਤੇ ਸਹਿਮਤੀ ਪ੍ਰਗਟ ਕਰ ਦਿੱਤੀ ਤਾਂ ਸਮਝੌਤਾ ਹੋਣ ਦੀ ਸੰਭਾਵਨਾ ਬਣ ਸਕਦੀ ਹੈ।

ਇਸ ਸਾਰੇ ਕੁਝ ਦੇ ਬਾਵਜੂਦ ਅਮਰੀਕਾ ਦੇ ਕਈ ਸਾਬਕਾ ਜਰਨੈਲ ਇਹ ਗੱਲ ਆਖ ਰਹੇ ਹਨ ਕਿ ਇਰਾਨ ਨੂੰ ਵੈਨੇਜ਼ੂਏਲਾ ਸਮਝਣ ਦੀ ਗਲਤੀ ਅਮਰੀਕਾ ਨੂੰ ਨਹੀਂ ਕਰਨੀ ਚਾਹੀਦੀ। ਇਰਾਨ ਇੱਕ ਸਿਵੇਲਾਈਜੇਸ਼ਨਲ ਮੁਲਕ ਹੈ ਅਤੇ ਇਸ ਦੀ ਹੋਂਦ ਸਦੀਆਂ ਤੋਂ ਕਾਇਮ ਰਹੀ ਹੈ। 1953 ਤੋਂ ਇਰਾਨ ਅਮਰੀਕੀ ਦਖਲਅੰਦਾਜ਼ੀ ਖਿਲਾਫ ਵੀ ਲਗਾਤਾਰ ਲੜਦਾ ਆਇਆ ਹੈ। ਬੀਤੇ ਦਿਨੀਂ ਇਰਾਨ ਦੀ ਇੱਕ ਯੂਨੀਵਰਸਿਟੀ ਵਿੱਚ ਸਰਕਾਰ ਪੱਖੀ ਅਤੇ ਸਰਕਾਰ ਵਿਰੋਧੀ ਵਿਦਿਆਰਥੀਆਂ ਵਿੱਚ ਮੁੜ ਤੋਂ ਪ੍ਰਦਰਸ਼ਨ ਹੋਏ ਹਨ। ਇਨ੍ਹਾਂ ਦੋਹਾਂ ਧਿਰਾਂ ਦੀਆਂ ਆਪਸ ਵਿੱਚ ਝੜਪਾਂ ਵੀ ਹੋਈਆਂ ਹਨ; ਪਰ ਇਨ੍ਹਾਂ ਨੂੰ ਸਮੇਂ ਸਿਰ ਕਾਬੂ ਕਰ ਲਿਆ ਗਿਆ। ਇਸ ਦੇ ਬਾਵਜੂਦ ਇਨ੍ਹਾਂ ਪ੍ਰਦਰਸ਼ਨਾਂ ਨੂੰ ਪੱਛਮੀ ਮੀਡੀਏ ਵਿੱਚ ਵਧਾਅ-ਚੜ੍ਹਾਅ ਕੇ ਪੇਸ਼ ਕੀਤਾ ਜਾ ਰਿਹਾ ਹੈ। ਫਿਰ ਵੀ ਅਗਲੇ ਦਿਨਾਂ ਵਿੱਚ ਇਰਾਨ ਦੀ ਅੰਦਰੂਨੀ ਸਥਿਤੀ ਕਿਹੋ ਜਿਹੀ ਰਹਿੰਦੀ ਹੈ, ਇਸ 'ਤੇ ਕਾਫੀ ਕੁਝ ਮੁਨੱਸਰ ਕਰੇਗਾ ਕਿ ਅਮਰੀਕਾ ਹਮਲਾ ਕਰਦਾ ਹੈ ਜਾਂ ਨਹੀਂ! ਕਿਉਂਕਿ ਇਸ ਕਿਸਮ ਦੀ ਰਾਏ ਵੀ ਮੱਧਪੂਰਬ ਦੇ ਫੌਜੀ ਮਾਹਿਰਾਂ ਵਿੱਚ ਪਾਈ ਜਾ ਰਹੀ ਹੈ ਕਿ ਅਮਰੀਕਾ ਵੱਲੋਂ ਫੌਜੀ ਤਾਇਨਾਤੀ ਹਮਲਾ ਕਰਨ ਲਈ ਨਹੀਂ, ਸਗੋਂ ਇਰਾਨ 'ਤੇ ਦਬਾਅ ਬਣਾ ਕੇ ਅਮਰੀਕੀ ਸ਼ਰਤਾਂ 'ਤੇ ਸਮਝੌਤਾ ਕਰਨ ਲਈ ਕੀਤੀ ਗਈ ਹੈ। ਇਰਾਨ ਖਿਲਾਫ ਇੱਕ ਛੋਟੀ ਕਾਰਵਾਈ ਨੂੰ ਵੱਡੀ ਦਰਸਾ ਕੇ ਅਮਰੀਕਾ ਆਪਣਾ ਖਹਿੜਾ ਛੁਡਾਉਣ ਦਾ ਯਤਨ ਵੀ ਕਰ ਸਕਦਾ ਹੈ; ਕਿਉਂਕਿ ਚੀਨ ਅਤੇ ਰੂਸ ਇਰਾਨ ਦੇ ਪੱਖ ਵਿੱਚ ਉਤਰ ਆਏ ਹਨ।

ਯਾਦ ਰਹੇ, ਅਮਰੀਕਾ ਦੀ ਮੰਗ ਹੈ ਕਿ ਇਰਾਨ ਆਪਣਾ ਪ੍ਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ ਤਿਆਗੇ ਅਤੇ ਆਪਣੇ ਮਿਜ਼ਾਈਲ ਪ੍ਰੋਗਰਾਮ ਨੂੰ ਬੰਦ ਕਰ ਦੇਵੇ ਜਾਂ ਆਪਣੀਆਂ ਮਿਜ਼ਾਈਲਾਂ ਦੀ ਮਾਰ ਨੂੰ ਘੱਟ ਦੂਰੀ ਤੱਕ ਸੀਮਤ ਕਰੇ। ਇਰਾਨ ਇਨ੍ਹਾਂ ਵਿੱਚੋਂ ਕੋਈ ਮੰਗ ਵੀ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ। ਇਰਾਨ ਦੇ ਵਿਦੇਸ਼ ਮੰਤਰੀ ਅਰਗਾਚੀ ਪਜਿਸ਼ਕੀਅਨ ਨੇ ਆਪਣਾ ਇਹ ਸਟੈਂਡ ਵਾਰ-ਵਾਰ ਦੁਹਰਾਇਆ ਹੈ ਕਿ ਉਨ੍ਹਾਂ ਦਾ ਮੁਲਕ ਪ੍ਰਮਾਣੂ ਬੰਬ ਲਈ ਇਸ ਊਰਜਾ ਦੀ ਵਰਤੋਂ ਨਾ ਕਰਨ ਬਾਰੇ ਸਮਝੌਤਾ ਕਰ ਸਕਦਾ ਹੈ। ਪਰ ਨਾ ਤੇ ਆਪਣਾ ਮਿਜ਼ਾਈਲ ਪ੍ਰੋਗਰਾਮ ਤਿਆਗ ਸਕਦਾ ਅਤੇ ਨਾ ਹੀ ਸਿਵਲ ਮਕਸਦਾਂ ਲਈ ਵਰਤੀ ਜਾਣ ਵਾਲੀ ਊਰਜਾ ਪੈਦਾ ਕਰਨ ਲਈ ਜ਼ਰੂਰੀ ਪ੍ਰਮਾਣੂ ਪ੍ਰੋਗਰਾਮ ਨੂੰ ਬੰਦ ਕਰ ਸਕਦਾ ਹੈ। ਇਸ ਦੇ ਨਾਲ ਹੀ ਇਹ ਸਵੀਕਾਰ ਕੀਤਾ ਜਾ ਰਿਹਾ ਹੈ ਕਿ ਸਮਝੌਤੇ ਤੋਂ ਬਾਅਦ ਇਰਾਨ ਪ੍ਰਮਾਣੂ ਬੰਬ ਨਹੀਂ ਬਣਾਏਗਾ ਅਤੇ ਇਸ ਮਕਸਦ ਲਈ ਅੰਤਰਰਾਸ਼ਟਰੀ ਪ੍ਰਮਾਣੂ ਊਰਜਾ ਏਜੰਸੀ ਨਾਲ ਸਹਿਯੋਗ ਕਰਨ ਲਈ ਵੀ ਤਿਆਰ ਹੈ; ਪਰ ਇਰਾਨ ਦੀ ਸ਼ਰਤ ਹੈ ਕਿ ਇਸ ਬਦਲੇ ਅਮਰੀਕਾ ਅਤੇ ਹੋਰ ਕੌਮਾਂਤਰੀ ਏਜੰਸੀਆਂ ਵੱਲੋਂ ਇਰਾਨ ਖਿਲਾਫ ਲਗਾਈਆਂ ਗਈਆਂ ਆਰਥਕ ਪਾਬੰਦੀਆਂ ਤੁਰੰਤ ਹਟਾਉਣੀਆਂ ਹੋਣਗੀਆਂ।


PRIME PROPERTY MANAGEMENT

Reliable Real Estate Solutions for Smart Investors

PRIME PROPERTY MANAGEMENT

Our Services Include:

- Full-Service Property Management
- Tenant Placement & Screening
- Buying & Selling Representation
- Investment Property Analysis *(Cap Rate, DSCR, Cash Flow)*
- Rental Evaluations & Portfolio Growth Strategy

ਸਾਡੀਆਂ ਸੇਵਾਵਾਂ ਵਿੱਚ ਸ਼ਾਮਲ ਹਨ:

- ਪੂਰੀ-ਸੇਵਾ ਜਾਇਦਾਦ ਪ੍ਰਬੰਧਨ
- ਕਿਰਾਏਦਾਰ ਪਲੇਸਮੈਂਟ ਅਤੇ ਸਕ੍ਰੀਨਿੰਗ
- ਖਰੀਦਦਾਰੀ ਅਤੇ ਵੇਚਣ ਦੀ ਪ੍ਰਤੀਨਿਧਤਾ
- ਨਿਵੇਸ਼ ਜਾਇਦਾਦ ਵਿਸ਼ਲੇਸ਼ਣ *(ਕੈਪ ਦਰ, DSCR, ਨਕਦ ਪ੍ਰਵਾਹ)*
- ਕਿਰਾਏ ਦੇ ਮੁਲੰਕਣ ਤੇ ਪੋਰਟਫੋਲੀਓ ਵਿਕਾਸ ਰਣਨੀਤੀ



ਵਰੁਣ ਮਲਹੋਤਰਾ

ਫੋਨ: 331-203-3733

*(ਸਥਾਨਕ ਨਿਵੇਸ਼ਕ ਅਤੇ ਰੀਅਲ ਅਸਟੇਟ ਪੇਸ਼ੇਵਰ)*

ਭਾਵੇਂ ਤੁਸੀਂ ਨਿਵੇਸ਼ਕ, ਖਰੀਦਦਾਰ ਜਾਂ ਵਿਕਰੇਤਾ ਹੋ - ਅਸੀਂ ਤੁਹਾਨੂੰ ਸੂਚਿਤ ਫੈਸਲੇ ਲੈਣ ਵਿੱਚ ਮਦਦ ਕਰਨ ਲਈ ਡੇਟਾ-ਆਧਾਰਿਤ ਸੂਝ ਪ੍ਰਦਾਨ ਕਰਦੇ ਹਾਂ

Providing professional property management and real estate services across Illinois.

Serving Plainfield, Naperville, Romeoville, Lemont, Oswego & Surrounding Communities

Referrals are always appreciated

*ਸ਼ਿਕਾਗੋਲੈਂਡ ਵਿੱਚ ਰਿਹਾਇਸ਼ੀ ਅਤੇ ਮਿਸ਼ਰਤ-ਵਰਤੋਂ ਵਾਲੀਆਂ ਜਾਇਦਾਦਾਂ ਨੂੰ ਪ੍ਰਾਪਤ ਕਰਨ, ਪ੍ਰਬੰਧਨ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਕੂਲ ਬਣਾਉਣ ਦਾ 10 ਸਾਲਾਂ ਤੋਂ ਵੱਧ ਦਾ ਤਜਰਬਾ...*



Email: varun@primepropertymgnt.com - www.primepropertymgnt.com

# ਏਲੀਅਨ ਅਤੇ ਯੂ.ਐਫ਼.ਓ. ਦੇ ਰਹੱਸ: ਸੱਚ, ਸਿਆਸਤ ਅਤੇ ਸਾਜ਼ਿਸ਼ਾਂ

ਦੁਨੀਆ ਭਰ ਵਿੱਚ ਏਲੀਅਨ ਅਤੇ ਯੂ.ਐਫ਼.ਓ. ਬਾਰੇ ਚਰਚਾ ਸਾਲਾਂ ਤੋਂ ਚੱਲ ਰਹੀ ਹੈ, ਪਰ ਹੁਣ ਇਹ ਮੁੱਦਾ ਇੱਕ ਵਾਰ ਫਿਰ ਅਮਰੀਕੀ ਸਿਆਸਤ ਦੇ ਕੇਂਦਰ ਵਿੱਚ ਆ ਗਿਆ ਹੈ। ਅਮਰੀਕਾ ਦੇ ਰਾਸ਼ਟਰਪਤੀ ਰਹੇ ਡੋਨਾਲਡ ਟਰੰਪ ਨੇ ਹਾਲ ਹੀ ਵਿੱਚ ਐਲਾਨ ਕੀਤਾ ਹੈ ਕਿ ਏਲੀਅਨ ਅਤੇ ਯੂ.ਐਫ਼.ਓ. ਨਾਲ ਜੁੜੀਆਂ ਸਰਕਾਰੀ ਫਾਈਲਾਂ ਜਨਤਕ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਰੱਖਿਆ ਵਿਭਾਗ ਅਤੇ ਹੋਰ ਸਬੰਧਿਤ ਏਜੰਸੀਆਂ ਨੂੰ ਇਸ ਮਾਮਲੇ ਵਿੱਚ ਜਾਣਕਾਰੀ ਸਾਹਮਣੇ ਲਿਆਉਣ ਲਈ ਕਿਹਾ ਜਾਵੇਗਾ। ਟਰੰਪ ਨੇ ਇਸ ਮਾਮਲੇ ਨੂੰ ਦਿਲਚਸਪ ਅਤੇ ਮਹੱਤਵਪੂਰਨ ਦੱਸਿਆ ਹੈ।

ਇਹ ਐਲਾਨ ਉਸ ਸਮੇਂ ਆਇਆ ਹੈ, ਜਦੋਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਇੱਕ ਪੌਡਕਾਸਟ ਵਿੱਚ ਏਲੀਅਨ ਸੰਬੰਧੀ ਟਿੱਪਣੀ ਕੀਤੀ ਸੀ। ਓਬਾਮਾ ਨੇ ਕਿਹਾ ਸੀ ਕਿ ਬ੍ਰਹਿਮੰਡ ਦੀ ਵਿਸ਼ਾਲਤਾ ਨੂੰ ਦੇਖਦਿਆਂ ਬਾਹਰੀ ਜੀਵਨ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ, ਪਰ ਉਨ੍ਹਾਂ ਦੇ ਕਾਰਜਕਾਲ ਦੌਰਾਨ ਏਲੀਅਨ ਦੀ ਮੌਜੂਦਗੀ ਦੇ ਕੋਈ ਢੁਕਵੇਂ ਸਬੂਤ ਨਹੀਂ ਮਿਲੇ। ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਕਿ 'ਏਰੀਆ 51' ਵਿੱਚ ਏਲੀਅਨ ਦੀ ਮ੍ਰਿਤਕ ਦੇਹ ਰੱਖੇ ਜਾਣ ਦੀਆਂ ਗੱਲਾਂ ਬੇਬੁਨਿਆਦ ਹਨ। ਟਰੰਪ ਨੇ ਓਬਾਮਾ ਦੇ ਬਿਆਨ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀ ਗੱਲ ਗੁਪਤ ਜਾਣਕਾਰੀ ਨਾਲ ਜੁੜੀ ਹੋ ਸਕਦੀ ਹੈ ਅਤੇ ਇਸਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ।

### ਯੂ.ਐਫ਼.ਓ. ਜਾਂ ਯੂ.ਏ.ਪੀ. ਕੀ ਹਨ?

ਯੂ.ਐਫ਼.ਓ. ਦਾ ਅਰਥ ਹੈ- 'Unidentified Flying Object' ਯਾਨੀ 'ਅਣਪਛਾਤੀ ਉੱਡਦੀ ਵਸਤੂ।' ਹਾਲੀਆ ਸਾਲਾਂ ਵਿੱਚ ਅਮਰੀਕੀ ਸਰਕਾਰ ਨੇ ਇਸ ਲਈ ਨਵਾਂ ਸ਼ਬਦ "ਯੂ.ਏ.ਪੀ." (Unidentified Aerial Phenomena) ਵਰਤਣਾ ਸ਼ੁਰੂ ਕੀਤਾ ਹੈ। ਭਾਵ ਉਹ ਹਵਾਈ ਘਟਨਾਵਾਂ, ਜਿਨ੍ਹਾਂ ਦੀ ਤੁਰੰਤ ਪਛਾਣ ਨਹੀਂ ਹੋ ਸਕਦੀ।

ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ 2021 ਅਤੇ 2022 ਵਿੱਚ ਕੁਝ ਵੀਡੀਓ ਜਾਰੀ ਕੀਤੀਆਂ ਸਨ, ਜਿਨ੍ਹਾਂ ਵਿੱਚ ਅਣਪਛਾਤੀਆਂ ਹਵਾਈ ਵਸਤੂਆਂ ਨੂੰ ਅਸਧਾਰਨ ਗਤੀ ਅਤੇ ਦਿਸ਼ਾ ਵਿੱਚ ਉੱਡਦਿਆਂ ਦਿਖਾਇਆ ਗਿਆ ਸੀ। ਇਨ੍ਹਾਂ ਘਟਨਾਵਾਂ ਦੀ ਜਾਂਚ ਲਈ ਖ਼ਾਸ ਟਾਸਕ ਫੋਰਸ ਵੀ ਬਣਾਈ ਗਈ ਸੀ। ਹਾਲਾਂਕਿ ਜ਼ਿਆਦਾਤਰ ਮਾਮਲਿਆਂ ਵਿੱਚ ਇਹ ਨਤੀਜਾ ਨਿਕਲਿਆ ਕਿ ਇਹ ਘਟਨਾਵਾਂ ਵਿਦੇਸ਼ੀ ਤਕਨਾਲੋਜੀ, ਡਰੋਨ ਜਾਂ ਕੁਦਰਤੀ ਕਾਰਨਾਂ ਨਾਲ ਜੁੜੀਆਂ ਹੋ ਸਕਦੀਆਂ ਹਨ।



### ਏਰੀਆ 51: ਰਹੱਸ ਦਾ ਕੇਂਦਰ

ਏਲੀਅਨ ਦੀ ਚਰਚਾ ਆਉਂਦੀ ਹੈ ਤਾਂ 'ਏਰੀਆ 51' ਦਾ ਨਾਮ ਜ਼ਰੂਰ ਲਿਆ ਜਾਂਦਾ ਹੈ। ਇਹ ਅਮਰੀਕਾ ਦੇ ਨੇਵਾਡਾ ਰਾਜ ਵਿੱਚ ਸਥਿਤ ਇੱਕ ਗੁਪਤ ਹਵਾਈ ਅੱਡਾ ਹੈ। ਲੰਮੇ ਸਮੇਂ ਤੱਕ ਇਸਦੀ ਮੌਜੂਦਗੀ ਹੀ ਸਰਕਾਰੀ ਤੌਰ 'ਤੇ ਮਨਜ਼ੂਰ ਨਹੀਂ ਕੀਤੀ ਗਈ ਸੀ। 2013 ਵਿੱਚ ਸੀ.ਆਈ.ਏ. ਨੇ ਕੁਝ ਦਸਤਾਵੇਜ਼ ਜਾਰੀ ਕਰ ਕੇ ਦੱਸਿਆ ਕਿ ਸੀਤ ਯੁੱਧ ਦੌਰਾਨ ਇੱਥੇ ਜਾਸੂਸੀ ਜਹਾਜ਼ਾਂ ਜਿਵੇਂ U-2 ਅਤੇ A-12 ਦੇ ਟੈਸਟ ਕੀਤੇ ਜਾਂਦੇ ਸਨ।

ਸਾਲਾਂ ਤੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਇੱਥੇ ਏਲੀਅਨ ਦੀਆਂ ਮ੍ਰਿਤਕ ਦੇਹਾਂ ਜਾਂ ਕਰੈਸ਼ ਹੋਏ ਯੂ.ਐਫ਼.ਓ. ਰੱਖੇ ਗਏ ਹਨ; ਪਰ ਸਰਕਾਰੀ ਤੌਰ 'ਤੇ ਅਜਿਹਾ ਕੋਈ ਸਬੂਤ ਕਦੇ ਸਾਹਮਣੇ ਨਹੀਂ ਆਇਆ।

### ਸਿਆਸਤ ਅਤੇ ਏਲੀਅਨ ਮੁੱਦਾ

ਏਲੀਅਨ ਅਤੇ ਯੂ.ਐਫ਼.ਓ. ਦਾ ਮੁੱਦਾ ਸਿਰਫ਼ ਵਿਗਿਆਨਕ ਚਰਚਾ ਨਹੀਂ, ਸਗੋਂ ਸਿਆਸੀ ਮੰਚ 'ਤੇ ਵੀ ਵਰਤਿਆ ਜਾਂਦਾ ਹੈ। ਟਰੰਪ ਦਾ ਐਲਾਨ ਕੁਝ ਵਿਸ਼ਲੇਸ਼ਕਾਂ ਅਨੁਸਾਰ ਪਾਰਦਰਸ਼ਤਾ ਦੀ ਗੱਲ ਕਰਦਾ ਹੈ, ਜਦਕਿ ਕੁਝ ਇਸਨੂੰ ਰਾਜਨੀਤਿਕ ਰਣਨੀਤੀ ਮੰਨਦੇ ਹਨ। ਅਮਰੀਕਾ ਵਿੱਚ ਸਰਕਾਰੀ ਰਾਜ਼ ਬਾਰੇ ਹਮੇਸ਼ਾ ਚਰਚਾ ਰਹੀ ਹੈ ਅਤੇ ਲੋਕ ਅਕਸਰ ਇਹ ਜਾਣਨਾ ਚਾਹੁੰਦੇ ਹਨ ਕਿ ਕੀ ਸਰਕਾਰ ਕੋਲ ਏਲੀਅਨ ਸੰਬੰਧੀ ਕੋਈ ਛੁਪੀ ਹੋਈ ਜਾਣਕਾਰੀ ਹੈ।

ਦਿਲਚਸਪ ਗੱਲ ਇਹ ਹੈ ਕਿ 2023 ਵਿੱਚ ਅਮਰੀਕੀ ਕਾਂਗਰਸ ਵਿੱਚ ਵੀ ਯੂ.ਐਫ਼.ਓ. ਮਾਮਲੇ 'ਤੇ ਸੁਣਵਾਈ ਹੋਈ ਸੀ, ਜਿੱਥੇ ਕੁਝ ਸਾਬਕਾ ਸੁਰੱਖਿਆ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਸਰਕਾਰ ਕੋਲ ਅਜਿਹੀ ਸਮੱਗਰੀ ਹੈ, ਜਿਸਦੀ ਪੂਰੀ ਜਾਣਕਾਰੀ ਜਨਤਕ ਨਹੀਂ ਕੀਤੀ ਗਈ। ਹਾਲਾਂਕਿ ਇਨ੍ਹਾਂ ਦਾਅਵਿਆਂ ਦੀ ਪੂਰੀ ਤਸਦੀਕ ਨਹੀਂ ਹੋ ਸਕੀ।

### ਵਿਗਿਆਨਕ ਦ੍ਰਿਸ਼ਟੀਕੋਣ

ਵਿਗਿਆਨਕ ਮਾਹਿਰਾਂ ਦਾ ਮੰਨਣਾ ਹੈ ਕਿ ਬ੍ਰਹਿਮੰਡ ਵਿੱਚ ਅਰਬਾਂ ਗਲੈਕਸੀਜ਼ ਹਨ ਅਤੇ ਹਰ ਗਲੈਕਸੀ ਵਿੱਚ ਅਰਬਾਂ ਤਾਰੇ ਹਨ। ਇਸ ਵੱਡੇ ਪੱਧਰ ਨੂੰ ਦੇਖਦਿਆਂ ਇਹ ਸੰਭਵ ਹੈ ਕਿ ਕਿਤੇ ਨਾ ਕਿਤੇ ਜੀਵਨ ਹੋ ਸਕਦਾ ਹੈ। ਨਾਸਾ ਅਤੇ ਹੋਰ ਪੁਲਾੜ ਏਜੰਸੀਆਂ ਮੰਗਲ ਅਤੇ ਹੋਰ ਗ੍ਰਹਿਆਂ 'ਤੇ ਜੀਵਨ ਦੇ ਨਿਸ਼ਾਨ ਲੱਭਣ ਲਈ ਮਿਸ਼ਨ ਭੇਜ ਰਹੀਆਂ ਹਨ; ਪਰ ਅਜੇ ਤੱਕ ਧਰਤੀ 'ਤੇ ਏਲੀਅਨ ਦੇ ਆਉਣ ਦਾ ਕੋਈ ਢੁਕਵਾਂ ਵਿਗਿਆਨਕ ਸਬੂਤ ਨਹੀਂ ਮਿਲਿਆ। ਜ਼ਿਆਦਾਤਰ ਯੂ.ਐਫ਼.ਓ. ਘਟਨਾਵਾਂ ਦੀ ਵਿਆਖਿਆ ਆਮ ਤੌਰ 'ਤੇ ਹਵਾਈ ਜਹਾਜ਼ਾਂ, ਉਪਗ੍ਰਹਿ, ਮੌਸਮੀ ਗੁਬਾਰਿਆਂ ਜਾਂ ਨਜ਼ਰ ਦਾ ਧੋਖਾ ਰਾਹੀਂ ਕੀਤੀ ਗਈ ਹੈ।

### ਲੋਕਧਾਰਾ ਅਤੇ ਸਾਜ਼ਿਸ਼ੀ ਕਹਾਣੀਆਂ

ਏਲੀਅਨ ਦਾ ਵਿਸ਼ਾ ਹਮੇਸ਼ਾ ਫ਼ਿਲਮਾਂ, ਨਾਵਲਾਂ ਅਤੇ ਲੋਕ-ਕਥਾਵਾਂ ਦਾ ਹਿੱਸਾ ਰਿਹਾ ਹੈ। ਹਾਲੀਵੁੱਡ ਦੀਆਂ ਕਈ ਫ਼ਿਲਮਾਂ ਨੇ ਇਸ ਧਾਰਨਾ ਨੂੰ ਹੋਰ ਮਜਬੂਤ ਕੀਤਾ ਹੈ। ਸੋਸ਼ਲ ਮੀਡੀਆ ਦੇ ਯੁੱਗ 'ਚ ਵੀਡੀਓ ਅਤੇ ਅਫ਼ਵਾਹਾਂ ਤੇਜ਼ੀ ਨਾਲ ਫੈਲ ਜਾਂਦੀਆਂ ਹਨ, ਜਿਸ ਨਾਲ ਲੋਕਾਂ ਵਿੱਚ ਰੋਮਾਂਚ ਅਤੇ ਡਰ- ਦੋਵੇਂ ਪੈਦਾ ਹੁੰਦੇ ਹਨ। ਕਈ ਵਾਰ ਸਰਕਾਰਾਂ ਵੱਲੋਂ ਗੁਪਤ ਰੱਖੀਆਂ ਗਈਆਂ ਫੌਜੀ ਤਕਨਾਲੋਜੀਆਂ ਜਾਂ ਟੈਸਟਿੰਗ ਪ੍ਰੋਜੈਕਟਾਂ ਨੂੰ ਵੀ ਲੋਕ ਏਲੀਅਨ ਨਾਲ ਜੋੜ ਦਿੰਦੇ ਹਨ।

### ਅਗਲਾ ਕਦਮ ਕੀ?

ਜੇ ਟਰੰਪ ਦੇ ਐਲਾਨ ਅਨੁਸਾਰ ਫਾਈਲਾਂ ਜਨਤਕ ਹੁੰਦੀਆਂ ਹਨ, ਤਾਂ ਸੰਭਵ ਹੈ ਕਿ ਲੋਕਾਂ ਨੂੰ ਕੁਝ ਨਵੀਂ ਜਾਣਕਾਰੀ ਮਿਲੇ; ਪਰ ਮਾਹਿਰਾਂ ਦਾ ਮੰਨਣਾ ਹੈ ਕਿ ਜ਼ਿਆਦਾਤਰ ਦਸਤਾਵੇਜ਼ਾਂ ਵਿੱਚ ਯੂ.ਐਫ਼.ਓ. ਘਟਨਾਵਾਂ ਦੀ ਸਧਾਰਨ ਵਿਆਖਿਆ ਹੀ ਹੋਵੇਗੀ, ਨਾ ਕਿ ਏਲੀਅਨ ਦੇ ਸਪਸ਼ਟ ਸਬੂਤ। ਇਸ ਮੁੱਦੇ ਨੇ ਇੱਕ ਵਾਰ ਫਿਰ ਸਵਾਲ ਖੜ੍ਹਾ ਕੀਤਾ ਹੈ ਕਿ ਕੀ ਅਸੀਂ ਬ੍ਰਹਿਮੰਡ ਵਿੱਚ ਇਕੱਲੇ ਹਾਂ? ਜਾਂ ਫਿਰ ਅਜੇ ਵੀ ਕਈ ਰਾਜ਼ ਹਨ, ਜੋ ਖੁਲ੍ਹਣੇ ਬਾਕੀ ਹਨ? ਫਿਲਹਾਲ ਵਿਗਿਆਨਕ ਸਬੂਤ ਏਲੀਅਨ ਦੀ ਮੌਜੂਦਗੀ ਨੂੰ ਸਾਬਤ ਨਹੀਂ ਕਰਦੇ, ਪਰ ਖੋਜ ਜਾਰੀ ਹੈ।

ਦਰਅਸਲ ਏਲੀਅਨ ਅਤੇ ਯੂ.ਐਫ਼.ਓ. ਦਾ ਮੁੱਦਾ ਸਿਆਸਤ, ਵਿਗਿਆਨ ਅਤੇ ਲੋਕਧਾਰਾ ਦਾ ਮਿਲਾਪ ਹੈ। ਡੋਨਾਲਡ ਟਰੰਪ ਦਾ ਐਲਾਨ ਇਸ ਚਰਚਾ ਨੂੰ ਇੱਕ ਵਾਰ ਫਿਰ ਹਵਾ ਦੇ ਰਿਹਾ ਹੈ, ਪਰ ਜਦ ਤੱਕ ਢੁਕਵੇਂ ਵਿਗਿਆਨਕ ਸਬੂਤ ਸਾਹਮਣੇ ਨਹੀਂ ਆਉਂਦੇ, ਇਹ ਮੁੱਦਾ ਜ਼ਿਆਦਾਤਰ ਰਾਜ਼ ਕਿਆਸ ਅਰਾਈਆਂ ਅਤੇ ਕਲਪਨਾਵਾਂ ਤੱਕ ਹੀ ਸੀਮਿਤ ਰਹੇਗਾ। ਬ੍ਰਹਿਮੰਡ ਦੀ ਵਿਸ਼ਾਲਤਾ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ, ਪਰ ਸੱਚਾਈ ਦੀ ਖੋਜ ਲਈ ਵਿਗਿਆਨਕ ਪੜਚੋਲ ਅਤੇ ਤੱਥਾਂ ਦੀ ਜਾਂਚ ਹੀ ਸਭ ਤੋਂ ਮਜਬੂਤ ਰਾਹ ਹੈ।

**Matrimonial**

Jat Sikh Grewal family looking for a compatible match for their US born and raised sweet, homely MD working daughter, age 31, height 5'-9", preferably US born and raised doctor or other compatible profession. Height 6' plus please.

Contact 414-737-8624 via text and/or What'sApp only to begin with/email at: ranigrewal72@gmail.com



# ਗਲਗੋਟੀਆ ਯੂਨੀਵਰਸਿਟੀ ਦੀ ਠੱਗੀ ਨੇ ਏ.ਆਈ. ਸੰਮੇਲਨ ਦੀ ਕਰਵਾਈ ਕਿਰਕੀ


***ਚੀਨੀ ਕੰਪਨੀ ਦੇ ਬਣਾਏ ਰੋਬੋਟ 'ਤੇ ਮਾਲਕੀ ਜਤਾਈ *ਰੋਬੋਟ ਬਣਾਉਣ ਵਾਲੀ ਕੰਪਨੀ ਨੇ ਕੱਢੀ ਹਵਾ**

**ਜਸਵੀਰ ਸਿੰਘ ਸ਼ੀਰੀ**

ਨਵੀਂ ਦਿੱਲੀ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਬਾਰੇ ਹੋਈ 'ਇੰਡੀਆ ਏ.ਆਈ. ਇੰਪੈਕਟ ਸੁਮਿਟ (ਸੰਮੇਲਨ) 2026' ਵਿੱਚ ਨੋਇਡਾ ਦੀ ਗਲਗੋਟੀਆ ਯੂਨੀਵਰਸਿਟੀ ਵੱਲੋਂ ਚੀਨ ਦੇ ਬਣੇ ਇੱਕ ਰੋਬੋਟ ਅਤੇ ਦੱਖਣੀ ਕੋਰੀਆ ਦੀ ਬਣੀ ਇੱਕ ਫੁੱਟਬਾਲ ਡਰੋਨ ਨੂੰ ਆਪਣੀ ਯੂਨੀਵਰਸਿਟੀ ਦੇ 'ਸੈਂਟਰ ਆਫ ਐਕਸੀਲੈਂਸ' ਵੱਲੋਂ ਤਿਆਰ ਕੀਤੀ ਗਈ ਦੱਸ ਕੇ ਬੋਲੇ ਗਏ ਝੂਠ ਨੇ ਹਿੰਦੁਸਤਾਨ ਦੀ ਸਾਰੀ ਦੁਨੀਆਂ ਵਿੱਚ ਤੋਏ ਤੋਏ ਕਰਵਾ ਦਿੱਤੀ ਹੈ। ਯੂਨੀਵਰਸਿਟੀ ਦੀ ਇੱਕ ਪ੍ਰੋਫੈਸਰ ਨੇਹਾ ਸਿੰਘ ਨੇ ਉਪਰੋਕਤ ਰੋਬੋਟ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਰੋਬੋ-ਕੁੱਤਾ ਉਨ੍ਹਾਂ ਦੀ ਯੂਨੀਵਰਸਿਟੀ ਦੇ ਸੈਂਟਰ ਆਫ ਐਕਸੀਲੈਂਸ ਵੱਲੋਂ ਬਣਾਇਆ ਗਿਆ ਹੈ। ਪਰ ਸੋਸ਼ਲ ਮੀਡੀਆ 'ਤੇ ਉਦੋਂ ਹਿੰਦੁਸਤਾਨ ਵੱਲੋਂ ਕਰਵਾਏ ਜਾ ਰਹੇ ਏ.ਆਈ. ਸੰਮੇਲਨ ਦੀ ਜ਼ੋਰਦਾਰ ਖਿੱਲੀ ਉੱਡਣ ਲੱਗੀ ਜਦੋਂ ਚੀਨ ਨੇ ਇੰਟਰਨੈਟ 'ਤੇ ਇਹ ਪੋਸਟ ਪਾ ਦਿੱਤੀ ਕਿ ਚਰਚਿਤ ਰੋਬੋਟਿਕ ਕੁੱਤਾ ਚੀਨ ਦੀ ਯੂਨੀਟਰੀ ਕੰਪਨੀ ਵੱਲੋਂ ਬਣਾਇਆ ਗਿਆ ਹੈ ਅਤੇ 2800 ਡਾਲਰ ਵਿੱਚ ਮਾਰਕਿਟ 'ਚ ਮਿਲਦਾ ਹੈ।

ਭਾਵੇਂ ਕਿ ਪਹਿਲਾਂ ਭਾਰਤ ਸਰਕਾਰ ਦੇ ਇਲੈਕਟ੍ਰਾਨਿਕਸ ਅਤੇ ਕਮਿਊਨੀਕੇਸ਼ਨ ਵਿਭਾਗ ਦੇ ਸਕੱਤਰ ਨੇ ਇਸ ਵਿਵਾਦ ਸੰਬੰਧੀ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਬਾਅਦ ਵਿੱਚ ਚੌਤਰਫ ਬਦਖੋਈ ਹੋਣ ਲੱਗੀ ਤਾਂ ਕੇਂਦਰ ਸਰਕਾਰ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ, "ਸਹੀ ਅਤੇ ਅਸਲੀ ਕੰਮ (ਤਕਨੀਕੀ ਪੈਦਾਵਾਰ) ਹੀ ਸੰਮੇਲਨ ਵਿੱਚ ਵਿਖਾਇਆ ਜਾਣਾ ਚਾਹੀਦਾ ਹੈ। ਝੂਠਾ ਪ੍ਰਾਪੇਗੰਡਾ ਫੈਲਾਉਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਦੂਜੇ ਪਾਸੇ ਕਾਂਗਰਸ ਪਾਰਟੀ ਦੇ ਇੱਕ ਬੁਲਾਰੇ ਨੇ ਗਲਗੋਟੀਆ ਯੂਨੀਵਰਸਿਟੀ ਵੱਲੋਂ ਮਾਰੀ ਗਈ ਫੜ੍ਹ ਨੂੰ ਦੇਸ਼ ਦੀ ਮਿੱਟੀ ਪਲੀਤ ਕਰਨ ਵਾਲਾ ਵਰਤਾਰਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਵੱਲੋਂ ਕੁੱਲ ਕੌਮਾਂਤਰੀ ਵਿਗਿਆਨਕ ਖੋਜ ਵਿੱਚ ਪਾਇਆ ਗਿਆ ਹਿੱਸਾ 0.9 ਫੀਸਦੀ ਹੈ। ਉਨ੍ਹਾਂ ਕਿਹਾ ਕਿ ਬੀਤੇ ਸਾਲ ਗਲਗੋਟੀਆ ਯੂਨੀਵਰਸਿਟੀ ਵੱਲੋਂ 1089 ਪੇਟੈਂਟਾਂ ਲਈ ਆਪਣੀ ਅਰਜੀ ਦਰਜ਼ ਕਰਵਾਈ ਗਈ, ਪਰ ਉਸ ਨੂੰ ਇੱਕ ਵੀ ਪੇਟੈਂਟ ਹਾਸਲ ਨਹੀਂ ਹੋਇਆ। ਕਾਂਗਰਸ ਪਾਰਟੀ ਦੇ ਕੌਮੀ ਬੁਲਾਰੇ ਵਨ ਖੇੜਾ ਨੇ ਕਿਹਾ ਕਿ ਇਹ ਸਿਰਫ ਇਸੇ ਯੂਨੀਵਰਸਿਟੀ ਦਾ ਹਾਲ ਨਹੀਂ ਹੈ, ਭਾਰਤੀ ਯੂਨੀਵਰਸਿਟੀਆਂ ਵੱਲੋਂ ਪੇਟੈਂਟ ਲਈ ਅਪਲਾਈ ਕੀਤੀਆਂ ਜਾਣ ਵਾਲੀਆਂ ਬਹੁਤੀਆਂ ਅਰਜ਼ੀਆਂ ਦਾ ਇਹੋ ਜਿਹਾ ਹੀ ਹਾਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਸ ਪਿਛੇ ਮੌਜੂਦਾ ਕੇਂਦਰ ਸਰਕਾਰ ਵੀ ਕਸੂਰਵਾਰ ਹੈ, ਕਿਉਂਕਿ ਕੇਂਦਰੀ ਬਜਟ ਵਿੱਚ 'ਵਿਗਿਆਨਕ ਖੋਜ ਅਤੇ ਵਿਕਾਸ' ਲਈ ਫੰਡ ਲਗਾਤਾਰ ਘਟਾਏ ਜਾ ਰਹੇ ਹਨ।

ਯਾਦ ਰਹੇ, ਗਰੇਟਰ ਨੋਇਡਾ ਦੀ ਗਲਗੋਟੀਆ ਯੂਨੀਵਰਸਿਟੀ ਦੇ ਕਮਿਊਨੀਕੇਸ਼ਨ ਵਿਭਾਗ ਦੀ ਇੱਕ ਪ੍ਰੋਫੈਸਰ ਨੇਹਾ ਸਿੰਘ ਨੇ ਡੀ.ਡੀ. ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਰੋਬੋਟਿਕ ਕੁੱਤਾ ਉਨ੍ਹਾਂ ਦੀ ਸੰਸਥਾ ਦੇ 'ਸੈਂਟਰ ਆਫ ਐਕਸੀਲੈਂਸ' ਵਿੱਚ ਤਿਆਰ ਕੀਤਾ ਗਿਆ ਹੈ। ਪਰ ਪਿੱਛੋਂ ਚੀਨ ਵੱਲੋਂ ਇਹ ਦਾਅਵਾ ਸਾਹਮਣੇ ਆ ਗਿਆ ਕਿ ਇਹ ਕੁੱਤਾ ਉਨ੍ਹਾਂ ਦੀ ਯੂਨੀਟਰੀ ਕੰਪਨੀ ਵੱਲੋਂ ਤਿਆਰ ਕੀਤਾ ਗਿਆ ਹੈ। ਇਹ ਸੂਚਨਾ ਸਾਹਮਣੇ ਆਉਣ ਨਾਲ ਸੋਸ਼ਲ ਮੀਡੀਆ 'ਤੇ ਖ਼ਬਰ ਟਰੈਂਡ ਹੋਣ ਲੱਗੀ ਅਤੇ ਵੱਡੀ ਪੱਧਰ 'ਤੇ ਲੋਕਾਂ ਦੇ ਕੁਮੈਂਟ ਆਉਣ ਲੱਗੇ। ਇੱਕ ਕੌਮਾਂਤਰੀ ਸਾਇੰਸ ਸੰਮੇਲਨ ਵਿੱਚ ਦਿੱਤੀ ਗਈ ਝੂਠੀ ਸੂਚਨਾ ਵਿਰੁੱਧ ਪੋਸਟਾਂ ਦਾ ਹੜ੍ਹ ਆ ਗਿਆ।




ਨੇਹਾ ਸਿੰਘ ਨੇ ਮੀਡੀਆ ਨਾਲ ਗੱਲਬਾਤ ਵਿੱਚ ਇਸ ਰੋਬੋਟ ਦਾ ਨਾਮ 'ਓਰੀਅਨ' ਦੱਸਿਆ ਸੀ, ਜਦਕਿ ਇਸ ਦਾ ਅਸਲ ਨਾਂ ਯੂਨੀਟਰੀ-ਗੋ-2 ਹੈ ਅਤੇ ਚੀਨੀ ਕੰਪਨੀ 'ਯੂਨੀਟਰੀ ਰੋਬੋਟਿਕਸ' ਵੱਲੋਂ ਤਿਆਰ ਕੀਤਾ ਗਿਆ ਹੈ। ਪਰ ਨੇਹਾ ਸਿੰਘ ਨੇ ਬਾਅਦ ਵਿੱਚ ਕਿਹਾ ਕਿ ਇਸ ਮਾਮਲੇ ਵਿੱਚ ਪੱਤਰਕਾਰਾਂ ਨੂੰ ਉਨ੍ਹਾਂ ਵੱਲੋਂ ਦਿੱਤੀ ਗਈ ਸੂਚਨਾ ਸਮਝਣ ਵਿੱਚ ਗਲਤੀ ਲੱਗੀ ਹੈ।

ਜਦੋਂ ਗਲਗੋਟੀਆ ਯੂਨੀਵਰਸਿਟੀ ਬਾਰੇ ਜਾਣਨ ਦਾ ਯਤਨ ਕੀਤਾ ਗਿਆ ਤਾਂ ਪਤਾ ਲੱਗਾ ਕਿ ਇਸ ਦਾ ਮਾਲਕ ਕੁਝ ਸਾਲ ਪਹਿਲਾਂ ਇੱਕ ਕਿਤਾਬਾਂ ਦੀ ਵੱਡੀ ਦੁਕਾਨ ਕਰਦਾ ਸੀ ਅਤੇ ਭਾਰਤੀ ਜਨਤਾ ਪਾਰਟੀ ਦੇ ਨਜ਼ਦੀਕ ਸਮਝਿਆ ਜਾਂਦਾ ਹੈ। ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਮੁਲਾਜ਼ਮਾਂ ਨੂੰ ਭਾਰਤੀ ਜਨਤਾ ਪਾਰਟੀ ਦੇ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਂਦੇ ਵੀ ਵੇਖਿਆ ਗਿਆ ਹੈ। ਇਹ ਯੂਨੀਵਰਸਿਟੀ ਵੀ ਪਿਛਲੇ ਕੁਝ ਸਮੇਂ ਵਿੱਚ ਤੇਜ਼ੀ ਨਾਲ ਵੱਡੀਆਂ ਹੋਈਆਂ ਕਥਿਤ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ, ਜਿਹਤੀਆਂ ਹਰ ਸਰਕਾਰੀ ਹੁਕਮ ਨੂੰ ਸਿਰ ਮੱਥੇ ਸਮਝਣ ਦੀਆਂ ਆਦੀ ਹਨ। ਇੱਕ ਸੋਸ਼ਲ ਪੋਸਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇੱਕ ਪ੍ਰਦਰਸ਼ਨ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀ ਹਿੱਸਾ ਲੈ ਰਹੇ ਸਨ ਅਤੇ ਪੱਤਰਕਾਰਾਂ ਨੇ ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਤੁਹਾਡੇ ਹੱਥਾਂ ਵਿੱਚ ਫੜੀਆਂ ਤਖ਼ਤੀਆਂ 'ਤੇ ਕੀ ਲਿਖਿਆ ਹੋਇਆ ਹੈ ਤਾਂ ਉਹ ਇਹਦੇ ਬਾਰੇ ਕੁਝ ਵੀ ਦੱਸ ਨਹੀਂ ਸਨ ਸਕੇ। ਪੈਸੇ ਲੈ ਕੇ ਨਲਾਇਕ ਵਿਦਿਆਰਥੀਆਂ ਨੂੰ ਇੰਜਨੀਰਿੰਗ ਦੀਆਂ ਡਿਗਰੀਆਂ ਵੰਡਣ ਵਾਲੀਆਂ ਅਜਿਹੀਆਂ ਯੂਨੀਵਰਸਟੀਆਂ ਪਿਛਲੇ 30 ਕੁ ਸਾਲਾਂ ਵਿੱਚ ਦੇਸ਼/ਪੰਜਾਬ ਵਿੱਚ ਖੁੰਬਾਂ ਵਾਂਗ ਉੱਗ ਆਈਆਂ ਹਨ। ਕੁਝ ਸਾਲ ਪਹਿਲਾਂ ਹਿਮਾਚਲ ਦੀ ਇੱਕ ਯੂਨੀਵਰਸਿਟੀ ਵਿੱਚ ਜਾਅਲੀ ਪੀਐਚ.ਡੀ. ਦੀਆਂ ਡਿਗਰੀਆਂ ਵੰਡਣ ਦਾ ਸਕੈਂਡਲ ਵੀ ਸਾਹਮਣੇ ਆਇਆ ਸੀ।

ਕਿਯੂ.ਐਸ. ਵਰਲਡ ਯੂਨੀਵਰਸਿਟੀ ਰੈਂਕਿੰਗ ਅਨੁਸਾਰ ਭਾਰਤ ਦੀਆਂ ਸਿਰਫ ਚਾਰ ਸਾਇੰਸ ਅਤੇ ਟੈਕਨੌਲਜੀ ਸੰਸਥਾਵਾਂ ਦੁਨੀਆਂ ਦੀਆਂ ਪਹਿਲੀਆਂ 100 ਯੂਨੀਵਰਸਟੀਆਂ ਵਿੱਚ ਆਉਂਦੀਆਂ ਹਨ, ਜਿਨ੍ਹਾਂ ਵਿੱਚ ਆਈ.ਆਈ.ਟੀ. ਮੁੰਬਈ, ਇੰਡੀਅਨ ਇੰਸਟੀਚਿਊਟ ਆਫ ਸਾਇੰਸ ਬੈਂਗਲੁਰੂ, ਆਈ.ਆਈ.ਟੀ. ਦਿੱਲੀ ਅਤੇ ਆਈ.ਆਈ.ਟੀ. ਮਦਰਾਸ ਸ਼ਾਮਲ ਹਨ। ਪਰ ਦਿਲਚਸਪ ਤੱਥ ਇਹ ਕਿ ਹਾਲ ਹੀ ਦੇ ਸਾਲਾਂ 'ਚ ਇਨ੍ਹਾਂ ਸੰਸਥਾਵਾਂ ਦੀ ਕੌਮਾਂਤਰੀ ਰੈਂਕਿੰਗ ਵੀ ਹੇਠਾਂ ਵੱਲ ਖਿਸਕੀ ਹੈ।

ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿੱਚ ਰਿਸਰਚ ਪੇਪਰ ਪੇਸ਼ ਕਰਨ ਦੀ ਦ੍ਰਿਸ਼ਟੀ ਤੋਂ ਏਸ਼ੀਆ ਵਿੱਚ ਚੀਨ ਅਤੇ ਜਪਾਨ ਕਾਫੀ ਅੱਗੇ ਹਨ। ਅਸਲ ਵਿੱਚ ਪਿਛਲੇ ਦੋ ਦਹਾਕਿਆਂ ਵਿੱਚ ਵਿਗਿਆਨ ਅਤੇ ਤਕਨੀਕ ਦੀ ਖੋਜ ਦੇ ਖੇਤਰ ਵਿੱਚ ਚੀਨ ਨੇ ਲੀਡ ਲੈ ਲਈ ਹੈ। ਰਿਬੋਟਿਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਮਾਮਲੇ ਵਿੱਚ ਵੀ ਚੀਨ ਨੇ ਹੈਰਾਨਕੁੰਨ ਤਰੱਕੀ ਕੀਤੀ ਹੈ। ਦੁਨੀਆਂ ਦੀਆਂ ਪਹਿਲੀਆਂ 10 ਵਿਗਿਆਨ ਅਤੇ ਤਕਨੀਕ ਨਾਲ ਸੰਬੰਧਤ ਸੰਸਥਾਵਾਂ ਦੀ ਕੌਮਾਂਤਰੀ ਰੈਂਕਿੰਗ ਵਿੱਚ ਜਪਾਨ ਟੀਸੀ ਉੱਤੇ ਬੈਠਾ ਹੈ। ਉਸ ਦੀ ਟੋਕੀਓ-ਯਾਕੋਹਾਮਾ ਯੂਨੀਵਰਸਿਟੀ ਦੁਨੀਆਂ ਵਿੱਚ ਪਹਿਲੇ ਨੰਬਰ 'ਤੇ ਹੈ। ਚੀਨ ਦੀ ਸੁਨ-ਯੈਟ-ਸੇਨ (ਹਾਂਗਕਾਂਗ) ਯੂਨੀਵਰਸਿਟੀ ਦੂਜੇ ਨੰਬਰ 'ਤੇ ਹੈ। ਇਸ ਤੋਂ ਇਲਾਵਾ ਬੀਜਿੰਗ ਦੀ ਤਸਿੰਘੂਆ ਯੂਨੀਵਰਸਿਟੀ, ਕੋਰੀਆ ਦੀ ਸਿਊਲ ਨੈਸ਼ਨਲ ਯੂਨੀਵਰਸਿਟੀ ਅਤੇ ਅਮਰੀਕਾ ਸਟੈਂਡਫੋਰਡ ਯੂਨੀਵਰਸਿਟੀ ਪਹਿਲੀਆਂ ਪੰਜ ਯੂਨੀਵਰਸਟੀਆਂ ਵਿੱਚ ਆਉਂਦੀਆਂ ਹਨ। ਅਗਲੀਆਂ ਪੰਜ ਵਿੱਚ ਵੀ ਚੀਨ ਦੀਆਂ ਤਿੰਨ, ਜਰਮਨੀ ਦੀ ਇੱਕ (ਮੈਕਸ ਪਲੈਂਕ ਸੁਸਾਇਟੀ) ਅਤੇ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਆਉਂਦੀ ਹੈ। ਇਹ ਡੈਟਾ ਹਾਈ ਕੁਆਲਟੀ ਰਿਸਰਚ ਪਬਲੀਕੇਸ਼ਨ 'ਤੇ ਆਧਾਰਤ ਹੈ।

ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਖੋਜ ਵਿਕਾਸ ਦੇ ਖੇਤਰ ਵਿੱਚ ਹਿੰਦੁਸਤਾਨ ਕਿੱਥੇ ਖੜ੍ਹਾ ਹੈ! ਪਿਛਲੇ ਕੁਝ ਸਾਲਾਂ ਵਿੱਚ ਦੇਸ਼ ਦੀ ਬਹੁਗਿਣਤੀ ਦੇ ਧਰਮ 'ਤੇ ਆਧਾਰਤ ਅਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਖੇਡੀ ਗਈ ਸਿਆਸਤ ਨੇ ਯੂਨੀਵਰਸਿਟੀਆਂ ਦੀ ਆਜ਼ਾਦੀ 'ਤੇ ਖ਼ੁਦਮੁਖਤਾਰੀ ਸੀਮਤ ਕਰ ਦਿੱਤੀ ਹੈ। ਜਦੋਂ ਰਾਜ ਕਰ ਰਹੀ ਪਾਰਟੀ ਦੀ ਵਿਚਾਰਧਾਰਾ ਅਨੁਸਾਰ ਯੂਨੀਵਰਸਟੀਆਂ ਦੀ ਖੋਜਬੀਨ ਹੋਣ ਲੱਗੇ ਤਾਂ ਇਸ ਦੇ ਗਲਤ ਸਿੱਟੇ ਨਿਕਲਣੇ ਲਾਜ਼ਮੀ ਹਨ। ਸਿਆਸੀ ਪਾਰਟੀਆਂ ਲਈ ਇੱਕ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਸੱਤਾ ਵਿੱਚ ਆਉਣਾ ਠੀਕ ਹੈ, ਪਰ ਸੱਤਾ ਵਿੱਚ ਆਣ ਕੇ ਆਪਣੀ ਵਿਚਾਰਧਾਰਾ ਯੂਨੀਵਰਸਿਟੀਆਂ ਅਤੇ ਖੋਜ ਬੀਨ ਵਾਲੀਆਂ ਸੰਸਥਾਵਾਂ 'ਤੇ ਥੋਪਣੀ ਬਿਲਕੁਲ ਗਲਤ ਹੈ। ਸਗੋਂ ਯੂਨੀਵਰਸਿਟੀਆਂ ਉਹ ਖ਼ੁਦਮੁਖਤਾਰ ਖੇਤਰ ਹੋਣੀਆਂ ਚਾਹੀਦੀਆਂ ਹਨ, ਜਿੱਥੇ ਸੱਤਾਧਾਰੀ ਵਿਚਾਰਧਾਰਾ ਦੀ ਵੀ ਆਲੋਚਨਾ ਹੋ ਸਕੇ। ਅਸਲ ਖੋਜ ਅਤੇ ਵਿਕਾਸ ਇਸੇ ਤਰ੍ਹਾਂ ਹੋ ਸਕਦਾ ਹੈ।

ਇਸ ਤੋਂ ਇਲਾਵਾ ਸਮਾਜ ਵਿੱਚ ਇੱਕ ਆਮ ਲਿਬਰਲ ਅਤੇ ਸਹਿਣਸ਼ੀਲ ਮਾਹੌਲ ਹੋਣਾ ਵੀ ਬਹੁਤ ਜ਼ਰੂਰੀ ਹੈ। ਇਸ ਦੀ ਅਣਹੋਂਦ ਵਿੱਚ ਵਿਗਿਆਨਕ ਮਾਨਸਿਕਤਾ ਵਿਕਸਤ ਨਹੀਂ ਹੋ ਸਕਦੀ। ਜਿਵੇਂ ਸਾਹਿਤ ਅਤੇ ਧਰਮ ਲਈ ਮਿੱਥਾਂ ਅਤੇ ਕਲਪਨਾ ਮਹੱਤਵਪੂਰਨ ਹੈ, ਉਸੇ ਤਰ੍ਹਾਂ ਵਿਗਿਆਨਕ ਖੋਜ ਲਈ ਤੱਥ ਮਹੱਤਵਪੂਰਨ ਹੁੰਦੇ ਹਨ। ਇਸੇ ਲਈ ਵਿਗਿਆਨਕ ਵਿਕਾਸ ਲਈ ਇੱਕ ਲਿਬਰਲ ਸਮਾਜਕ ਅਤੇ ਸਭਿਆਚਾਰਕ ਵਾਤਾਰਣ ਬੁਨਿਆਦੀ ਹੈ, ਜਿਸ ਦੀ ਅੱਜ ਦੇ ਭਾਰਤ ਵਿੱਚ ਅਣਹੋਂਦ ਹੈ।

# ਕੈਨੇਡਾ ਦੀ ਇਮੀਗ੍ਰੇਸ਼ਨ ਨੀਤੀ 'ਚ ਵੱਡਾ ਬਦਲਾਅ

***2026 ਲਈ ਨਵੀਆਂ ਐਕਸਪ੍ਰੈਸ ਐਂਟਰੀ ਸ਼੍ਰੇਣੀਆਂ ਦਾ ਐਲਾਨ**

**ਪੰਜਾਬੀ ਪਰਵਾਜ਼ ਬਿਊਰੋ**

ਕੈਨੇਡਾ ਸਰਕਾਰ ਨੇ 2026 ਲਈ ਆਪਣੀ ਇਮੀਗ੍ਰੇਸ਼ਨ ਨੀਤੀ ਵਿੱਚ ਮਹੱਤਵਪੂਰਨ ਤਬਦੀਲੀਆਂ ਦਾ ਐਲਾਨ ਕੀਤਾ ਹੈ। ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਗੇ ਡਾਇਬ ਨੇ ਨਵੀਆਂ "ਐਕਸਪ੍ਰੈਸ ਐਂਟਰੀ" ਸ਼੍ਰੇਣੀਆਂ ਜਾਰੀ ਕਰਦਿਆਂ ਕਿਹਾ ਕਿ ਦੇਸ਼ ਨੂੰ ਭਵਿੱਖ ਲਈ ਮਜਬੂਤ ਬਣਾਉਣ ਵਾਸਤੇ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਸਥਾਈ ਨਾਗਰਿਕਤਾ (ਪੀ.ਆਰ.) ਦਾ ਰਸਤਾ ਹੋਰ ਸਪੱਸ਼ਟ ਅਤੇ ਆਸਾਨ ਕੀਤਾ ਜਾ ਰਿਹਾ ਹੈ।

ਕੈਨੇਡਾ ਪਿਛਲੇ ਕੁਝ ਸਾਲਾਂ ਤੋਂ ਦੁਨੀਆ ਦੇ ਸਭ ਤੋਂ ਖਿੱਚ ਪਾਊ ਇਮੀਗ੍ਰੇਸ਼ਨ ਮੁਲਕਾਂ ਵਿੱਚ ਸ਼ਾਮਲ ਹੈ। 2023 ਵਿੱਚ ਲਗਭਗ 4.7 ਲੱਖ ਨਵੇਂ ਪਰਵਾਸੀਆਂ ਨੂੰ ਸਥਾਈ ਨਿਵਾਸ ਦਿੱਤਾ ਗਿਆ ਸੀ, ਜਦਕਿ ਸਰਕਾਰ ਦਾ ਟੀਚਾ 2025 ਤੱਕ ਹਰ ਸਾਲ ਕਰੀਬ 5 ਲੱਖ ਨਵੇਂ ਪਰਵਾਸੀ ਵਸਾਉਣ ਦਾ ਸੀ। 2026 ਦੀਆਂ ਨਵੀਆਂ ਸ਼੍ਰੇਣੀਆਂ ਇਸ ਲੰਬੇ ਅਰਸੇ ਦੀ ਯੋਜਨਾ ਦਾ ਹਿੱਸਾ ਹਨ, ਜਿਸਦਾ ਮਕਸਦ ਦੇਸ਼ ਦੀ ਬੁੱਢੀ ਹੋ ਰਹੀ ਆਬਾਦੀ ਅਤੇ ਹੁਨਰਮੰਦ ਮਜ਼ਦੂਰਾਂ ਦੀ ਘਾਟ ਨੂੰ ਸੰਤੁਲਿਤ ਕਰਨਾ ਹੈ।

**ਕੀ ਹੈ ਨਵਾਂ ਬਦਲਾਅ?:** ਇਸ ਵਾਰ ਸਭ ਤੋਂ ਵੱਡੀ ਤਬਦੀਲੀ ਇਹ ਹੈ ਕਿ ਚੋਣ ਸਿਰਫ ਸੀ.ਆਰ.ਐਸ. ਸਕੋਰ 'ਤੇ ਨਿਰਭਰ ਨਹੀਂ ਰਹੇਗੀ। ਹੁਣ "ਕੈਟੇਗਰੀ-ਆਧਾਰਿਤ ਡਰਾਅ" ਰਾਹੀਂ ਖਾਸ ਪੇਸ਼ਾਵਰ ਖੇਤਰਾਂ ਦੇ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਜਾਵੇਗੀ।

ਨਵੀਆਂ ਸ਼੍ਰੇਣੀਆਂ ਵਿੱਚ ਇਹ ਖੇਤਰ ਮੁੱਖ ਹਨ: ਡਾਕਟਰ ਤੇ ਨਰਸਾਂ; ਰਿਸਰਚਰ ਤੇ ਵਿਗਿਆਨੀ; ਸੀਨੀਅਰ ਮੈਨੇਜਰ; ਪਾਇਲਟ ਤੇ ਏਅਰਕ੍ਰਾਫਟ ਮਕੈਨਿਕ ਅਤੇ ਰੱਖਿਆ ਖੇਤਰ ਦੇ ਮਾਹਰ।

ਸਰਕਾਰ ਵੱਲੋਂ 1.7 ਅਰਬ ਡਾਲਰ ਦੀ ਇੱਕ ਵਿਸ਼ੇਸ਼ ਯੋਜਨਾ ਦਾ ਵੀ ਐਲਾਨ ਕੀਤਾ ਗਿਆ ਹੈ, ਜਿਸ ਅਧੀਨ ਵਿਸ਼ਵ ਪੱਧਰ ਦੇ ਵਿਗਿਆਨੀਆਂ ਅਤੇ ਰਿਸਰਚਰਾਂ ਨੂੰ ਕੈਨੇਡਾ ਵਿੱਚ ਸਥਾਈ ਤੌਰ 'ਤੇ ਵਸਾਉਣ ਲਈ ਆਰਥਿਕ ਸਹਾਇਤਾ ਦਿੱਤੀ ਜਾਵੇਗੀ। ਇਹ ਕਦਮ ਇਨੋਵੇਸ਼ਨ, ਟੈਕਨੋਲੋਜੀ ਅਤੇ ਰਿਸਰਚ ਖੇਤਰ ਨੂੰ ਮਜਬੂਤ ਕਰਨ ਵਾਸਤੇ ਉਠਾਇਆ ਗਿਆ ਹੈ।

**ਤਜਰਬੇ ਅਤੇ ਯੋਗਤਾ ਦੀਆਂ ਨਵੀਆਂ ਸ਼ਰਤਾਂ:** ਹੁਣ ਘੱਟੋ-ਘੱਟ 1 ਸਾਲ ਦਾ ਕੰਮ ਦਾ ਤਜਰਬਾ ਲਾਜ਼ਮੀ ਹੋਵੇਗਾ, ਜਦਕਿ ਪਹਿਲਾਂ 6 ਮਹੀਨੇ ਕਾਫ਼ੀ ਸਨ। ਹਾਲਾਂਕਿ ਇਹ ਤਜਰਬਾ ਲਗਾਤਾਰ ਹੋਣਾ ਜ਼ਰੂਰੀ ਨਹੀਂ, ਜਿਸ ਨਾਲ ਕਈ ਉਮੀਦਵਾਰਾਂ ਨੂੰ ਰਾਹਤ ਮਿਲ ਸਕਦੀ ਹੈ। ਸਰਕਾਰ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਹੁਣ ਜਨਰਲ ਡਰਾਅ ਦੀ ਬਜਾਏ ਖਾਸ ਖੇਤਰਾਂ ਲਈ ਵੱਖ-ਵੱਖ ਡਰਾਅ ਕੱਢੇ ਜਾਣਗੇ। ਜਿਸ ਖੇਤਰ ਵਿੱਚ ਜ਼ਿਆਦਾ ਮੰਗ ਹੋਵੇਗੀ, ਉਸੇ ਖੇਤਰ ਦੇ ਉਮੀਦਵਾਰਾਂ ਨੂੰ ਪਹਿਲ ਦਿੱਤੀ ਜਾਵੇਗੀ।

**ਕਿਹੜੇ ਖੇਤਰ ਬਾਹਰ ਹੋਏ?:** ਖੇਤੀਬਾੜੀ ਅਤੇ ਐਗਰੀ-ਫੂਡ ਸ਼੍ਰੇਣੀ ਨੂੰ 2026 ਦੀ ਸੂਚੀ ਤੋਂ ਹਟਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ "ਟ੍ਰੇਡ" ਸ਼੍ਰੇਣੀ ਵਿੱਚੋਂ ਕੁਕ ਨੂੰ ਵੀ ਬਾਹਰ ਕਰ ਦਿੱਤਾ ਗਿਆ ਹੈ। ਇਸ ਨਾਲ ਖਾਸ ਕਰ ਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਝਟਕਾ ਲੱਗ ਸਕਦਾ ਹੈ, ਜੋ ਕੈਨੇਡਾ ਵਿੱਚ ਪੜ੍ਹਾਈ ਤੋਂ ਬਾਅਦ ਰਸੋਈਏ ਵਜੋਂ ਤਜਰਬਾ ਹਾਸਲ ਕਰਦੇ ਸਨ।

**ਭਾਰਤੀਆਂ ਲਈ ਮੌਕੇ ਅਤੇ ਚੁਣੌਤੀਆਂ:** ਕੈਨੇਡਾ ਵਿੱਚ ਭਾਰਤੀ ਪਰਵਾਸੀਆਂ ਦੀ ਹਿੱਸੇਦਾਰੀ ਸਭ ਤੋਂ ਵੱਧ ਹੈ। 2023 ਦੇ ਅੰਕੜਿਆਂ ਮੁਤਾਬਕ ਲਗਭਗ 1.2 ਲੱਖ ਭਾਰਤੀ ਨਾਗਰਿਕਾਂ ਨੂੰ ਸਥਾਈ ਨਿਵਾਸ ਮਿਲਿਆ। ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ 3 ਲੱਖ ਤੋਂ ਵੱਧ ਦੱਸੀ ਜਾਂਦੀ ਹੈ।




ਨਵੇਂ ਨਿਯਮਾਂ ਦੇ ਤਹਿਤ ਸਾਫਟਵੇਅਰ ਇੰਜੀਨੀਅਰ, ਡਾਟਾ ਸਾਇੰਟਿਸਟ ਅਤੇ ਸਾਇਬਰ ਸੁਰੱਖਿਆ ਵਿਸ਼ੇਸ਼ ਗਿਆਨ ਲਈ ਮੌਕੇ ਬਣੇ ਰਹਿਣਗੇ। ਫਰੈਂਚ ਭਾਸ਼ਾ ਜਾਣਨ ਵਾਲਿਆਂ ਨੂੰ ਵੱਡੀ ਤਰਜੀਹ ਮਿਲੇਗੀ, ਕਿਉਂਕਿ ਕਿਊਬੈਕ ਅਤੇ ਹੋਰ ਫਰੈਂਚ-ਭਾਸ਼ੀ ਖੇਤਰਾਂ ਵਿੱਚ ਮਾਹਰਾਂ ਦੀ ਮੰਗ ਹੈ। ਸਿਹਤ ਖੇਤਰ ਵਿੱਚ ਕੰਮ ਕਰ ਰਹੇ ਭਾਰਤੀ ਡਾਕਟਰਾਂ ਅਤੇ ਨਰਸਾਂ ਲਈ ਖਾਸ ਡਰਾਅ ਨਿਕਲ ਸਕਦੇ ਹਨ।

**ਆਰਥਿਕ ਅਤੇ ਸਮਾਜਿਕ ਪ੍ਰਭਾਵ:** ਮਾਹਿਰਾਂ ਦਾ ਮੰਨਣਾ ਹੈ ਕਿ ਇਹ ਬਦਲਾਅ ਕੈਨੇਡਾ ਦੀ ਆਰਥਿਕਤਾ ਨੂੰ ਲੰਬੇ ਸਮੇਂ ਲਈ ਮਜਬੂਤ ਕਰ ਸਕਦੇ ਹਨ। ਟੈਕ ਅਤੇ ਰਿਸਰਚ ਖੇਤਰ ਪਹਿਲਾਂ ਹੀ ਜੀ.ਡੀ.ਪੀ. ਵਿੱਚ ਲਗਭਗ 5 ਫ਼ੀਸਦੀ ਯੋਗਦਾਨ ਪਾ ਰਹੇ ਹਨ। ਜੇਕਰ ਉੱਚ ਹੁਨਰ ਵਾਲੇ ਵਿਦੇਸ਼ੀ ਮਾਹਰ ਵੱਧ ਗਿਣਤੀ ਵਿੱਚ ਆਉਂਦੇ ਹਨ ਤਾਂ ਨਵੀਆਂ ਨੌਕਰੀਆਂ, ਸਟਾਰਟਅਪ ਅਤੇ ਨਵੀਨ ਤਕਨਾਲੋਜੀ ਨੂੰ ਹੋਰ ਗਤੀ ਮਿਲੇਗੀ।

ਨਾਲ ਹੀ, ਕੁਝ ਵਿਦਿਆਰਥੀ ਸੰਸਥਾਵਾਂ ਅਤੇ ਮਾਈਗ੍ਰੇਸ਼ਨ ਕੰਸਲਟੈਂਟਾਂ ਨੇ ਚਿੰਤਾ ਜਤਾਈ ਹੈ ਕਿ ਕਈ ਮੱਧਮ ਦਰਜੇ ਦੇ ਹੁਨਰ ਵਾਲੇ ਉਮੀਦਵਾਰਾਂ ਲਈ ਰਸਤਾ ਔਖਾ ਹੋ ਸਕਦਾ ਹੈ। ਇਸ ਕਰ ਕੇ ਭਵਿੱਖ ਵਿੱਚ ਮੁਕਾਬਲਾ ਹੋਰ ਤਿੱਖਾ ਹੋਣ ਦੀ ਸੰਭਾਵਨਾ ਹੈ। ਕੁੱਲ ਮਿਲਾ ਕੇ 2026 ਲਈ ਐਕਸਪ੍ਰੈਸ ਐਂਟਰੀ ਵਿੱਚ ਕੀਤੇ ਗਏ ਇਹ ਬਦਲਾਅ ਇੱਕ ਨਵੀਂ ਰਣਨੀਤਿਕ ਦਿਸ਼ਾ ਦਰਸਾਉਂਦੇ ਹਨ। ਹੁਣ ਧਿਆਨ ਸਿਰਫ ਗਿਣਤੀ ਵਧਾਉਣ 'ਤੇ ਨਹੀਂ, ਸਗੋਂ ਗੁਣਵੱਤਾ ਅਤੇ ਖਾਸ ਖੇਤਰਾਂ ਦੀ ਲੋੜ 'ਤੇ ਹੈ।

ਭਾਰਤੀ ਨੌਜਵਾਨਾਂ ਲਈ ਇਹ ਸਮਾਂ ਆਪਣੇ ਹੁਨਰ ਨੂੰ ਨਿਖਾਰਨ, ਤਕਨੀਕੀ ਤੇ ਭਾਸ਼ਾਈ ਯੋਗਤਾ ਵਧਾਉਣ ਅਤੇ ਲੰਬੇ ਸਮੇਂ ਦੀ ਯੋਜਨਾ ਬਣਾਉਣ ਦਾ ਹੈ। ਜੋ ਉਮੀਦਵਾਰ ਉੱਚ ਤਕਨੀਕੀ ਖੇਤਰਾਂ, ਸਿਹਤ ਸੇਵਾ ਜਾਂ ਰਿਸਰਚ ਨਾਲ ਜੁੜੇ ਹਨ, ਉਨ੍ਹਾਂ ਲਈ ਦਰਵਾਜ਼ੇ ਖੁੱਲੇ ਹਨ। ਪਰ ਹੋਰ ਖੇਤਰਾਂ ਵਿੱਚ ਮੌਕੇ ਘੱਟ ਹੋ ਸਕਦੇ ਹਨ। ਆਉਣ ਵਾਲੇ ਮਹੀਨਿਆਂ ਵਿੱਚ ਜਦੋਂ ਪਹਿਲੇ ਕੈਟੇਗਰੀ-ਆਧਾਰਿਤ ਡਰਾਅ ਸਾਹਮਣੇ ਆਉਣਗੇ, ਤਦ ਹੀ ਸਪੱਸ਼ਟ ਹੋਵੇਗਾ ਕਿ ਇਹ ਨਵੀਂ ਨੀਤੀ ਹਕੀਕਤ ਵਿੱਚ ਕਿੰਨੀ ਪ੍ਰਭਾਵਸ਼ਾਲੀ ਸਾਬਤ ਹੁੰਦੀ ਹੈ।

# ਦੁਨੀਆ ਤੀਜੇ ਵਿਸ਼ਵ ਯੁੱਧ ਦੇ ਡਰ ਹੇਠ

## *ਪੱਛਮੀ ਦੇਸ਼ਾਂ ਦੇ ਲੋਕਾਂ ਵਿੱਚ ਵਧ ਰਹੀ ਬੇਚੈਨੀ, ਸਰਵੇਖਣ ਨੇ ਦਿੱਤੀ ਗੰਭੀਰ ਚੇਤਾਵਨੀ

**ਪੰਜਾਬੀ ਪਰਵਾਜ਼ ਬਿਊਰੋ**

ਪੱਛਮੀ ਦੇਸ਼ਾਂ ਵਿੱਚ ਰਹਿੰਦੇ ਲੱਖਾਂ ਲੋਕਾਂ ਨੂੰ ਲੱਗਦਾ ਹੈ ਕਿ ਮਨੁੱਖਤਾ ਇੱਕ ਵਾਰ ਫਿਰ ਵੱਡੇ ਵਿਸ਼ਵ ਯੁੱਧ ਦੇ ਕਿਨਾਰੇ ਖੜ੍ਹੀ ਹੈ। ਇਹ ਚਿੰਤਾਜਨਕ ਗੱਲ ਇੱਕ ਤਾਜ਼ਾ ਅੰਤਰਰਾਸ਼ਟਰੀ ਸਰਵੇਖਣ ਵਿੱਚ ਸਾਹਮਣੇ ਆਈ ਹੈ, ਜਿਸ ਵਿੱਚ ਅਮਰੀਕਾ, ਕੈਨੇਡਾ, ਬ੍ਰਿਟੇਨ, ਫਰਾਂਸ ਅਤੇ ਜਰਮਨੀ ਦੇ ਲੋਕਾਂ ਦੀ ਰਾਇ ਲਈ ਗਈ। ਜ਼ਿਆਦਾਤਰ ਲੋਕਾਂ ਨੇ ਕਿਹਾ ਕਿ ਮੌਜੂਦਾ ਹਾਲਾਤ ਤੇਜ਼ੀ ਨਾਲ ਇੱਕ ਵੱਡੇ ਟਕਰਾਅ ਵੱਲ ਵਧ ਰਹੇ ਹਨ।

ਇਹ ਸਰਵੇਖਣ ਪ੍ਰਸਿੱਧ ਅੰਤਰਰਾਸ਼ਟਰੀ ਰਾਜਨੀਤਿਕ ਮੀਡੀਆ ਤੇ ਰਿਸਰਚ ਪਲੈਟਫਾਰਮ ਪੋਲਿਟਿਕੋ (Politico) ਵੱਲੋਂ ਕਰਵਾਇਆ ਗਿਆ ਹੈ। ਪੋਲਿਟਿਕੋ ਅਮਰੀਕਾ ਅਤੇ ਯੂਰਪ ਆਧਾਰਿਤ ਇੱਕ ਮਸ਼ਹੂਰ ਮੀਡੀਆ ਸੰਸਥਾ ਹੈ, ਜਿਸ ਦਾ ਮੁੱਖ ਦਫ਼ਤਰ ਵਾਸ਼ਿੰਗਟਨ ਡੀ.ਸੀ. ਅਤੇ ਬ੍ਰੱਸਲਜ਼ ਵਿੱਚ ਹੈ। ਇਹ ਸੰਸਥਾ ਅੰਤਰਰਾਸ਼ਟਰੀ ਰਾਜਨੀਤੀ, ਸੁਰੱਖਿਆ, ਯੂਰਪੀ ਸੰਘ ਅਤੇ ਨਾਟੋ ਵਰਗੀਆਂ ਸੰਸਥਾਵਾਂ ਬਾਰੇ ਸਰਵੇਖਣ ਤੇ ਵਿਸ਼ਲੇਸ਼ਣ ਕਰਦੀ ਹੈ। ਇਸ ਦੇ ਸਰਵੇਖਣਾਂ ਨੂੰ ਵਿਸ਼ਵ ਪੱਧਰ 'ਤੇ ਗੰਭੀਰਤਾ ਨਾਲ ਲਿਆ ਜਾਂਦਾ ਹੈ।

**ਲੋਕਾਂ ਵਿੱਚ ਵਧ ਰਹੀ ਜੰਗ ਦੀ ਚਿੰਤਾ**

ਸਰਵੇਖਣ ਦੇ ਨਤੀਜਿਆਂ ਅਨੁਸਾਰ ਪੱਛਮੀ ਦੇਸ਼ਾਂ ਦੇ ਵੱਡੇ ਹਿੱਸੇ ਨੂੰ ਲੱਗਦਾ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਤੀਜਾ ਵਿਸ਼ਵ ਯੁੱਧ ਹੋ ਸਕਦਾ ਹੈ। ਅਮਰੀਕਾ, ਕੈਨੇਡਾ, ਫਰਾਂਸ ਅਤੇ ਬ੍ਰਿਟੇਨ ਦੇ ਬਹੁਤ ਸਾਰੇ ਲੋਕਾਂ ਨੇ ਮੰਨਿਆ ਕਿ ਦੁਨੀਆ ਤੇਜ਼ੀ ਨਾਲ ਖ਼ਤਰਨਾਕ ਮੋੜ 'ਤੇ ਪਹੁੰਚ ਰਹੀ ਹੈ। ਇਹ ਸਰਵੇਖਣ 6 ਫ਼ਰਵਰੀ ਤੋਂ 9 ਫ਼ਰਵਰੀ ਦੇ ਵਿਚਕਾਰ ਕੀਤਾ ਗਿਆ ਸੀ, ਜਿਸ ਵਿੱਚ ਹਰ ਦੇਸ਼ ਤੋਂ 2000 ਤੋਂ ਵੱਧ ਲੋਕਾਂ ਦੀ ਰਾਇ ਲਈ ਗਈ। ਇਹ ਇੱਕ ਵੱਡਾ ਅਤੇ ਵਿਗਿਆਨਕ ਸਰਵੇਖਣ ਮੰਨਿਆ ਜਾਂਦਾ ਹੈ।

ਬ੍ਰਿਟੇਨ ਦੇ 43 ਫ਼ੀਸਦੀ ਲੋਕਾਂ ਨੇ ਕਿਹਾ ਕਿ 2031 ਤੱਕ ਇੱਕ ਨਵਾਂ ਵਿਸ਼ਵ ਯੁੱਧ ਹੋਣ ਦੀ ਬਹੁਤ ਜ਼ਿਆਦਾ ਸੰਭਾਵਨਾ ਹੈ। ਇਸੇ ਤਰ੍ਹਾਂ ਅਮਰੀਕਾ ਦੇ 46 ਫ਼ੀਸਦੀ ਲੋਕਾਂ ਨੇ ਵੀ ਇਹੀ ਡਰ ਜਤਾਇਆ। ਕੈਨੇਡਾ ਅਤੇ ਫਰਾਂਸ ਵਿੱਚ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਹ ਮੰਨਿਆ ਕਿ ਦੁਨੀਆ ਵੱਡੇ ਯੁੱਧ ਵੱਲ ਵਧ ਰਹੀ ਹੈ। ਸਿਰਫ਼ ਜਰਮਨੀ ਹੀ ਇੱਕ ਅਜਿਹਾ ਦੇਸ਼ ਸੀ, ਜਿੱਥੇ ਲੋਕਾਂ ਵਿੱਚ ਇਹ ਡਰ ਕੁਝ ਘੱਟ ਸੀ। ਉੱਥੇ ਕਾਫ਼ੀ ਲੋਕਾਂ ਨੂੰ ਲੱਗਦਾ ਹੈ ਕਿ ਤੁਰੰਤ ਵਿਸ਼ਵ ਯੁੱਧ ਦੀ ਸੰਭਾਵਨਾ ਘੱਟ ਹੈ।

**ਪਰਮਾਣੂ ਹਥਿਆਰਾਂ ਦੇ ਇਸਤੇਮਾਲ ਦਾ ਵੀ ਡਰ**

ਸਰਵੇਖਣ ਵਿੱਚ ਇੱਕ ਹੋਰ ਗੰਭੀਰ ਗੱਲ ਸਾਹਮਣੇ ਆਈ ਹੈ। ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਕੈਨੇਡਾ ਦੇ ਘੱਟੋ-ਘੱਟ ਤਿੰਨ ਵਿੱਚੋਂ ਇੱਕ ਵਿਅਕਤੀ ਨੂੰ ਲੱਗਦਾ ਹੈ ਕਿ ਅਗਲੇ ਪੰਜ ਸਾਲਾਂ ਵਿੱਚ ਪਰਮਾਣੂ ਹਥਿਆਰਾਂ ਦਾ ਇਸਤੇਮਾਲ ਵੀ ਹੋ ਸਕਦਾ ਹੈ।

ਦੁਨੀਆ ਵਿੱਚ ਇਸ ਸਮੇਂ ਅਮਰੀਕਾ, ਰੂਸ, ਚੀਨ, ਫਰਾਂਸ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਕੋਲ ਹਜ਼ਾਰਾਂ ਪਰਮਾਣੂ ਹਥਿਆਰ ਹਨ। ਅੰਕੜਿਆਂ ਅਨੁਸਾਰ ਦੁਨੀਆ ਵਿੱਚ ਕੁੱਲ



12,000 ਤੋਂ ਵੱਧ ਪਰਮਾਣੂ ਹਥਿਆਰ ਮੌਜੂਦ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਅਮਰੀਕਾ ਅਤੇ ਰੂਸ ਕੋਲ ਹਨ। ਜੇਕਰ ਇਨ੍ਹਾਂ ਦਾ ਇਸਤੇਮਾਲ ਹੁੰਦਾ ਹੈ ਤਾਂ ਮਨੁੱਖਤਾ ਲਈ ਵੱਡਾ ਸੰਕਟ ਪੈਦਾ ਹੋ ਸਕਦਾ ਹੈ।

**ਯੂਰਪ ਲਈ ਰੂਸ ਸਭ ਤੋਂ ਵੱਡਾ ਖ਼ਤਰਾ**

ਯੂਰਪ ਦੇ ਲੋਕਾਂ ਨੇ ਰੂਸ ਨੂੰ ਆਪਣੇ ਲਈ ਸਭ ਤੋਂ ਵੱਡਾ ਖ਼ਤਰਾ ਦੱਸਿਆ ਹੈ। ਯੂਕਰੇਨ 'ਤੇ ਰੂਸ ਦੇ ਹਮਲੇ ਤੋਂ ਬਾਅਦ ਯੂਰਪ ਵਿੱਚ ਡਰ ਅਤੇ ਤਣਾਅ ਕਾਫ਼ੀ ਵਧ ਗਿਆ ਹੈ। ਇਹ ਜੰਗ 2022 ਤੋਂ ਲਗਾਤਾਰ ਜਾਰੀ ਹੈ ਅਤੇ ਇਸ ਕਾਰਨ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਨਾਟੋ ਦੇਸ਼ਾਂ ਨੇ ਯੂਕਰੇਨ ਦੀ ਮਦਦ ਲਈ ਅਰਬਾਂ ਡਾਲਰ ਦੀ ਸੈਨਿਕ ਅਤੇ ਆਰਥਿਕ ਸਹਾਇਤਾ ਦਿੱਤੀ ਹੈ। ਇਸ ਨਾਲ ਰੂਸ ਅਤੇ ਪੱਛਮੀ ਦੇਸ਼ਾਂ ਵਿੱਚ ਟਕਰਾਅ ਹੋਰ ਵਧ ਗਿਆ ਹੈ।

ਦੂਜੇ ਪਾਸੇ ਕੈਨੇਡਾ ਦੇ ਕੁਝ ਲੋਕਾਂ ਨੇ ਅਮਰੀਕਾ ਨੂੰ ਵੀ ਆਪਣੀ ਸੁਰੱਖਿਆ ਲਈ ਖ਼ਤਰਾ ਮੰਨਿਆ ਹੈ। ਇਸ ਨਾਲ ਪੱਛਮੀ ਦੇਸ਼ਾਂ ਵਿੱਚ ਆਪਸੀ ਭਰੋਸੇ ਦੀ ਕਮੀ ਵੀ ਸਾਹਮਣੇ ਆ ਰਹੀ ਹੈ।

**ਲੋਕਾਂ ਵਿੱਚ ਵਧ ਰਹੀ ਅਸੁਰੱਖਿਆ ਦੀ ਭਾਵਨਾ**

ਸਰਵੇਖਣ ਨਾਲ ਜੁੜੇ ਮਾਹਰ ਸੇਬ ਰਾਈਡ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਵਿੱਚ ਲੋਕਾਂ ਦੇ ਵਿਚਾਰਾਂ ਵਿੱਚ ਵੱਡਾ ਬਦਲਾਅ ਆਇਆ ਹੈ। ਲੋਕਾਂ ਨੂੰ ਲੱਗਦਾ ਹੈ ਕਿ ਦੁਨੀਆ ਪਹਿਲਾਂ ਨਾਲੋਂ ਜ਼ਿਆਦਾ ਅਸੁਰੱਖਿਅਤ ਹੋ ਗਈ ਹੈ। ਉਨ੍ਹਾਂ ਅਨੁਸਾਰ, ਅੱਜ ਦੇ ਸਮੇਂ ਵਿੱਚ ਵਿਸ਼ਵ ਪੱਧਰ 'ਤੇ ਗਠਜੋੜ ਕਮਜ਼ੋਰ ਹੋ ਰਹੇ ਹਨ ਅਤੇ ਦੇਸ਼ ਆਪਸੀ ਟਕਰਾਅ ਵੱਲ ਵਧ ਰਹੇ ਹਨ। ਇਸ ਨਾਲ ਲੋਕਾਂ ਵਿੱਚ ਡਰ ਅਤੇ ਬੇਭਰੋਸਗੀ ਰਹੀ ਹੈ।

**ਰੱਖਿਆ ਖਰਚੇ ਵਿੱਚ ਭਾਰੀ ਵਾਧਾ**

ਦੁਨੀਆ ਦੇ ਕਈ ਦੇਸ਼ਾਂ ਨੇ ਆਪਣੇ ਰੱਖਿਆ ਖਰਚੇ ਵਿੱਚ ਵੱਡਾ ਵਾਧਾ ਕੀਤਾ ਹੈ। 2024 ਵਿੱਚ ਦੁਨੀਆ ਦਾ ਕੁੱਲ ਸੈਨਿਕ ਖਰਚਾ 2.4 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ, ਜੋ ਇਤਿਹਾਸ ਵਿੱਚ ਸਭ ਤੋਂ ਵੱਧ ਹੈ।

ਅਮਰੀਕਾ ਦੁਨੀਆ ਦਾ ਸਭ ਤੋਂ ਵੱਡਾ ਸੈਨਿਕ ਖਰਚਾ ਕਰਨ ਵਾਲਾ ਦੇਸ਼ ਹੈ। ਇਸ ਦਾ ਸਾਲਾਨਾ ਰੱਖਿਆ ਬਜਟ 800 ਅਰਬ ਡਾਲਰ ਤੋਂ ਵੱਧ ਹੈ। ਚੀਨ ਦੂਜੇ ਨੰਬਰ 'ਤੇ ਹੈ, ਜਿਸ ਦਾ ਰੱਖਿਆ ਖਰਚਾ 290 ਅਰਬ ਡਾਲਰ ਦੇ ਕਰੀਬ ਹੈ। ਯੂਰਪ ਦੇ ਕਈ ਦੇਸ਼ਾਂ ਨੇ ਵੀ ਆਪਣੇ ਰੱਖਿਆ ਬਜਟ ਵਿੱਚ ਵਾਧਾ ਕੀਤਾ ਹੈ। ਜਰਮਨੀ ਨੇ ਵੀ ਆਪਣੇ ਰੱਖਿਆ ਖਰਚੇ ਵਿੱਚ ਵੱਡਾ ਵਾਧਾ ਕਰਨ ਦਾ ਐਲਾਨ ਕੀਤਾ ਹੈ।

**ਨਾਟੋ ਦੇਸ਼ਾਂ ਸਾਹਮਣੇ ਵੱਡੀ ਚੁਣੌਤੀ**

ਨਾਟੋ ਦੁਨੀਆ ਦਾ ਸਭ ਤੋਂ ਵੱਡਾ ਸੈਨਿਕ ਗਠਜੋੜ ਹੈ, ਜਿਸ ਵਿੱਚ 30 ਤੋਂ ਵੱਧ ਦੇਸ਼ ਸ਼ਾਮਲ ਹਨ। ਇਸ ਦਾ ਮੁੱਖ ਮਕਸਦ ਮੈਂਬਰ ਦੇਸ਼ਾਂ ਦੀ ਸੁਰੱਖਿਆ ਕਰਨਾ ਹੈ। ਪਰ ਮੌਜੂਦਾ ਸਮੇਂ ਵਿੱਚ ਨਾਟੋ ਦੇਸ਼ਾਂ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਯੂਕਰੇਨ ਜੰਗ, ਚੀਨ ਦੀ ਵਧਦੀ ਤਾਕਤ ਅਤੇ ਮੱਧ ਪੂਰਬ ਵਿੱਚ ਤਣਾਅ ਨੇ ਵਿਸ਼ਵ ਸੁਰੱਖਿਆ ਨੂੰ ਕਮਜ਼ੋਰ ਕੀਤਾ ਹੈ। ਕਈ ਯੂਰਪੀ ਦੇਸ਼ ਹੁਣ ਆਪਣੀ ਸੁਰੱਖਿਆ ਲਈ ਅਮਰੀਕਾ 'ਤੇ ਘੱਟ ਨਿਰਭਰ ਰਹਿਣ ਦੀ ਗੱਲ ਕਰ ਰਹੇ ਹਨ।

**ਪਿਛਲੇ ਵਿਸ਼ਵ ਯੁੱਧਾਂ ਨੇ ਕੀ ਦਿੱਤਾ ਸਬਕ**

ਦੁਨੀਆ ਪਹਿਲਾਂ ਹੀ ਦੋ ਵਿਸ਼ਵ ਯੁੱਧਾਂ ਦੀ ਭਿਆਨਕ ਤਬਾਹੀ ਦੇਖ ਚੁੱਕੀ ਹੈ। ਪਹਿਲੇ ਵਿਸ਼ਵ ਯੁੱਧ (1914-1918) ਵਿੱਚ ਲਗਭਗ 2 ਕਰੋੜ ਲੋਕ ਮਾਰੇ ਗਏ ਸਨ। ਦੂਜੇ ਵਿਸ਼ਵ ਯੁੱਧ (1939-1945) ਵਿੱਚ ਇਹ ਗਿਣਤੀ 7 ਕਰੋੜ ਤੋਂ ਵੱਧ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਹੀ ਪਹਿਲੀ ਵਾਰ ਪਰਮਾਣੂ ਬੰਬ ਵਰਤਿਆ ਗਿਆ ਸੀ, ਜਿਸ ਨਾਲ ਜਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰ ਤਬਾਹ ਹੋ ਗਏ ਸਨ। ਇਸ ਤਬਾਹੀ ਤੋਂ ਬਾਅਦ ਦੁਨੀਆ ਨੇ ਸ਼ਾਂਤੀ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਹੁਣ ਫਿਰ ਤਣਾਅ ਵਧ ਰਿਹਾ ਹੈ।

**ਵਿਸ਼ਵ ਅਮਨ ਲਈ ਵੱਡੀ ਚੇਤਾਵਨੀ**

ਪੋਲਿਟਿਕੋ ਦਾ ਇਹ ਸਰਵੇਖਣ ਸਪੱਸ਼ਟ ਕਰਦਾ ਹੈ ਕਿ ਪੱਛਮੀ ਦੇਸ਼ਾਂ ਦੇ ਲੋਕਾਂ ਵਿੱਚ ਜੰਗ ਦਾ ਡਰ ਤੇਜ਼ੀ ਨਾਲ ਵਧ ਰਿਹਾ ਹੈ। ਇਹ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਵਿਸ਼ਵ ਅਮਨ ਲਈ ਵੱਡੀ ਚੇਤਾਵਨੀ ਹੈ। ਜੇਕਰ ਦੇਸ਼ ਆਪਸੀ ਟਕਰਾਅ ਦੀ ਬਜਾਏ ਸੰਵਾਦ ਅਤੇ ਸਹਿਯੋਗ ਦਾ ਰਸਤਾ ਨਹੀਂ ਚੁਣਦੇ, ਤਾਂ ਦੁਨੀਆ ਇੱਕ ਵੱਡੇ ਸੰਕਟ ਵਿੱਚ ਫਸ ਸਕਦੀ ਹੈ। ਅੱਜ ਲੋੜ ਹੈ ਕਿ ਦੇਸ਼ ਜੰਗ ਦੀ ਬਜਾਏ ਅਮਨ, ਸਹਿਯੋਗ ਅਤੇ ਵਿਕਾਸ ਨੂੰ ਤਰਜੀਹ ਦੇਣ। ਨਹੀਂ ਤਾਂ ਮਨੁੱਖਤਾ ਨੂੰ ਇਸ ਦੀ ਵੱਡੀ ਕੀਮਤ ਚੁਕਾਉਣੀ ਪੈ ਸਕਦੀ ਹੈ।

# ਕਰਾਊਨ ਪੁਆਇੰਟ ਗੁਰੂਘਰ ਦੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਮਨਾਇਆ ਕੌਮਾਂਤਰੀ ਮਾਂ ਬੋਲੀ ਦਿਨ

**ਕਰਾਊਨ ਪੁਆਇੰਟ, ਇੰਡੀਆਨਾ:** ਇੱਕੀ ਫਰਵਰੀ ਦਾ ਦਿਨ ਦੁਨੀਆ ਭਰ ਵਿੱਚ ਮਾਂ ਬੋਲੀ ਦਿਨ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ 1952 ਈ. ਵਿੱਚ ਢਾਕਾ



ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਜ਼ਬਰਦਸਤੀ ਉਰਦੂ ਠੋਸਣ ਦੇ ਖਿਲਾਫ ਅਤੇ ਆਪਣੀ ਮਾਂ ਬੋਲੀ ਬੰਗਾਲੀ ਦੇ ਹੱਕ ਵਿੱਚ ਜ਼ਬਰਦਸਤ ਮੁਜ਼ਾਹਰਾ ਕੀਤਾ ਸੀ। ਸਮੇਂ ਦੀ ਹਕੂਮਤ ਨੇ ਪੁਲਿਸ ਦਾ ਸਹਾਰਾ ਲੈ ਕੇ ਉਨ੍ਹਾਂ ਉਪਰ ਲਾਠੀਚਾਰਜ ਅਤੇ ਗੋਲੀਆਂ ਦੀ ਬੁਛਾੜ ਕੀਤੀ। ਸਿੱਟੇ ਵਜੋਂ ਪੰਜ ਵਿਦਿਆਰਥੀ ਸ਼ਹੀਦ ਹੋ ਗਏ ਤੇ ਸੈਂਕੜੇ ਹੋਰ ਜ਼ਖਮੀ ਹੋਏ।

ਹੌਲੀ ਹੌਲੀ ਇਹ ਮੰਗ ਹੋਰ ਮੁਲਕਾਂ ਵਿੱਚ ਵੀ ਉਠਾਈ ਜਾਣ ਲੱਗੀ। ਨਵੰਬਰ 1999 ਵਿੱਚ ਯੂ.ਐਨ.ਓ. ਵੱਲੋਂ ਮਤਾ ਪਾਸ ਕਰਕੇ 21 ਫਰਵਰੀ ਦਾ ਦਿਨ ਮਾਂ ਬੋਲੀ ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ।

ਅੱਜ ਦੁਨੀਆਂ ਭਰ ਵਿੱਚ ਪੰਦਰਾਂ ਕਰੋੜ ਦੇ ਕਰੀਬ ਲੋਕ ਪੰਜਾਬੀ ਬੋਲਦੇ ਹਨ। ਵਿਦੇਸ਼ਾਂ ਵਿੱਚ ਵੀ ਵੱਡੀ ਗਿਣਤੀ ਲੋਕ ਆਪਣੀ ਬੋਲੀ ਪੰਜਾਬੀ ਨੂੰ ਜਿਊਂਦਾ ਰੱਖਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਇਸੇ ਲੜੀ ਅਧੀਨ ਪੰਜਾਬੀ ਸਕੂਲ ਕਰਾਊਨ ਪੁਆਇੰਟ (ਇੰਡੀਆਨਾ) ਦੇ ਬੱਚਿਆਂ ਨੇ ਲੇਖਕ ਤੇ ਸ਼ਾਇਰ ਰਵਿੰਦਰ ਸਹਿਰਾਅ ਅਤੇ ਪ੍ਰੋ. ਗੁਰਭਜਨ ਸਿੰਘ ਗਿੱਲ ਦੀਆਂ ਲਿਖੀਆਂ ਕਵਿਤਾਵਾਂ ਪੇਸ਼ ਕੀਤੀਆਂ:

ਤੂੰ ਦਸਤਾਰ ਪੰਜਾਬ ਦੀ ਵੀਰਾ,
ਪੈਰ ਨਹੀਂ ਗੁਰਗਾਬੀ ਦਾ।
ਅੰਗਰੇਜ਼ੀ ਦੇ ਪਿੱਛੇ ਲੱਗ ਕੇ,
ਕਰ ਨਾ ਘਾਣ ਪੰਜਾਬੀ ਦਾ।

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

# ਗੁਰਦੁਆਰਾ ਪੈਲਾਟਾਈਨ ਚੋਣਾਂ: ਇਰਦ-ਗਿਰਦ ਦੀਆਂ ਪ੍ਰਸਥਿਤੀਆਂ

**ਕੁਲਜੀਤ ਸਿੰਘ**

ਪਿੰਡਾਂ ਦੀ ਧਰਾਤਲ ਵਾਲੀ ਸਿਆਸਤ ਨਾਲ ਜੁੜੇ ਲੋਕ ਭਾਵੇਂ ਕਿਸੇ ਵੀ ਮੁਲਕ ਜਾਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾ ਵੱਸਣ, ਪਰ ਉਨ੍ਹਾਂ ਦੇ ਅੰਦਰ ਸਿਆਸੀ ਕਣ ਤਾਉਮਰ ਮੌਜੂਦ ਰਹਿੰਦਾ ਹੈ। ਜ਼ਹਿਨੀਅਤ ਵਿੱਚ ਸਿਆਸਤ ਦੇ ਕਣ ਦੀ ਐਕਟੀਵਿਟੀ ਜਦੋਂ ਬੇਸ਼ੱਕ ਹੌਲੀ ਰਫਤਾਰ ਨਾਲ ਹੀ ਸਹੀ, ਹੋਣੀ ਸ਼ੁਰੂ ਹੁੰਦੀ ਹੈ ਤਾਂ ਇੱਕ ਪੱਧਰ 'ਤੇ ਜਾ ਕੇ ਵੱਕਾਰ ਦਾ ਸਵਾਲ ਖੜਾ ਕਰ ਦਿੰਦੀ ਹੈ; ਤੇ ਇਸ ਤਰਥੱਲ ਵਿੱਚੋਂ ਜਿੱਤ-ਹਾਰ ਦੇ ਮਾਇਨੇ ਤਲਾਸ਼ਣ ਦੇ ਨਾਲ ਨਾਲ ਇਹ ਸਿਆਸੀ ਕਣ ਕਦੋਂ ਅੰਗਿਆਰ ਦਾ ਰੂਪ ਧਾਰ ਲੈਂਦਾ ਹੈ, ਪਤਾ ਹੀ ਨਹੀਂ ਲੱਗਦਾ! ਇੰਨਾ ਜ਼ਰੂਰ ਹੈ ਕਿ ਇਸ ਦਾ ਸੇਕ ਆਸੇ-ਪਾਸੇ ਮਹਿਸੂਸ ਹੋਣ ਲੱਗ ਜਾਂਦਾ ਹੈ। ਜਿਵੇਂ ਮਘੇ ਹੋਏ ਤੰਦੂਰ ਵਿੱਚ ਪਕਾਈ ਹੋਈ ਰੋਟੀ ਦਾ ਆਪਣਾ ਹੀ ਸਵਾਦ ਹੁੰਦਾ ਹੈ, ਪਰ ਜੇ ਤੰਦੂਰ ਪੂਰੀ ਤਰ੍ਹਾਂ ਭਖਿਆ ਨਾ ਹੋਵੇ ਅਤੇ ਕੱਚੇ ਧੂੰਏਂ ਦੇ ਵਰੋਲੇ ਉੱਡਣ ਲੱਗ ਜਾਣ ਤਾਂ ਰੋਟੀ ਦਾ ਧੂੰਆਂਖਿਆ ਜਾਣਾ ਆਮ ਗੱਲ ਹੈ! ਇਸੇ ਤਰ੍ਹਾਂ ਜੇ ਚੋਣਾਂ ਆਰਾਮ ਨਾਲ ਨੇਪਰੇ ਚੜ੍ਹ ਜਾਣ ਤਾਂ ਸਕੂਨ ਦਿੰਦੀਆਂ ਹਨ, ਪਰ ਜੇ ਕਿਸੇ ਕਿਸਮ ਦਾ ਖੜਕਾ-ਦੜਕਾ ਹੋ ਜਾਵੇ ਤਾਂ ਕੁਝ ਇਕਨਾਂ ਲਈ ਦਿਲਚਸਪੀ ਵਾਲੀਆਂ ਬਣ ਜਾਂਦੀਆਂ ਹਨ!

ਖੈਰ! ਜਿਸ ਤਰ੍ਹਾਂ ਕਿ ਕੁਝ ਕੁਝ ਉਮੀਦ ਹੀ ਸੀ, ਗੁਰਦੁਆਰਾ ਪੈਲਾਟਾਈਨ ਇਨ੍ਹੀਂ ਦਿਨ੍ਹੀਂ ਧਾਰਮਿਕ ਸਥਾਨ ਨਾਲੋਂ ਸਿਆਸਤ ਦਾ ਅਖਾੜਾ ਵੱਧ ਬਣਿਆ ਪ੍ਰਤੀਤ ਹੋ ਰਿਹਾ ਹੈ। ਜਿਹੜੀ ਸੰਗਤ ਦਰਬਾਰ ਹਾਲ ਵਿੱਚ ਬੈਠੀ ਕੀਰਤਨ ਜਾਂ ਕਥਾ ਸੁਣ ਰਹੀ ਹੁੰਦੀ ਹੈ, ਉਨ੍ਹਾਂ ਵਿੱਚੋਂ ਕੁਝ ਦੇ ਧਿਆਨ ਵਿੱਚ ਦਰਬਾਰ ਹਾਲ ਦੀਆਂ ਪੌੜੀਆਂ ਦੇ ਨੇੜੇ ਜਾਂ ਨੀਚੇ ਲਾਬੀ ਵਿੱਚ ਹੁੰਦੀ ਹਲਚਲ ਵਿਘਨ ਜ਼ਰੂਰ ਪਾਉਂਦੀ ਹੈ। ਜਿਹੜੇ ਆਪੋ ਆਪਣੀ ਸਿਆਸਤ ਵਿੱਚ ਗਲਤਾਨ ਹਨ, ਉਨ੍ਹਾਂ ਨੂੰ ਇਹ ਵਰਤਾਰਾ ਭਾਵੇਂ ਆਮ ਹੀ ਲੱਗ ਰਿਹਾ ਹੋਵੇ; ਪਰ ਕੁਝ ਅਜਿਹੀਆਂ ਸੰਗਤੀ ਧਿਰਾਂ ਵੀ ਹਨ, ਜਿਨ੍ਹਾਂ ਨੂੰ ਗੁਰਦੁਆਰੇ ਦਾ ਸਿਆਸੀ ਚੱਕ-ਥੱਲ ਵਾਲਾ ਮਾਹੌਲ ਕੁਝ ਹੱਦ ਤੱਕ ਬੇਚੈਨ ਜ਼ਰੂਰ ਕਰ ਰਿਹਾ ਹੈ। ਜਿਸ ਦਿਨ ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖਰੀ ਮਿਤੀ ਸੀ ਅਤੇ ਆਮ ਇਜਲਾਸ ਵਾਲੇ ਦਿਨ ਗੁਰਦੁਆਰਾ ਪੈਲਾਟਾਈਨ ਵਿੱਚ ਜਿਸ ਤਰ੍ਹਾਂ ਵੱਖ-ਵੱਖ ਢਾਣੀਆਂ ਵਿੱਚ ਮੂੰਹ ਜੋੜ-ਜੋੜ ਗੱਲਾਂ ਦਾ ਸਿਲਸਿਲਾ ਬਣਿਆ ਹੋਇਆ ਸੀ, ਉਸ ਤੋਂ ਭਾਈਚਾਰੇ ਵਿੱਚ ਪਈਆਂ ਵਖਰੇਵੇਂ ਦੀਆਂ ਤਰੇੜਾਂ ਸਪਸ਼ਟ ਦੇਖੀਆਂ ਜਾ ਸਕਦੀਆਂ ਸਨ, ਜੋ ਹੁਣ ਵੀ ਬਰਕਰਾਰ ਹਨ। ਉਂਝ ਇਹ ਜ਼ਰੂਰ ਹੈ ਕਿ ਕੰਨ-ਰਸੀ ਵਾਲੀ ਅਜਿਹੀ ਕਵਾਇਦ ਕੋਈ ਨਵੀਂ ਗੱਲ ਨਹੀਂ ਹੈ। ਗੁਰੂ ਘਰ ਵਿੱਚ ਜਦੋਂ ਜਦੋਂ ਵੀ ਕਿਸੇ ਕਿਸਮ ਦਾ ਮੁੱਦਾ ਉੱਠਦਾ ਹੈ ਤਾਂ ਚੁੰਝ ਚਰਚਾਵਾਂ ਅਤੇ ਵਿਚਾਰ-ਵਟਾਂਦਰੇ ਵਾਲੀਆਂ ਹਵਾਵਾਂ ਸ਼ੂਕਣ ਲੱਗਦੀਆਂ ਹਨ; ਨਾਲ ਹੀ ਸਮਰਥਕੀ ਧਿਰਾਂ ਤੇ ਵਿਰੋਧੀ ਧਿਰਾਂ ਵਿਚਾਲੇ ਇੱਕ ਦੂਜੇ ਦੀ ਮੁਖਾਲਫ਼ਤ ਉਭਰ ਆਉਂਦੀ ਹੈ।

ਗਰਮਖਿਆਲੀ ਜਾਂ ਫਿਰ ਸੁਭਾਅ ਦੇ ਤੱਤੇ ਕੁਝ ਲੋਕ ਗੁਰਦੁਆਰਾ ਚੋਣਾਂ ਦੇ ਸੀਜ਼ਨ ਵਿੱਚ ਜਿਸ ਤਰ੍ਹਾਂ ਦੀ ਕਸ਼ੀਦਗੀ ਪੈਦਾ ਕਰਨ ਦਾ ਸਬੱਬ ਬਣ ਰਹੇ ਹਨ, ਇਹ ਹੁਣ ਬਹੁਤਾ ਲੁਕਿਆ ਨਹੀਂ ਰਹਿ ਗਿਆ। ਫਰਕ ਇਹ ਹੈ ਕਿ ਕੁਝ ਅਨਸਰ ਨਿੱਜੀ ਕਿੜਾਂ ਕੱਢਣ ਉੱਤੇ ਉਤਾਰੂ ਹੋ ਗਏ ਹਨ। ਲਾਗਡਾਟ ਵਾਲੀ ਇਹ ਪ੍ਰਵਿਰਤੀ ਗੁਰਦੁਆਰੇ ਦੀ ਪਵਿੱਤਰਤਾ ਨੂੰ ਤਾਂ ਭੰਗ ਕਰ ਹੀ ਰਹੀ ਹੈ, ਸਗੋਂ ਭਾਈਚਾਰੇ ਵਿੱਚ ਨਿਰਾਸ਼ਾਜਨਕ ਵਰਤਾਰਾ ਵੀ ਬਣਦੀ ਜਾ ਰਹੀ ਹੈ। ਅਜਿਹੇ ਵਿੱਚ ਇਹ ਕਹਿਣਾ ਕਿ ਕਿਹੜੀ ਧਿਰ ਕਿੰਨੀ ਸਹੀ ਹੈ ਤੇ ਕਿਹੜੀ ਧਿਰ ਕਿੱਥੋਂ ਤੱਕ ਗਲਤ ਹੈ, ਮਹਿਜ਼ ਅੰਦਾਜ਼ੇ ਲਾਉਣ ਤੋਂ ਵੱਧ ਕੇ ਕੁਝ ਵੀ ਨਹੀਂ; ਕਿਉਂਕਿ ਆਪੋ ਆਪਣੀਆਂ ਦਲੀਲਾਂ ਦਾ ਸੱਚ ਗੁਰਦੁਆਰੇ ਵਿੱਚ ਖਾਸ ਤੌਰ 'ਤੇ ਸਰਗਰਮ ਕੁਝ ਲੋਕ ਆਪੋ ਆਪਣੀ ਜ਼ੁਬਾਨ ਉੱਤੇ ਟਿਕਾਈ ਬੈਠੇ ਹਨ। ਵੱਖ-ਵੱਖ ਮੁੱਦਿਆਂ ਉੱਤੇ ਅੱਡੋ ਅੱਡਰੀ ਰਾਏ ਬਣਾ ਲਏ ਜਾਣ ਕਾਰਨ ਕੁਝ ਧਿਰਾਂ ਵਿਚਾਲੇ ਤਾਂ ਬੇਭਰੋਸਗੀ ਦਾ ਹੀ ਆਲਮ ਹੈ। ਇਹ ਧਿਰਾਂ ਸੱਚਮੁੱਚ ਗੁਰਦੁਆਰਾ ਸਾਹਿਬ ਦੀ ਬੇਹਤਰੀ ਲਈ ਤਹੂ ਹਨ, ਇਹ ਕਿਆਸ ਕਰਨਾ ਬਸ ਖੁਦ ਨੂੰ ਧਰਵਾਸ ਦੇਣ ਜਿਹੀ ਗੱਲ ਹੈ! ਇਸ ਗੱਲ ਦੀ ਵੀ ਬਾਰੀਕ ਤੰਦ ਫੜਨ ਦੀ ਲੋੜ ਹੈ ਕਿ ਗੁਰਦੁਆਰਾ ਚੋਣਾਂ ਨੂੰ ਮੁੱਖ ਰੱਖ ਕੇ ਖਾਹ-ਮਖਾਹ ਦੇ ਮੁੱਦਿਆਂ ਨੂੰ ਹਵਾ ਦੇਣੀ ਚੰਗੀ ਰਵਾਇਤ ਨਹੀਂ ਹੈ! ਮਾਹੌਲ ਦੀ ਗੰਭੀਰਤਾ ਨੂੰ ਭਾਂਪਦਿਆਂ ਕੁਝ ਸੁਜੱਗ ਅਤੇ ਨਿਰਪੱਖ ਸ਼ਖਸੀਅਤਾਂ ਨੂੰ ਮੋਹਰੀ ਭੂਮਿਕਾ ਨਿਭਾਉਣ ਦੀ ਲੋੜ ਹੈ, ਤਾਂ ਜੋ ਗੁਰਦੁਆਰੇ ਵਿਚਲਾ ਮਾਹੌਲ ਹੋਰ ਗਹਿਰ-ਗੰਭੀਰ ਹੋਣ ਤੋਂ ਬਚਾਅ ਹੋਵੇ ਅਤੇ ਸਿਆਸੀ ਤੇ ਨਿੱਜੀ ਕਿੜਾਂ ਵਾਲੀ ਸੋਚ ਨੂੰ ਗੁਰਦੁਆਰੇ ਦੇ ਅਹਾਤੇ ਤੋਂ ਬਾਹਰ ਕੀਤਾ ਜਾ ਸਕੇ। ਉਂਝ ਕਹਿਣ ਵਾਲੇ ਤਾਂ ਇੱਥੋਂ ਤੱਕ ਕਹਿ ਰਹੇ ਹਨ ਕਿ ਨਾ ਤਾਂ ਪੂਰਨ ਤੌਰ 'ਤੇ ਇਲੈਕਸ਼ਨ ਅਤੇ ਨਾ ਸਿਲੈਕਸ਼ਨ ਹੀ ਇਸ ਸਭ ਖਲਾਰੇ ਨੂੰ ਠੀਕ ਕਰ ਸਕਦੇ ਹਨ; ਪਰ ਜੇ ਸਭ ਧਿਰਾਂ ਸਿਰਫ ਸਿੱਖੀ ਸਿਧਾਂਤ ਨੂੰ ਮੂਹਰੇ ਰੱਖ ਕੇ ਕੋਸ਼ਿਸ਼ਾਂ ਕਰਨ ਅਤੇ ਵੱਖੋ-ਵੱਖ ਵਿਚਾਰਧਾਰਾਵਾਂ ਨੂੰ ਤਿਆਗ ਕੇ ਸੱਚਮੁੱਚ ਭਾਈਚਾਰਕ ਭਲਾਈ ਦਾ ਤਹੱਈਆ ਕਰਨ ਤਾਂ ਗੁਰਦੁਆਰਾ ਸਾਹਿਬ ਦਾ ਮਾਹੌਲ ਸ਼ਾਂਤਮਈ ਤੇ ਸਦਭਾਵਨਾ ਵਾਲਾ ਬਣ ਸਕਦਾ ਹੈ। ਮਸਲਾ ਤਾਂ ਇਹ ਹੈ ਕਿ "ਕੌਣ ਸਾਹਿਬ ਨੂੰ ਆਖੇ- ਇਉਂ ਨਹੀਂ, ਇੰਝ ਕਰ!"

ਖ਼ੈਰ! ਇਨ੍ਹਾਂ ਚੋਣਾਂ ਦੇ ਮੱਦੇਨਜ਼ਰ ਸੰਗਤੀ ਮਾਹੌਲ ਤੋਂ ਇਹ ਅੰਦਾਜ਼ਾ ਸਹਿਜੇ ਲੱਗ ਰਿਹਾ ਹੈ ਕਿ ਕਿਸੇ ਵਿਸ਼ੇਸ਼ ਧਿਰ ਨੂੰ ਤਵੱਜੋ ਦੇਣ ਨਾਲੋਂ ਵਿਅਕਤੀਗਤ ਤੌਰ 'ਤੇ ਨਿੱਜੀ ਰਸੂਖ ਵਾਲੇ ਉਮੀਦਵਾਰ ਦੇ ਹੱਕ ਵਿੱਚ ਭੁਗਤਣ ਨੂੰ ਪਹਿਲ ਦਿੱਤੀ ਜਾਵੇਗੀ। ਪਰਿਵਾਰਕ ਸਾਂਝਾਂ ਅਤੇ ਰਿਸ਼ਤੇਦਾਰੀਆਂ ਤੇ ਦੋਸਤਾਨਾ ਨਜ਼ਰੀਏ ਤੋਂ ਵੀ "ਵਰ ਮੇਚੇ ਜਾਣ" ਯਾਨੀ ਉਮੀਦਵਾਰ ਚੁਣੇ ਜਾਣ ਦੀ ਸੰਭਾਵਨਾ ਹੈ। ਜਿਨ੍ਹਾਂ ਧਿਰਾਂ ਦੇ ਵਿਚਾਰ ਆਪਸ ਵਿੱਚ ਰਲਗੱਡ ਹਨ, ਉਨ੍ਹਾਂ ਦਾ ਅਸਰ ਵੀ ਚੋਣਾਂ ਉੱਤੇ ਪੈਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹਾਲਾਂਕਿ ਇਹ ਸਪਸ਼ਟ ਹੈ ਕਿ ਗੁਰਦੁਆਰਾ ਸਾਹਿਬ ਨਾਲ ਜੁੜੀ ਸਾਰੀ ਸੰਗਤ ਕਿਸੇ ਇੱਕ ਖਾਸ ਵਿਚਾਰਧਾਰਾ ਦੇ ਹੱਕ ਵਿੱਚ ਨਹੀਂ ਹੈ। ਜੇ ਕੋਈ ਕਥਿਤ ਖਾਲਿਸਤਾਨ ਦਾ ਮੁੱਦਈ ਹੈ, ਤਾਂ ਕੁਝ ਨੂੰ ਇਹ ਰੜਕਦਾ ਹੈ; ਕਿਉਂਕਿ ਇਸ ਨੂੰ ਸਿਆਸਤ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਸੰਗਤ ਨੇ ਮਹਿਸੂਸ ਕੀਤਾ ਹੈ ਕਿ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਉਤੇ ਖਾਲਿਸਤਾਨ ਪੱਖੀਆਂ ਦਾ ਦਬਦਬਾ ਬਣਿਆ ਹੋਇਆ ਹੈ। ਇਸੇ ਕਰਕੇ ਕੁਝ ਲੋਕ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਉੱਤੇ ਭਵਿੱਖ ਵਿੱਚ ਕਿਸੇ ਇੱਕ ਧਿਰ ਦੇ ਕਾਬਜ਼ ਹੋਣ ਨੂੰ ਲੈ ਕੇ ਚਿੰਤਤ ਹਨ; ਤੇ ਕੁਝ ਲੋਕ ਚਾਹੁੰਦੇ ਹਨ ਕਿ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਭ ਧਿਰਾਂ ਵੱਲੋਂ ਰਲ-ਮਿਲ ਕੇ ਸਹਿਜਮਈ ਚਲਾਇਆ ਜਾਵੇ। ਕਥਿਤ ਤੌਰ 'ਤੇ ਪਰਿਵਾਰਵਾਦ ਦੇ ਵੱਧਦੇ ਪ੍ਰਭਾਵ ਤੋਂ ਵੀ ਕੁਝ ਲੋਕ ਤੌਖਲੇ ਵਿੱਚ ਹਨ। ਇਸ ਤੋਂ ਇਲਾਵਾ ਕੋਈ ਰਹਿਤ ਮਰਿਆਦਾ ਦੇ ਪੂਰਨ ਤੌਰ 'ਤੇ ਹੱਕ ਵਿੱਚ ਹੈ ਅਤੇ ਕੁਝ ਨੂੰ ਰਹਿਤ ਮਰਿਆਦਾ ਵਿੱਚ ਸ਼ਾਮਿਲ ਕੀਤੀਆਂ ਗਈਆਂ ਕੁਝ ਗੱਲਾਂ 'ਤੇ ਇਤਰਾਜ਼ ਹੈ। ਗੁਰੂਘਰ ਦੀਆਂ ਵੱਖ-ਵੱਖ ਕਮੇਟੀਆਂ ਵਿੱਚ ਆਪਣੇ ਬੰਦੇ ਫਿੱਟ ਕਰਨੇ, ਮੈਂਬਰਸ਼ਿੱਪ, ਸੰਵਿਧਾਨ ਵਿੱਚ ਸੋਧ ਵਾਲੇ ਖਰੜੇ ਅਤੇ ਇਸੇ ਤਰ੍ਹਾਂ ਦੀਆਂ ਕੁਝ ਹੋਰ ਗੱਲਾਂ ਵੀ ਹਨ, ਜਿਸ ਕਾਰਨ ਵਿਚਾਰਧਾਰਕ ਮਤਭੇਦ ਬਣੇ ਹੋਏ ਹਨ।

ਗੁਰਦੁਆਰਾ ਪ੍ਰਬੰਧਨ ਨਾਲ ਜੁੜੇ ਜਿਹੜੇ ਸ਼ਖਸ ਮੁੜ ਚੋਣ ਲੜਨ ਦੇ ਚਾਹਵਾਨ ਸਨ, ਉਨ੍ਹਾਂ ਵਿੱਚੋਂ ਕੁਝ ਨੇ ਨਾਮਜ਼ਦਗੀ ਕਾਗਜ਼ ਵਾਪਸ ਲੈ ਲਏ ਹਨ। ਇਸ ਪਿੱਛੇ ਕਾਰਨ ਭਾਵੇਂ ਕੁਝ ਹੋਰ ਵੀ ਹੋਣ, ਪਰ ਕਿਹਾ ਜਾ ਸਕਦਾ ਹੈ ਕਿ ਆਪਸੀ ਕਸ਼ਮਕਸ਼ ਦੇ ਚਲਦਿਆਂ ਕੁਝ ਨੇ ਕਾਗਜ਼ ਵਾਪਸ ਲੈਣ ਦੀ ਸਿਆਣਪ ਕਰ ਲਈ ਹੈ; ਹਾਲਾਂਕਿ ਗੁਰਦੁਆਰਾ ਪੈਲਾਟਾਈਨ ਦੀਆਂ ਪਿਛਲੀਆਂ ਚੋਣਾਂ ਦੌਰਾਨ ਚੁਣੇ ਗਏ ਕੁਝ ਸ਼ਖਸ ਹਾਲੇ ਵੀ ਚੋਣ ਲੜਨ ਦੇ ਚਾਹਵਾਨ ਹਨ। ਇਸ ਵਰਤਾਰੇ ਉੱਤੇ ਕੁਝ ਲੋਕਾਂ ਨੇ ਨਿੱਜੀ ਤੌਰ 'ਤੇ ਇਤਰਾਜ਼ ਪ੍ਰਗਟਾਏ ਹਨ, ਜਿਸ ਨੂੰ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਪਿਛਲੇ ਦਿਨਾਂ ਦੌਰਾਨ ਚਰਚਾ ਚਲਦੀ ਰਹੀ ਹੈ, ਪਰ ਗੁਰੂਘਰ ਦੇ ਬੋਰਡ ਲਈ ਜਾਂ ਸੰਵਿਧਾਨ ਅਮਲ ਕਮੇਟੀ (ਸੀ.ਆਈ.ਸੀ.) ਦੀ ਮੈਂਬਰੀ ਲਈ ਚੋਣ ਉਮੀਦਵਾਰ ਬਣਨਾ ਜਾਂ ਨਾ ਬਣਨਾ ਕਿਸੇ ਦਾ ਨਿੱਜੀ ਫੈਸਲਾ ਹੋ ਸਕਦਾ ਹੈ; ਬਸ਼ਰਤੇ ਗੁਰੂਘਰ ਦਾ ਸੰਵਿਧਾਨ ਉਸ ਦੀ ਇਜਾਜ਼ਤ ਦਿੰਦਾ ਹੋਵੇ। ਉਂਝ ਵੀ ਅੜਬ-ਅੜਬਾਈਆਂ ਕੀਤੇ ਜਾਣ ਕਾਰਨ ਤਲਖੀ ਹੋਰ ਵਧ ਜਾਣ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਜਿਸ ਦਾ ਇੱਕ ਝਲਕਾਰਾ ਐਤਵਾਰ, 15 ਫਰਵਰੀ ਨੂੰ ਬਹੁਤੀ ਸੰਗਤ ਨੇ ਦੇਖ ਹੀ ਲਿਆ ਹੈ ('ਮੈਂ' ਹੀ 'ਮੈਂ' ਦਾ ਰੌਲਾ ਸੱਜਣਾ, 'ਤੂੰ' ਹੀ 'ਤੂੰ' ਤਾਂ ਗੁੰਮ ਹੈ... ਗੁੰਮ ਹੈ...)।

ਇਹ ਗੱਲ ਵੀ ਸਪਸ਼ਟ ਹੋ ਗਈ ਹੈ ਕਿ ਮੌਜੂਦਾ ਪ੍ਰਬੰਧਕਾਂ ਵਿੱਚੋਂ ਜਿਨ੍ਹਾਂ ਨੇ ਮੁੜ ਚੋਣ ਲੜਨ ਲਈ ਨਾਮਜ਼ਦਗੀ ਕਾਗਜ਼ ਭਰੇ ਸਨ, ਉਨ੍ਹਾਂ ਵਿੱਚੋਂ ਕੁਝ ਇਕਨਾਂ ਦੇ 'ਪੰਥਕ ਸਲੇਟ' ਦੇ ਹੀ ਕੁਝ ਸਮਰਥਕ ਮਤਭੇਦ ਕਾਰਨ ਵਿਰੋਧ ਵਿੱਚ ਹਨ, ਜਿਸ ਨਾਲ ਸਥਿਤੀ ਦਾ ਰੁਖ ਬਦਲਿਆ ਹੋਇਆ ਹੈ। ਚੇਤੇ ਰਹੇ, ਪਿਛਲੀ ਵਾਰ ਦੀਆਂ ਚੋਣਾਂ ਵਿੱਚ 'ਪੰਥਕ ਸਲੇਟ' ਦੀ ਹੂੰਝਾਫੇਰੂ ਜਿੱਤ ਹੋਈ ਸੀ। ਸਵਾਲ ਇਹ ਹੈ ਕਿ ਇਸ ਸਭ ਦੇ ਪਿੱਛੇ ਅਸਲ ਕਾਰਨ ਕੀ ਹਨ? ਗੁਰਦੁਆਰੇ ਨਾਲ ਸੰਬੰਧਿਤ ਮੁੱਦੇ ਜਾਂ ਫਿਰ ਆਪਸੀ ਖਿੱਚੋਤਾਣ? ਜਾਂ ਗੁਰਦੁਆਰਾ ਸਾਹਿਬ ਉਤੇ ਹਾਵੀ ਹੋ ਰਹੀ ਇੱਕ ਵਿਸ਼ੇਸ਼ ਵਿਚਾਰਧਾਰਾ, ਜਿਸ ਦੀ ਜੜ੍ਹ ਪੰਜਾਬ ਦੀ ਸਿਆਸਤ ਨਾਲ ਜੁੜੀ ਹੋਈ ਹੈ? ਦੂਜੇ ਪਾਸੇ, ਆਪਸੀ ਸਹਿਮਤੀ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ, ਪਰ ਦੇਖੋ ਬੂਰ ਪੈਂਦਾ ਹੈ ਜਾਂ ਨਹੀਂ!

## ਆਮ ਇਜਲਾਸ ਦੌਰਾਨ ਸੰਗਤ ਦੀ ਨਾਦਾਰਦਗੀ

ਲੰਘੇ ਐਤਵਾਰ, 22 ਫਰਵਰੀ ਨੂੰ ਗੁਰਦੁਆਰਾ ਪੈਲਾਟਾਈਨ ਦੇ ਦੀਵਾਨ ਹਾਲ ਵਿੱਚ ਸੱਦੀ ਗਈ ਜਨਰਲ ਬਾਡੀ ਮੀਟਿੰਗ (ਆਮ ਇਜਲਾਸ) ਨੂੰ ਸੰਗਤ ਨੇ ਬਹੁਤੀ ਤਵੱਜੋ ਨਾ ਦਿੱਤੀ ਤੇ ਇਸ ਲਈ ਲੋੜੀਂਦਾ ਕੋਰਮ (ਸੰਗਤ ਦੀ ਗਿਣਤੀ) ਵੀ ਪੂਰਾ ਨਾ ਹੋਇਆ। ਗੁਰਦੁਆਰਾ ਸੰਵਿਧਾਨ ਮੁਤਾਬਕ ਆਮ ਇਜਲਾਸ ਲਈ ਕੋਰਮ ਪੂਰਾ ਕਰਨ ਲਈ ਸਿੱਖ ਰਿਲੀਜੀਅਸ ਸੁਸਾਇਟੀ ਦੇ ਮੈਂਬਰਾਂ ਵਿੱਚੋਂ ਸੰਗਤ ਦੇ 250 ਮੈਂਬਰ ਹਾਜ਼ਰ ਹੋਣੇ ਜ਼ਰੂਰੀ ਸਨ, ਜੋ ਕਿ ਨਹੀਂ ਹੋਏ। ਆਮ ਇਜਲਾਸ ਮੌਕੇ ਜਿੰਨੀ ਕੁ ਸੰਗਤ ਦੀਵਾਨ ਹਾਲ ਵਿੱਚ ਸੀ, ਉਸ ਤੋਂ ਢਾਈ ਗੁਣਾਂ ਸੰਗਤ ਲੰਗਰ ਹਾਲ ਵਿੱਚ ਸੀ ਜਾਂ ਫਿਰ ਚੌਥਾ ਹਿੱਸਾ ਸੰਗਤ ਗੁਰੂਘਰ ਤੋਂ ਚਲੀ ਗਈ ਸੀ। ਚੱਲਦੇ ਇਜਲਾਸ ਦੌਰਾਨ ਵੀ ਕੁਝ ਸੰਗਤ ਉੱਠ ਕੇ ਚਲੀ ਗਈ ਸੀ, ਜਿਸ ਕਾਰਨ ਸਾਲਾਨਾ ਆਮ ਇਜਲਾਸ ਦੀ ਕੋਈ ਮਹੱਤਤਾ ਨਹੀਂ ਸੀ ਰਹਿ ਗਈ।




ਗੁਰਦੁਆਰੇ ਵਿੱਚ ਵਿਚਰਦੀਆਂ ਵੱਖ-ਵੱਖ ਧਿਰਾਂ ਦੇ ਬਹੁਤੇ ਲੋਕ ਆਮ ਇਜਲਾਸ ਤੋਂ ਨਾਦਾਰਦ ਯਾਨੀ ਗੈਰ-ਹਾਜ਼ਰ ਕਿਉਂ ਰਹੇ? ਇਸ ਦੇ ਆਪੋ-ਆਪਣੇ ਮਾਇਨੇ ਕੱਢੇ ਜਾ ਰਹੇ ਹਨ। ਸਮਝਿਆ ਜਾ ਰਿਹਾ ਹੈ ਕਿ ਬਹੁਤੀ ਸੰਗਤ ਨੇ ਹਾਜ਼ਰ ਨਾ ਹੋ ਕੇ ਇਸ ਇਜਲਾਸ ਦਾ ਇੱਕ ਤਰ੍ਹਾਂ ਬਾਈਕਾਟ ਹੀ ਕੀਤਾ ਹੈ। ਇੱਥੋਂ ਤੱਕ ਕੇ 'ਪੰਥਕ ਸਲੇਟ' ਦੇ ਬਹੁਤੇ ਸਮਰਥਕਾਂ ਨੇ ਵੀ ਇਸ ਨੂੰ ਬਹੁਤੀ ਅਹਿਮੀਅਤ ਨਾ ਦਿੱਤੀ। ਹਾਲਾਂਕਿ ਗੁਰਦੁਆਰਾ ਸਟੇਜ ਤੋਂ ਮੌਜੂਦਾ ਪ੍ਰਬੰਧਕਾਂ ਨੇ ਆਪਣੀਆਂ ਤਕਰੀਰਾਂ ਵਿੱਚ ਗੁਰੂਘਰ ਨਾਲ ਜੁੜੀਆਂ ਅਲੱਗ-ਅਲੱਗ ਕਿਸਮ ਦੀਆਂ ਪ੍ਰਾਪਤੀਆਂ ਗਿਣਾਈਆਂ ਹਨ ਅਤੇ ਕੁਝ ਕਾਰਜਾਂ ਉਤੇ ਵਿਰੋਧੀ ਧਿਰ ਦੇ ਕੁਝ ਨੁਮਾਇੰਦਿਆਂ ਨੇ ਹਾਂਮੁਖੀ ਹੁੰਗਾਰਾ ਭਰਿਆ ਹੈ, ਪਰ ਕੁੱਲ ਮਿਲਾ ਕੇ ਗੁਰਦੁਆਰਾ ਪ੍ਰਬੰਧਕਾਂ ਤੋਂ ਕਥਿਤ ਤੌਰ 'ਤੇ ਨਾਰਾਜ਼ ਕੁਝ ਧਿਰਾਂ ਨੇ ਇਸ ਆਮ ਇਜਲਾਸ ਨੂੰ 'ਮਹਿਜ ਖਾਨਾਪੂਰਤੀ' ਦਾ ਨਾਂ ਦਿੱਤਾ ਹੈ।

ਆਮ ਇਜਲਾਸ ਦੀ ਕਰਵਾਈ ਸ਼ੁਰੂ ਕਰਦਿਆਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ ਨੇ ਦੱਸਿਆ ਕਿ ਸੰਗਤ ਨੂੰ ਨਿਊਜ਼ਲੈਟਰ ਤੇ ਈਮੇਲ ਰਾਹੀਂ ਜਨਰਲ ਬਾਡੀ ਮੀਟਿੰਗ ਬਾਰੇ ਸੂਚਿਤ ਕੀਤਾ ਗਿਆ ਸੀ। ਸੰਵਿਧਾਨ ਦੇ ਆਰਟੀਕਲ 15 ਅਧੀਨ ਸਾਲ ਵਿੱਚ ਇੱਕ ਵਾਰ ਜਨਰਲ ਬਾਡੀ ਮੀਟਿੰਗ (ਆਮ ਇਜਲਾਸ) ਹੋਣੀ ਜ਼ਰੂਰੀ ਹੈ। ਕੋਰਮ ਪੂਰਾ ਨਾ ਹੋਣ ਸਬੰਧੀ ਪ੍ਰਧਾਨ ਸ. ਕਾਹਲੋਂ ਨੇ ਸਟੇਜ ਤੋਂ ਕਿਹਾ ਕਿ ਜਿੰਨਾ ਚਿਰ ਅਸੀਂ ਮੈਂਬਰ ਹੋਣ ਦੇ ਨਾਅਤੇ ਆਪਣੀ ਜ਼ਿੰਮੇਵਾਰੀ ਨੂੰ ਨਹੀਂ ਸਮਝਦੇ, ਕੋਈ ਵੀ ਸੰਸਥਾ ਕਾਮਯਾਬ ਨਹੀਂ ਹੁੰਦੀ।

ਆਮ ਇਜਲਾਸ ਦੌਰਾਨ ਗੁਰੂਘਰ ਦੇ ਵਿੱਤ ਸਕੱਤਰ ਸ਼ਿਵਇੰਦਰਜੀਤ ਸਿੰਘ ਨੇ ਸਾਲ 2025 ਦੀ ਵਿੱਤੀ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਗੁਰਦੁਆਰਾ ਸਾਹਿਬ ਦੀ ਆਮਦਨ-ਖਰਚ ਦੇ ਉਤਰਾਅ-ਚੜ੍ਹਾਅ ਦੇ ਵੇਰਵੇ ਤੇ ਹੋਰ ਜਾਣਕਾਰੀ ਸਾਂਝੀ ਕੀਤੀ ਗਈ ਸੀ, ਜਦਕਿ ਸਹਾਇਕ ਖਜ਼ਾਨਚੀ ਸੀਰਤ ਕੌਰ ਨੇ ਗੁਰਮਤਿ ਸਕੂਲ ਦੀਆਂ ਗਤੀਵਿਧੀਆਂ, ਅੱਪਡੇਟਸ ਆਦਿ ਦਾ ਵੇਰਵਾ ਦਿੱਤਾ।

ਇਸ ਮੌਕੇ ਸਾਬਕਾ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ ਨੇ ਚੋਣਾਂ ਨੂੰ ਮੁੱਖ ਰੱਖਦਿਆਂ ਸਵਾਲ ਕੀਤਾ ਕਿ ਕੀ ਇਲੈਕਸ਼ਨ ਗੁਰਮਤਿ ਦਾ ਸਿਧਾਂਤ ਹੈ ਜਾਂ ਨਹੀਂ? ਇਹ ਪੜਚੋਲ ਕਰਨ ਦੀ ਲੋੜ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਹਰ ਦੋ ਸਾਲ ਬਾਅਦ ਹੁੰਦੀਆਂ ਚੋਣਾਂ ਦੇ ਵਿਧੀ-ਵਿਧਾਨ ਨੂੰ ਕਿਸੇ ਹੋਰ ਤਰੀਕੇ ਨਾਲ ਨਜਿੱਠ ਸਕੀਏ ਤਾਂ ਇਸ ਬਾਰੇ ਆਪਾਂ ਨੂੰ ਉਪਰਾਲਾ ਕਰਨਾ ਬਹੁਤ ਜ਼ਰੂਰੀ ਹੈ। ਰਾਜਿੰਦਰ ਸਿੰਘ ਮਾਗੋ ਨੇ ਪੰਜਾਬੀ ਭਾਸ਼ਾ ਸਬੰਧੀ ਕੰਮਾਂ ਅਤੇ ਪ੍ਰਸ਼ੰਸਾ ਮਹੀਨੇ ਅਪਰੈਲ ਬਾਰੇ ਵਿਚਾਰ ਪੇਸ਼ ਕਰਦਿਆਂ ਰਾਜਨੀਤਿਕ ਸਸ਼ਕਤੀਕਰਨ ਲਈ ਨਵੀਂ ਪੀੜ੍ਹੀ ਦੀ ਸ਼ਮੂਲੀਅਤ ਉਤੇ ਜ਼ੋਰ ਦਿੱਤਾ, ਜੋ ਇੱਥੋਂ ਦੇ ਸਿਸਟਮ ਤੋਂ ਜਾਣੂੰ ਹੈ। ਉਨ੍ਹਾਂ ਕਿਹਾ ਕਿ ਹੋਰਨਾਂ ਭਾਈਚਾਰਿਆਂ ਨਾਲੋਂ ਅਸੀਂ (ਸਿੱਖ/ਪੰਜਾਬੀ ਭਾਈਚਾਰੇ ਦੇ ਲੋਕ) ਇਲੀਨਾਇ ਸਟੇਟ ਦੇ ਸਿਆਸੀ ਖੇਤਰ ਵਿੱਚ ਬਹੁਤ ਪਿੱਛੇ ਹਾਂ।

ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬੰਦੇਸ਼ਾ ਨੇ ਇੱਥੇ

⇒ ਬਾਕੀ ਸਫਾ 15 ਉਤੇ ਪੜ੍ਹੋ

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

| | |
|---|---|
| ਬਲਵਿੰਦਰ ਸਿੰਘ (ਬੌਬ) ਸੰਧੂ | ਗੁਰਵਿੰਦਰ ਸਿੰਘ ਬੱਬੂ (ਐਪਲਟਨ) |
| ਦਵਿੰਦਰ ਸਿੰਘ ਰੰਗੀ | ਬਿਕਰਮ ਸਿੰਘ ਸਿੱਧੂ |
| ਮਨਜਿੰਦਰ ਸਿੰਘ (ਮੈਕ) ਭਮਰਾ | ਪਰਮਜੀਤ ਸਿੰਘ ਸਿੱਧੂ (ਮਹਿਰਾਜ) |
| ਗੁਰਿੰਦਰਜੀਤ ਸਿੰਘ ਗਰੇਵਾਲ | ਮਨਮਿੰਦਰ ਸਿੰਘ ਹੀਰ |
| ਦੀਦਾਰ ਸਿੰਘ ਧਨੋਆ | ਬਲਜੀਤ ਸਿੰਘ ਸਿੱਧੂ (ਫਲੋਰਿਡਾ) |
| ਯਾਦਵਿੰਦਰ ਸਿੰਘ (ਰਿੰਪੀ) ਖੱਟੜਾ | ਮਿੰਨੀ ਮੁਲਤਾਨੀ |
| ਅਮਰਜੀਤ ਸਿੰਘ ਢੀਂਡਸਾ | ਗੁਰਪ੍ਰੀਤ ਕੇ. ਸਿੰਘ |
| ਜੋਧ ਸਿੰਘ ਸਿੱਧੂ | ਲਾਲੀ ਧਾਲੀਵਾਲ (ਮਿਸ਼ੀਗਨ) |
| ਬੇਅੰਤ ਸਿੰਘ ਬੈਂਪਾਰਾਏ | ਜਗਜੀਤ ਸਿੰਘ ਖੇੜਾ (ਓਕਲਾਹੋਮਾ) |
| ਅਮਰੀਕ ਸਿੰਘ ਸ਼ਿਕਾਗੋ | ਜਿਗਰਦੀਪ ਸਿੰਘ ਢਿੱਲੋਂ |
| ਕਿਰਪਾਲ ਸਿੰਘ ਰੰਧਾਵਾ | ਇੰਦਰ ਹੁੰਜਣ |
| ਅੰਮ੍ਰਿਤਪਾਲ ਸਿੰਘ ਗਿੱਲ | ਅਮਨਦੀਪ ਸਿੰਘ ਕੁਲਾਰ |
| ਬਲਵਿੰਦਰ ਸਿੰਘ ਚੱਠਾ | ਪਰਮਿੰਦਰ ਸਿੰਘ (ਯੂਬਾ ਸਿਟੀ) |
| ਦਰਸ਼ਨ ਸਿੰਘ ਪੰਮਾ | ਹਰਕੇਵਲ ਸਿੰਘ ਲਾਲੀ |

# ਜਥੇਦਾਰ ਵੱਲੋਂ ਸਰਬੱਤ ਖਾਲਸਾ ਬੁਲਾਉਣ ਦਾ ਸੱਦਾ

ਸਫਾ ਇੱਕ ਦੀ ਬਾਕੀ...

ਪਾਠ ਦੇ 5-5 ਲੱਖ ਰੁਪਏ ਲਏ ਜਾਂਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਸਮੇਤ ਸਿੱਖ ਸੰਸਥਾਵਾਂ ਵਿੱਚ ਜੋ ਵੀ ਬੇਨਿਯਮੀਆਂ ਹੋਈਆਂ/ਹੋ ਰਹੀਆਂ ਹਨ, ਉਨ੍ਹਾਂ ਲਈ ਬਾਦਲ ਪਰਿਵਾਰ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਉਨ੍ਹਾਂ ਸੁਖਬੀਰ ਸਿੰਘ ਬਾਦਲ ਦੀ ਆਪਣੇ ਨਾਲ ਨਿੱਜੀ ਰੰਜਿਸ਼ ਦੀ ਗੱਲ ਕਰਦਿਆਂ ਕਿਹਾ ਕਿ ਸੁਖਬੀਰ ਦਾ ਆਖਣਾ ਹੈ ਕਿ "ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਵੇਖ ਕੇ ਮੈਨੂੰ ਅੱਗ ਲਗਦੀ ਹੈ।"

ਜਲੰਧਰ ਦੇ ਪ੍ਰੈਸ ਕਲੱਬ ਵਿਖੇ 18 ਫਰਵਰੀ ਨੂੰ ਵਿਸ਼ੇਸ਼ ਤੌਰ 'ਤੇ ਆਯੋਜਤ ਕੀਤੀ ਗਈ ਇੱਕ ਪ੍ਰੈਸ ਕਾਨਫਰੰਸ ਵਿੱਚ ਉਨ੍ਹਾਂ ਕਿਹਾ ਕਿ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਦੇ ਸਨਮੁੱਖ ਸੁਖਬੀਰ ਸਿੰਘ ਬਾਦਲ ਨੇ ਆਪਣੇ ਸਾਰੇ ਗੁਨਾਹ ਸਵੀਕਾਰ ਕੀਤੇ, ਪਰ ਬਾਅਦ ਵਿੱਚ ਇਹ ਕਹਿ ਕੇ ਮੁੱਕਰ ਗਏ ਇਹ ਦੋਸ਼ ਤਾਂ ਉਨ੍ਹਾਂ ਨੇ ਉਂਝ ਹੀ ਆਪਣੀ ਝੋਲੀ ਪਵਾ ਲਏ ਸਨ। ਇਸ ਤੋਂ ਇਲਾਵਾ ਜਥੇਦਾਰ ਸਾਹਿਬ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦਾ ਲਾਪਤਾ ਹੋਣਾ, ਜਥੇਦਾਰ ਸਾਹਿਬਾਨ ਨੂੰ ਆਪਣੇ ਘਰ ਸੱਦ ਕੇ ਸੌਦਾ ਸਾਧ ਨੂੰ ਮੁਆਫੀ ਦਿਵਾਉਣੀ ਅਤੇ ਉਸ ਦੀ ਫਿਲਮ ਨੂੰ ਚੱਲਣ ਦੀ ਇਜਾਜ਼ਤ ਦੇਣੀ ਆਦਿ ਸਾਰੇ ਗੁਨਾਹਾਂ ਲਈ ਬਾਦਲ ਪਰਿਵਾਰ ਜ਼ਿੰਮੇਵਾਰ ਹੈ। ਉਨ੍ਹਾਂ ਬਰਗਾੜੀ/ਕੋਟਕਪੂਰਾ ਗੋਲੀ ਕਾਂਡ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਬੇਅਦਬੀ ਵਿਰੁਧ ਰੋਸ ਪ੍ਰਗਟ ਕਰ ਰਹੇ ਸਿੰਘਾਂ 'ਤੇ ਗੋਲੀ ਚਲਾ ਕੇ ਉਨ੍ਹਾਂ ਨੂੰ ਸ਼ਹੀਦ ਕਰਨਾ ਆਦਿ ਸਾਰੇ ਕੁਕਰਮਾਂ ਲਈ ਬਾਦਲ ਪਰਿਵਾਰ ਨੂੰ ਹੀ ਜ਼ਿੰਮੇਵਾਰ ਠਹਿਰਾਇਆ। ਇਸ ਤੋਂ ਇਲਾਵਾ ਉਨ੍ਹਾਂ ਗੁਰੂ ਦੀ ਗੋਲਕ ਦੀ ਬਾਦਲ ਪਰਿਵਾਰ ਵੱਲੋਂ ਆਪਣੇ ਸਿਆਸੀ ਮਕਸਦ ਲਈ ਦੁਰਵਰਤੋਂ ਦੇ ਦੋਸ਼ ਵੀ ਲਾਏ ਹਨ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸੌਦਾ ਸਾਧ ਦੀ ਮੁਆਫੀ ਤੋਂ ਬਾਅਦ ਕਰੋੜਾਂ ਰੁਪਏ ਦੇ ਇਸ਼ਤਿਹਾਰ ਗੁਰੂ ਦੀ ਗੋਲਕ ਵਿੱਚੋਂ ਦਿੱਤੇ ਗਏ। ਇੱਕ ਹੋਰ ਦੋਸ਼ ਲਾਉਂਦਿਆਂ ਸਿੰਘ ਸਾਹਿਬ ਨੇ ਕਿਹਾ ਕਿ ਅਕਾਲ ਤਖਤ ਸਾਹਿਬ 'ਤੇ ਛੇਵੇਂ ਪਾਤਸ਼ਾਹ ਦੇ ਹੱਥਾਂ ਦੀ ਛੋਹ ਪ੍ਰਾਪਤ ਰਵਾਇਤੀ ਹਥਿਆਰ ਪਏ ਹਨ। ਇਨ੍ਹਾਂ ਵਿੱਚੋਂ ਇੱਕ ਕਿਰਪਾਨ ਦਾ ਮੁੱਠਾ ਟੁੱਟ ਗਿਆ ਸੀ। ਬਾਅਦ ਵਿੱਚ ਇਸ ਕਿਰਪਾਨ ਨੂੰ ਸੋਨੇ ਦਾ ਮੁੱਠਾ ਚੜ੍ਹਾ ਦਿੱਤਾ ਗਿਆ। ਉਨ੍ਹਾਂ ਮੰਗ ਕੀਤੀ ਕਿ ਇਹ ਦੱਸਿਆ ਜਾਵੇ ਕਿ ਗੁਰੂ ਜੀ ਦੀ ਛੋਹ ਪ੍ਰਾਪਤ ਅਸਲ ਮੁੱਠਾ ਕਿੱਥੇ ਹੈ? ਇਸ ਤੋਂ ਇਲਾਵਾ ਗੁਰੂ ਸਾਹਿਬ ਦੇ ਦਸਤਖਤਾਂ ਵਾਲੀ ਇੱਕ ਗੁਰੂ ਗ੍ਰੰਥ ਸਾਹਿਬ ਦੀ ਬੀੜ ਤੋਸ਼ੇ ਖਾਨੇ ਵਿੱਚ ਮੌਜੂਦ ਹੁੰਦੀ ਸੀ, ਉਹਦੇ ਬਾਰੇ ਵੀ ਇਹ ਪਤਾ ਨਹੀਂ ਲੱਗ ਰਿਹਾ ਕਿ ਇਹ ਬੀੜ ਕਿੱਥੇ ਹੈ ਅਤੇ ਇਸ ਨਾਲ ਕੀ ਕੀਤਾ ਜਾ ਰਿਹਾ ਹੈ।

ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ 2 ਦਸੰਬਰ ਦੇ ਹੁਕਮਨਾਮੇ ਕਾਰਨ ਉਨ੍ਹਾਂ ਨਾਲ ਹੁਣ ਤੱਕ ਕਿੜ ਕੱਢੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਤਰਨਤਾਰਨ ਦੀ ਜ਼ਿਮਨੀ ਚੋਣ ਵੇਲੇ ਉਨ੍ਹਾਂ ਨੂੰ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਦੇ ਪੱਖ ਵਿੱਚ ਚੋਣ ਪ੍ਰਚਾਰ ਕਰਨ ਲਈ ਕਿਹਾ ਗਿਆ, ਪਰ ਉਨ੍ਹਾਂ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ। ਸਾਬਕਾ ਜਥੇਦਾਰ ਅਨੁਸਾਰ ਉਨ੍ਹਾਂ ਉੱਤੇ ਇਹ ਦਬਾਅ ਵੀ ਪਾਇਆ ਗਿਆ ਕਿ 2 ਦਸੰਬਰ ਦੇ ਹੁਕਮਨਾਮੇ ਬਾਰੇ ਇਹ ਸਪਸ਼ਟੀਕਰਨ ਦੇ ਦੇਣ ਕਿ ਇਹ ਹੁਕਮਨਾਮਾ ਭਾਜਪਾ ਦੇ ਕਹਿਣ 'ਤੇ ਜਾਰੀ ਕੀਤਾ ਗਿਆ ਸੀ। ਪਰ ਉਨ੍ਹਾਂ ਨੇ ਅਜਿਹਾ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਸਾਬਕਾ ਜਥੇਦਾਰ ਨੇ ਕਿਹਾ ਕਿ ਅਜਿਹੇ ਹਾਲਾਤ ਵਿੱਚ ਸਿਰਫ ਸਰਬੱਤ ਖਾਲਸਾ ਹੀ ਸਿੱਖ ਸੰਸਥਾਵਾਂ ਨੂੰ ਬਚਾਅ ਸਕਦਾ ਹੈ। ਉਨ੍ਹਾਂ ਸਮੁੱਚੇ ਖਾਲਸਾ ਪੰਥ ਨੂੰ ਅਪੀਲ ਕੀਤੀ ਕਿ ਜਿੰਨੀ ਜਲਦੀ ਹੋ ਸਕੇ, ਸਰਬੱਤ ਖਾਲਸਾ ਦੀ ਇਕੱਤਰਤਾ ਬੁਲਾਈ ਜਾਵੇ ਤਾਂ ਕਿ ਸਿੱਖ ਸੰਸਥਾਵਾਂ ਦੇ ਲਗਾਤਾਰ ਹੋ ਰਹੇ ਪਤਨ ਨੂੰ ਰੋਕਿਆ ਜਾ ਸਕੇ।

ਗਿਆਨੀ ਰਘਬੀਰ ਸਿੰਘ ਵੱਲੋਂ ਕੀਤੀ ਗਈ ਇਸ ਅਪੀਲ ਤੋਂ ਬਾਅਦ ਹੋਰ ਵੀ ਬਹੁਤ ਸਾਰੇ ਸਿੱਖ ਵਿਦਵਾਨਾਂ, ਕਾਰਕੁੰਨਾਂ ਅਤੇ ਸਿਆਸੀ ਆਗੂਆਂ ਨੇ ਸਿੱਖ ਸੰਸਥਾਵਾਂ ਵਿੱਚ ਫੈਲੇ ਭ੍ਰਿਸ਼ਟਾਚਾਰ 'ਤੇ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਸਿੱਖ/ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੇ ਇੱਕ ਟੈਲੀਵੀਜ਼ਨ ਨਾਲ ਇੰਟਰਵਿਊ ਵਿੱਚ ਕਿਹਾ ਕਿ ਉਨ੍ਹਾਂ ਕੋਲ ਅਜਿਹੀਆਂ 30 ਬੇਨਿਯਮੀਆਂ ਦੇ ਸਬੂਤ ਹਨ ਅਤੇ ਇਨ੍ਹਾਂ ਮਾਮਲਿਆਂ ਵਿੱਚ ਉਨ੍ਹਾਂ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਕੋਲ ਕੇਸ ਵੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਉਹ ਇਹ ਸਬੂਤ ਗਿਆਨੀ ਰਘਬੀਰ ਸਿੰਘ ਨੂੰ ਸੌਂਪਣਗੇ। ਸ. ਸਿਰਸਾ ਨੇ ਕਿਹਾ ਕਿ ਮਸੰਦਾਂ ਤੋਂ ਵੀ ਭੈੜੀ ਜਮਾਤ ਦਾ ਸਿੱਖ ਸੰਸਥਾਵਾਂ 'ਤੇ ਕਬਜਾ ਹੋ ਗਿਆ ਹੈ, ਇਸ ਸਿੱਖ ਆਵਾਮ ਖਾਸ ਕਰਕੇ ਸਿੱਖ ਜਵਾਨੀ ਨੂੰ ਇਸ ਮਾਮਲੇ ਵਿੱਚ ਸੰਗਠਿਤ ਹੋਣ ਦੀ ਤੁਰੰਤ ਲੋੜ ਹੈ। ਇਸ ਦੌਰਾਨ ਸਿੱਖ ਬੁੱਧੀਜੀਵੀ ਡਾ. ਅਨੁਰਾਗ ਸਿੰਘ ਨੇ ਕਿਹਾ ਕਿ ਬਲਿਊ ਸਟਾਰ ਅਪਰੇਸ਼ਨ ਤੋਂ ਬਾਅਦ ਸਿੱਖ ਰੈਫਰੈਂਸ ਲਾਇਬਰੇਰੀ ਵਿੱਚੋਂ ਫੌਜ ਵੱਲੋਂ ਚੁੱਕੀਆਂ ਗਈਆਂ ਕੁੱਲ ਹੱਥ ਲਿਖਤਾਂ ਵਿੱਚੋਂ 205 ਹੀ ਵਾਪਸ ਕੀਤੀਆਂ ਗਈਆਂ ਹਨ। ਸਵਾ ਦੋ ਸੌ ਦੇ ਕਰੀਬ ਹੋਰ ਹੱਥ ਲਿਖਤਾਂ ਦਾ ਹਾਲੇ ਥਹੁ ਪਤਾ ਨਹੀਂ ਹੈ ਕਿ ਉਹ ਕਿੱਥੇ ਹਨ!

ਇਸ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਵਡਾਲਾ ਨੇ ਗੁਰਦੁਆਰਾ ਪ੍ਰਬੰਧ ਉੱਤੇ ਕਾਬਜ ਹੋ ਗਏ ਕਥਿਤ 'ਅਜੋਕੇ ਮਹੰਤਾਂ' ਖਿਲਾਫ ਸੰਘਰਸ਼ ਵਿੱਢਣ ਲਈ ਅਕਾਲ ਤਖਤ ਸਾਹਿਬ ਦੇ ਸਨਮੁਖ ਅਰਦਾਸ ਕਰਕੇ ਅਹਿਦ ਕੀਤਾ ਹੈ। ਇੱਥੇ ਜ਼ਿਕਰਯੋਗ ਹੈ ਕਿ ਹਾਲੇ ਪਿੱਛੇ ਜਿਹੇ ਹੀ ਪੰਜਾਬ ਸਰਕਾਰ ਨੇ ਗੁਰੂ ਗ੍ਰੰਥ ਸਾਹਿਬ ਦੇ 328 ਸਰੂਪਾਂ ਦੇ ਲਾਪਤਾ ਹੋਣ ਦੇ ਮਾਮਲੇ ਵਿੱਚ ਅੰਮ੍ਰਿਤਸਰ ਦੇ ਇੱਕ ਥਾਣੇ ਵਿੱਚ ਕੇਸ ਦਰਜ ਕੀਤਾ ਸੀ। ਜਿਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਅਕਾਊਂਟੈਂਟ ਕੋਹਲੀ ਦੀ ਗ੍ਰਿਫਤਾਰੀ ਵੀ ਹੋਈ ਸੀ। ਇਸ ਤੋਂ ਬਾਅਦ ਪਤਾ ਲੱਗਾ ਸੀ ਕਿ ਇਨ੍ਹਾਂ ਵਿੱਚੋਂ ਕੁਝ ਸਰੂਪ ਅਕਾਲੀ ਸਿਆਸਤਦਾਨਾਂ ਦੀ ਸਿਫਰਾਸ਼ 'ਤੇ ਨਵਾਂਸ਼ਹਿਰ ਦੇ ਇੱਕ ਡੇਰੇ ਨੂੰ ਦਿੱਤੇ ਗਏ ਸਨ। ਕਿਹਾ ਜਾ ਰਿਹਾ ਹੈ ਕਿ ਇਸ ਡੇਰੇ ਵਿੱਚ ਸਿੱਖ ਰਹਿਤ ਮਰਿਯਾਦਾ ਦਾ ਕੋਈ ਖਿਆਲ ਨਹੀਂ ਰੱਖਿਆ ਜਾਂਦਾ। ਇਨ੍ਹਾਂ 328 ਸਰੂਪਾਂ ਦੇ ਮਾਮਲੇ ਵਿੱਚ ਵੀ ਭਾਈ ਬਲਦੇਵ ਸਿੰਘ ਵਡਾਲਾ ਨੇ ਸ੍ਰੀ ਦਰਬਾਰ ਸਾਹਿਬ ਨੂੰ ਜਾਂਦੇ ਵਿਰਾਸਤੀ ਮਾਰਗ 'ਤੇ ਲਗਾਤਾਰ ਧਰਨਾ ਦਿੱਤਾ ਹੈ। ਉਨ੍ਹਾਂ ਦੇ ਇਸ ਸਿਰੜੀ ਸੰਘਰਸ਼ ਕਾਰਨ ਹੀ ਪੰਜਾਬ ਸਰਕਾਰ ਨੂੰ ਲਾਪਤਾ 328 ਸਰੂਪਾਂ ਦੇ ਮਾਮਲੇ ਵਿੱਚ ਆਖਿਰ ਕਾਰਵਾਈ ਕਰਨੀ ਪਈ। ਪਰ ਇੱਕ ਰੌਲੇ-ਗੌਲੇ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਹੁਣ ਇਸ ਸੰਬੰਧ ਵਿੱਚ ਗੰਭੀਰ ਕਾਰਵਾਈ ਤੋਂ ਮੁੱਖ ਮੋੜ ਲਿਆ ਗਿਆ ਲਗਦਾ ਹੈ।







# ਸਰਹੱਦੀ ਪੰਜਾਬ 'ਚ ਨਸ਼ਾ ਤੇ ਹਥਿਆਰ ਤਸਕਰੀ ਦਾ ਨਵਾਂ ਖ਼ਤਰਾ

**ਪੰਜਾਬੀ ਪਰਵਾਜ਼ ਬਿਊਰੋ**

ਪੰਜਾਬ ਦੇ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਨਸ਼ਾ ਅਤੇ ਹਥਿਆਰ ਤਸਕਰੀ ਦਾ ਰੂਪ ਹੁਣ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਤਾਜ਼ਾ ਪੁਲਿਸ ਇਨਪੁੱਟਾਂ ਨੇ ਇੱਕ ਚਿੰਤਾਜਨਕ ਸੱਚਾਈ ਸਾਹਮਣੇ ਰੱਖੀ ਹੈ ਕਿ ਤਸਕਰ ਹੁਣ ਸਕੂਲੀ ਬੱਚਿਆਂ ਨੂੰ ਚੰਦ ਰੁਪਏ ਦਾ ਲਾਲਚ ਦੇ ਕੇ ਨਸ਼ਿਆਂ ਅਤੇ ਹਥਿਆਰਾਂ ਦੀ ਡਿਲਿਵਰੀ ਲਈ ਵਰਤ ਰਹੇ ਹਨ। ਇਹ ਸਿਰਫ਼ ਕਾਨੂੰਨੀ ਚੁਣੌਤੀ ਹੀ ਨਹੀਂ, ਸਗੋਂ ਸਮਾਜ ਅਤੇ ਭਵਿੱਖ ਲਈ ਵੀ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਰੁਝਾਨ ਨਾ ਸਿਰਫ਼ ਬੱਚਿਆਂ ਦੇ ਭਵਿੱਖ ਨੂੰ ਹਨੇਰੇ ਵੱਲ ਧੱਕ ਰਿਹਾ ਹੈ, ਸਗੋਂ ਪੰਜਾਬ ਦੀ ਸੁਰੱਖਿਆ ਅਤੇ ਸਮਾਜਿਕ ਢਾਂਚੇ ਲਈ ਵੀ ਵੱਡੀ ਚੇਤਾਵਨੀ ਹੈ।

**ਸਰਹੱਦੀ ਜ਼ਿਲ੍ਹਿਆਂ ਵਿੱਚ ਵਧ ਰਿਹੈ ਖ਼ਤਰਾ**

ਪੁਲਿਸ ਅਤੇ ਸੁਰੱਖਿਆ ਏਜੰਸੀਆਂ ਅਨੁਸਾਰ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਪਠਾਨਕੋਟ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਵਰਗੇ ਸਰਹੱਦੀ ਜ਼ਿਲ੍ਹਿਆਂ ਵਿੱਚ ਇਹ ਸਮੱਸਿਆ ਸਭ ਤੋਂ ਵੱਧ ਗੰਭੀਰ ਹੈ। ਇਹ ਇਲਾਕੇ ਪਾਕਿਸਤਾਨ ਨਾਲ ਲੱਗਦੇ ਹਨ ਅਤੇ ਇੱਥੇ ਤਸਕਰੀ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ।

ਬਾਰਡਰ ਸੁਰੱਖਿਆ ਬਲ (ਬੀ.ਐਸ.ਐਫ.) ਦੇ ਅੰਕੜਿਆਂ ਅਨੁਸਾਰ 2023 ਅਤੇ 2024 ਦੌਰਾਨ ਪੰਜਾਬ ਸਰਹੱਦ ਤੋਂ 600 ਕਿਲੋਗ੍ਰਾਮ ਤੋਂ ਵੱਧ ਹੈਰੋਇਨ ਬਰਾਮਦ ਕੀਤੀ ਗਈ। ਇਸ ਦੇ ਨਾਲ ਹੀ ਦਰਜਨਾਂ ਡਰੋਨ ਅਤੇ ਹਥਿਆਰਾਂ ਦੀਆਂ ਖੇਪਾਂ ਵੀ ਫੜੀਆਂ ਗਈਆਂ। ਇਹ ਸਾਰਾ ਸਮਾਨ ਅਕਸਰ ਸਰਹੱਦ ਪਾਰ ਤੋਂ ਭੇਜਿਆ ਜਾਂਦਾ ਹੈ ਅਤੇ ਇਸ ਨੂੰ ਅੰਦਰੂਨੀ ਇਲਾਕਿਆਂ ਤੱਕ ਪਹੁੰਚਾਉਣ ਲਈ ਸਥਾਨਕ ਨੈੱਟਵਰਕ ਦੀ ਵਰਤੋਂ ਹੁੰਦੀ ਹੈ। ਹੁਣ ਇਸ ਨੈੱਟਵਰਕ ਵਿੱਚ ਨਾਬਾਲਗ ਬੱਚਿਆਂ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ।

**ਬੱਚਿਆਂ ਨੂੰ ਬਣਾਇਆ ਜਾ ਰਿਹਾ ਹੈ ਤਸਕਰੀ ਦਾ ਸਾਧਨ**

ਪੁਲਿਸ ਅਧਿਕਾਰੀਆਂ ਅਨੁਸਾਰ ਤਸਕਰ ਜਾਣਬੁੱਝ ਕੇ ਨਾਬਾਲਗਾਂ ਨੂੰ ਵਰਤ ਰਹੇ ਹਨ, ਕਿਉਂਕਿ ਉਨ੍ਹਾਂ 'ਤੇ ਸ਼ੱਕ ਘੱਟ ਹੁੰਦਾ ਹੈ। ਸਕੂਲੀ ਬੱਚਿਆਂ ਨੂੰ ਛੋਟੇ ਪੈਕੇਟ ਇੱਕ ਥਾਂ ਤੋਂ ਦੂਜੇ ਥਾਂ ਲਿਜਾਣ ਲਈ ਕਿਹਾ ਜਾਂਦਾ ਹੈ ਅਤੇ ਇਸ ਦੇ ਬਦਲੇ ਉਨ੍ਹਾਂ ਨੂੰ 500 ਤੋਂ 2000 ਰੁਪਏ ਤੱਕ ਦਿੱਤੇ ਜਾਂਦੇ ਹਨ। ਕਈ ਮਾਮਲਿਆਂ ਵਿੱਚ ਬੱਚਿਆਂ ਨੂੰ ਪਹਿਲਾਂ ਪੈਸਿਆਂ ਦਾ ਲਾਲਚ ਦਿੱਤਾ ਜਾਂਦਾ ਹੈ ਅਤੇ ਫਿਰ

***ਨਾਬਾਲਗ ਬੱਚੇ ਬਣ ਰਹੇ ਹਨ ਤਸਕਰਾਂ ਦੇ 'ਡਿਲਿਵਰੀ ਬੁਆਏ'**

ਉਨ੍ਹਾਂ ਨੂੰ ਡਰ ਅਤੇ ਦਬਾਅ ਰਾਹੀਂ ਇਸ ਕੰਮ ਵਿੱਚ ਫਸਾ ਲਿਆ ਜਾਂਦਾ ਹੈ। ਇੱਕ ਵਾਰ ਇਸ ਜਾਲ਼ ਵਿੱਚ ਫਸਣ ਤੋਂ ਬਾਅਦ ਬਾਹਰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਸਮਾਜ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਬੱਚਿਆਂ ਦੇ ਮਨੋਵਿਗਿਆਨ 'ਤੇ ਵੀ ਮਾੜਾ ਅਸਰ ਪਾਉਂਦਾ ਹੈ ਅਤੇ ਉਹ ਛੋਟੀ ਉਮਰ ਵਿੱਚ ਹੀ ਅਪਰਾਧ ਦੀ ਦੁਨੀਆ ਨਾਲ ਜੁੜ ਜਾਂਦੇ ਹਨ।

**ਸਕੂਲ ਛੱਡਣ ਵਾਲੇ ਬੱਚਿਆਂ ਦੀ ਵਧਦੀ ਗਿਣਤੀ**

ਸਰਹੱਦੀ ਇਲਾਕਿਆਂ ਵਿੱਚ ਸਕੂਲ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਵੀ ਇੱਕ ਵੱਡੀ ਚਿੰਤਾ ਬਣ ਗਿਆ ਹੈ। ਸਿੱਖਿਆ ਵਿਭਾਗ ਦੇ ਅੰਦਾਜ਼ਿਆਂ ਮੁਤਾਬਕ ਕੁਝ ਸਰਹੱਦੀ ਬਲਾਕਾਂ ਵਿੱਚ ਸਕੂਲ ਡਰਾਪਆਊਟ ਦਰ 8 ਤੋਂ 12 ਫ਼ੀਸਦੀ ਤੱਕ ਪਹੁੰਚ ਗਈ ਹੈ, ਜੋ ਕਿ ਆਮ ਦਰ ਨਾਲੋਂ ਕਾਫ਼ੀ ਵੱਧ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਗਰੀਬੀ, ਬੇਰੁਜ਼ਗਾਰੀ ਅਤੇ ਆਸਾਨੀ ਨਾਲ ਮਿਲਣ ਵਾਲੇ ਪੈਸੇ ਦਾ ਲਾਲਚ ਇਸ ਦਾ ਮੁੱਖ ਕਾਰਨ ਹੈ। ਕਈ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹਨ ਅਤੇ ਬੱਚੇ ਛੋਟੀ ਉਮਰ ਵਿੱਚ ਹੀ ਕਮਾਈ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸ ਨਾਲ ਤਸਕਰਾਂ ਨੂੰ ਉਨ੍ਹਾਂ ਨੂੰ ਆਪਣੇ ਜਾਲ਼ ਵਿੱਚ ਫਸਾਉਣ ਦਾ ਮੌਕਾ ਮਿਲ ਜਾਂਦਾ ਹੈ।

**ਸਰਕਾਰ ਵੱਲੋਂ ਵੱਡਾ ਸਰਵੇਖਣ ਕਰਨ ਦਾ ਫ਼ੈਸਲਾ**

ਇਸ ਗੰਭੀਰ ਸਥਿਤੀ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਸਰਹੱਦੀ ਇਲਾਕਿਆਂ ਵਿੱਚ ਸਕੂਲ ਛੱਡਣ ਵਾਲੇ ਬੱਚਿਆਂ ਦੀ ਵਿਸਥਾਰ ਨਾਲ ਮੈਪਿੰਗ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਤਹਿਤ ਇਹ ਪਤਾ ਲਾਇਆ ਜਾਵੇਗਾ ਕਿ ਕਿੰਨੇ ਬੱਚਿਆਂ ਨੇ ਸਕੂਲ ਛੱਡਿਆ ਹੈ, ਉਨ੍ਹਾਂ ਦੇ ਕਾਰਨ ਕੀ ਹਨ ਅਤੇ ਉਹ ਇਸ ਸਮੇਂ ਕੀ ਕਰ ਰਹੇ ਹਨ।

ਮੁੱਖ ਮੰਤਰੀ ਅਤੇ ਉੱਚ ਪੁਲਿਸ ਅਧਿਕਾਰੀਆਂ ਦੀ ਇੱਕ ਉੱਚ ਪੱਧਰੀ ਮੀਟਿੰਗ ਵਿੱਚ ਇਸ ਮਾਮਲੇ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਸਰਕਾਰ ਨੇ ਸਿੱਖਿਆ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ ਕਿ ਸੰਵੇਦਨਸ਼ੀਲ ਇਲਾਕਿਆਂ ਵਿੱਚ ਖਾਸ ਧਿਆਨ ਦਿੱਤਾ ਜਾਵੇ। ਜੇ ਲੋੜ ਪਈ ਤਾਂ ਮਾਪਿਆਂ ਨਾਲ ਵੀ ਸੰਪਰਕ ਕੀਤਾ ਜਾਵੇਗਾ ਅਤੇ ਬੱਚਿਆਂ ਨੂੰ ਮੁੜ ਸਕੂਲਾਂ ਨਾਲ ਜੋੜਣ ਦੀ ਕੋਸ਼ਿਸ਼ ਕੀਤੀ ਜਾਵੇਗੀ।



**ਡਰੋਨ ਤਸਕਰੀ ਨਾਲ ਵਧੀ ਚੁਣੌਤੀ**

ਪਿਛਲੇ ਕੁਝ ਸਾਲਾਂ ਵਿੱਚ ਡਰੋਨ ਰਾਹੀਂ ਤਸਕਰੀ ਦੇ ਮਾਮਲੇ ਕਾਫ਼ੀ ਵਧੇ ਹਨ। 2024 ਵਿੱਚ ਹੀ ਪੰਜਾਬ ਸਰਹੱਦ 'ਤੇ 100 ਤੋਂ ਵੱਧ ਡਰੋਨ ਫੜੇ ਗਏ। ਇਹ ਡਰੋਨ ਨਸ਼ਿਆਂ, ਹਥਿਆਰਾਂ ਅਤੇ ਗੋਲਾਬਾਰੂਦ ਦੀ ਸਪਲਾਈ ਲਈ ਵਰਤੇ ਜਾ ਰਹੇ ਹਨ। ਇਹ ਸਮਾਨ ਸਰਹੱਦ ਨੇੜੇ ਸੁੱਟਿਆ ਜਾਂਦਾ ਹੈ ਅਤੇ ਇਸ ਨੂੰ ਇਕੱਠਾ ਕਰਨ ਅਤੇ ਅੱਗੇ ਪਹੁੰਚਾਉਣ ਲਈ ਸਥਾਨਕ ਨੈੱਟਵਰਕ ਦੀ ਵਰਤੋਂ ਹੁੰਦੀ ਹੈ, ਜਿਸ ਵਿੱਚ ਹੁਣ ਬੱਚਿਆਂ ਦੀ ਭੂਮਿਕਾ ਵਧ ਰਹੀ ਹੈ।

ਸਰਕਾਰ ਨੇ ਇਸ ਸਮੱਸਿਆ ਨਾਲ ਨਜਿੱਠਣ ਲਈ ਨੌਜਵਾਨਾਂ ਲਈ ਕਰੀਅਰ ਕਾਊਂਸਲਿੰਗ ਅਤੇ ਸਕਿਲ ਡਿਵੈਲਪਮੈਂਟ ਪ੍ਰੋਗਰਾਮ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦਾ ਮਕਸਦ ਨੌਜਵਾਨਾਂ ਨੂੰ ਰੋਜ਼ਗਾਰ ਅਤੇ ਸਿੱਖਿਆ ਨਾਲ ਜੋੜਨਾ ਹੈ, ਤਾਂ ਜੋ ਉਹ ਗਲਤ ਰਸਤੇ 'ਤੇ ਨਾ ਜਾਣ।

ਪੰਜਾਬ ਪੁਲਿਸ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਤਸਕਰਾਂ ਦੇ ਬਹਿਕਾਵੇ ਵਿੱਚ ਨਾ ਆਉਣ। ਉਨ੍ਹਾਂ ਨੇ ਕਿਹਾ ਕਿ ਜੋ ਨੌਜਵਾਨ ਇਸ ਜਾਲ਼ ਵਿੱਚ ਫਸ ਚੁੱਕੇ ਹਨ, ਉਹ ਪੁਲਿਸ ਕੋਲ ਆ ਕੇ ਸਰੰਡਰ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਮੁੜ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾਵੇਗਾ।

**ਸਮਾਜ ਤੇ ਪਰਿਵਾਰ ਦੀ ਭੂਮਿਕਾ ਵੀ ਅਹਿਮ**

ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਮੱਸਿਆ ਨਾਲ ਨਜਿੱਠਣ ਲਈ ਸਿਰਫ਼ ਪੁਲਿਸ ਕਾਰਵਾਈ ਹੀ ਕਾਫ਼ੀ ਨਹੀਂ ਹੈ। ਸਮਾਜ ਅਤੇ ਪਰਿਵਾਰ ਨੂੰ ਵੀ ਅੱਗੇ ਆਉਣਾ ਪਵੇਗਾ। ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸਹੀ ਮਾਰਗ 'ਤੇ ਲੈ ਜਾਣਾ ਚਾਹੀਦਾ ਹੈ। ਸਕੂਲਾਂ ਨੂੰ ਵੀ ਬੱਚਿਆਂ ਦੀ ਕਾਊਂਸਲਿੰਗ 'ਤੇ ਧਿਆਨ ਦੇਣਾ ਚਾਹੀਦਾ ਹੈ।

**ਪੰਜਾਬ ਦੇ ਭਵਿੱਖ ਲਈ ਵੱਡੀ ਚੇਤਾਵਨੀ**

ਪੰਜਾਬ ਪਹਿਲਾਂ ਹੀ ਨਸ਼ਿਆਂ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਹੁਣ ਜੇ ਨਾਬਾਲਗ ਬੱਚੇ ਵੀ ਇਸ ਵਿੱਚ ਫਸਣ ਲੱਗ ਪਏ, ਤਾਂ ਇਹ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ। ਇਹ ਸਿਰਫ਼ ਕਾਨੂੰਨੀ ਮਾਮਲਾ ਨਹੀਂ, ਸਗੋਂ ਪੰਜਾਬ ਦੇ ਭਵਿੱਖ ਦਾ ਸਵਾਲ ਹੈ। ਜੇ ਸਮੇਂ ਸਿਰ ਸਖ਼ਤ ਕਦਮ ਨਾ ਚੁੱਕੇ ਗਏ, ਤਾਂ ਪੂਰੀ ਪੀੜ੍ਹੀ ਇਸ ਦਾ ਸ਼ਿਕਾਰ ਹੋ ਸਕਦੀ ਹੈ। ਸਰਕਾਰ, ਪੁਲਿਸ ਅਤੇ ਸਮਾਜ ਨੂੰ ਮਿਲ ਕੇ ਇਸ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ, ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਇਸ ਖ਼ਤਰਨਾਕ ਜਾਲ਼ ਤੋਂ ਬਚਾਇਆ ਜਾ ਸਕੇ ਅਤੇ ਸਰਹੱਦੀ ਇਲਾਕਿਆਂ ਦਾ ਭਵਿੱਖ ਸੁਰੱਖਿਅਤ ਬਣਾਇਆ ਜਾ ਸਕੇ।

# ਦਹਿਸ਼ਤ ਦੇ ਸਾਏ ਹੇਠ ਪੰਜਾਬ: ਗੈਂਗਸਟਰ ਹਿੰਸਾ ਵੱਡੀ ਚੁਣੌਤੀ

ਪੰਜਾਬ ਦੀ ਧਰਤੀ ਜੋ ਕਦੇ ਮਿਹਨਤ, ਵਪਾਰ ਅਤੇ ਹੌਸਲੇ ਦੀ ਮਿਸਾਲ ਮੰਨੀ ਜਾਂਦੀ ਸੀ, ਅੱਜਕੱਲ੍ਹ ਡਰ ਅਤੇ ਅਸਥਿਰਤਾ ਦੇ ਸਾਏ ਹੇਠ ਆਉਂਦੀ ਨਜ਼ਰ ਆ ਰਹੀ ਹੈ। ਪਿਛਲੇ ਕੁਝ ਮਹੀਨਿਆਂ ਦੌਰਾਨ ਲਗਾਤਾਰ ਵਧ ਰਹੀਆਂ ਹਿੰਸਕ ਵਾਰਦਾਤਾਂ ਅਤੇ ਗੈਂਗਸਟਰਾਂ ਦੇ ਹਮਲਿਆਂ ਨੇ ਆਮ ਲੋਕਾਂ ਦੇ ਨਾਲ-ਨਾਲ ਵਪਾਰੀ ਵਰਗ ਨੂੰ ਵੀ ਗਹਿਰੇ ਸਹਿਮ ਵਿੱਚ ਧੱਕ ਦਿੱਤਾ ਹੈ। ਹਾਲਾਤ ਇਹ ਹਨ ਕਿ ਕਈ ਵਪਾਰੀ ਆਪਣੀ ਸੁਰੱਖਿਆ ਨੂੰ ਲੈ ਕੇ ਖੁਦ ਨੂੰ ਬੇਬਸ ਮਹਿਸੂਸ ਕਰ ਰਹੇ ਹਨ ਅਤੇ ਪੁਲਿਸ ਨਾਲ ਸਹਿਯੋਗ ਕਰਨ ਤੋਂ ਵੀ ਹਿਚਕਚਾ ਰਹੇ ਹਨ। ਇਹ ਸਿਰਫ਼ ਕਾਨੂੰਨ-ਵਿਵਸਥਾ ਦੀ ਸਮੱਸਿਆ ਨਹੀਂ, ਸਗੋਂ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਢਾਂਚੇ ਲਈ ਵੀ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ।

ਪਿਛਲੇ ਪੰਜ ਮਹੀਨਿਆਂ ਦੌਰਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਘੱਟੋ-ਘੱਟ ਛੇ ਵਪਾਰੀਆਂ ਦੀ ਹੱਤਿਆ ਹੋ ਚੁੱਕੀ ਹੈ। ਇਹ ਵਾਰਦਾਤਾਂ ਕਿਸੇ ਇਕ ਇਲਾਕੇ ਤੱਕ ਸੀਮਿਤ ਨਹੀਂ, ਸਗੋਂ ਗੁਰਦਾਸਪੁਰ, ਲੁਧਿਆਣਾ, ਜਲੰਧਰ, ਨਵਾਂਸ਼ਹਿਰ, ਤਰਨਤਾਰਨ ਅਤੇ ਫ਼ਿਰੋਜ਼ਪੁਰ ਵਰਗੇ ਮਹੱਤਵਪੂਰਨ ਵਪਾਰਕ ਕੇਂਦਰਾਂ 'ਚ ਵਾਪਰੀਆਂ ਹਨ। ਇਹ ਘਟਨਾਵਾਂ ਦਰਸਾਉਂਦੀਆਂ ਹਨ ਕਿ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਹੁਣ ਵਪਾਰੀ ਵਰਗ ਸਿੱਧੇ ਤੌਰ 'ਤੇ ਆ ਗਿਆ ਹੈ।

27 ਜਨਵਰੀ ਨੂੰ ਗੁਰਦਾਸਪੁਰ ਵਿੱਚ ਮੈਡੀਕਲ ਸਟੋਰ ਮਾਲਕ ਰਣਬੀਰ ਸਿੰਘ ਬੇਦੀ ਦੀ ਸਿਰ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਤੋਂ ਕੁਝ ਦਿਨ ਪਹਿਲਾਂ ਲੁਧਿਆਣਾ ਵਿੱਚ ਇਕ ਵਪਾਰੀ ਦੇ ਪੁੱਤਰ ਦੀ ਕੁੱਟਮਾਰ ਕਰ ਕੇ ਹੱਤਿਆ ਕੀਤੀ ਗਈ। ਦਸੰਬਰ ਵਿੱਚ ਜਲੰਧਰ ਦੇ ਸਕ੍ਰੈਪ ਵਪਾਰੀ ਸੰਦੀਪ ਸਿੰਘ ਨੂੰ ਸੁਪਾਰੀ ਦੇ ਕੇ ਮਰਵਾਇਆ ਗਿਆ, ਜਦਕਿ ਨਵਾਂਸ਼ਹਿਰ ਵਿੱਚ ਇਕ ਕਰਿਆਨਾ ਵਪਾਰੀ ਦੀ ਹੱਤਿਆ ਕਰ ਕੇ ਉਸ ਦੀ ਕਾਰ ਨੂੰ ਅੱਗ ਲਗਾ ਦਿੱਤੀ ਗਈ। ਤਰਨਤਾਰਨ ਅਤੇ ਫ਼ਿਰੋਜ਼ਪੁਰ ਵਿੱਚ ਵੀ ਵਪਾਰੀਆਂ ਨੂੰ ਗੋਲੀ ਮਾਰ ਕੇ ਮਾਰਿਆ ਗਿਆ। ਇਹ ਸਾਰੀਆਂ ਵਾਰਦਾਤਾਂ ਦਰਸਾਉਂਦੀਆਂ ਹਨ ਕਿ ਗੈਂਗਸਟਰ ਗਿਰੋਹ ਹੁਣ ਬੇਖੌਫ਼ ਹੋ ਕੇ ਕੰਮ ਕਰ ਰਹੇ ਹਨ।

ਇਨ੍ਹਾਂ ਘਟਨਾਵਾਂ ਨੇ ਵਪਾਰੀ ਵਰਗ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਕਈ ਵਪਾਰੀਆਂ ਦਾ ਕਹਿਣਾ ਹੈ ਕਿ ਉਹ ਧਮਕੀਆਂ ਅਤੇ ਵਸੂਲੀ ਦੀਆਂ ਕੋਸ਼ਿਸ਼ਾਂ ਦਾ ਸਾਹਮਣਾ ਕਰ ਰਹੇ ਹਨ। ਕੁਝ ਵਪਾਰੀਆਂ ਨੂੰ ਫ਼ੋਨ ਜਾਂ ਸੋਸ਼ਲ ਮੀਡੀਆ ਰਾਹੀਂ ਪੈਸੇ ਦੀ ਮੰਗ ਕੀਤੀ ਜਾਂਦੀ ਹੈ ਅਤੇ ਇਨਕਾਰ ਕਰਨ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਜਾਂਦੀ ਹੈ। ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਕਈ ਵਪਾਰੀ ਪੁਲਿਸ ਨੂੰ ਜਾਣਕਾਰੀ ਦੇਣ ਤੋਂ ਵੀ ਡਰਦੇ ਹਨ। ਉਨ੍ਹਾਂ ਨੂੰ ਇਹ ਡਰ ਸਤਾਉਂਦਾ ਹੈ ਕਿ ਜੇ ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਲੀਕ ਹੋ ਗਈ ਤਾਂ ਉਹ ਖੁਦ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਆ ਸਕਦੇ ਹਨ। ਇਸ ਕਾਰਨ ਕਈ ਵਾਰ ਅਪਰਾਧੀ ਗਿਰੋਹਾਂ ਖ਼ਿਲਾਫ਼ ਕਾਰਵਾਈ ਮੁਸ਼ਕਿਲ ਹੋ ਜਾਂਦੀ ਹੈ।




**ਗੈਂਗਸਟਰ ਨੈੱਟਵਰਕ ਦਾ ਵਧਦਾ ਪ੍ਰਭਾਵ**

ਪੁਲਿਸ ਅਤੇ ਸੁਰੱਖਿਆ ਏਜੰਸੀਆਂ ਅਨੁਸਾਰ ਪੰਜਾਬ ਵਿੱਚ ਕਈ ਗੈਂਗਸਟਰ ਗਿਰੋਹ ਸਰਗਰਮ ਹਨ, ਜੋ ਸਿਰਫ਼ ਰਾਜ ਵਿੱਚ ਹੀ ਨਹੀਂ, ਸਗੋਂ ਵਿਦੇਸ਼ਾਂ ਤੋਂ ਵੀ ਆਪਣਾ ਨੈੱਟਵਰਕ ਚਲਾ ਰਹੇ ਹਨ। ਕੈਨੇਡਾ, ਯੂ.ਕੇ. ਅਤੇ ਹੋਰ ਦੇਸ਼ਾਂ ਵਿੱਚ ਬੈਠੇ ਕੁਝ ਗੈਂਗਸਟਰ ਸੋਸ਼ਲ ਮੀਡੀਆ ਅਤੇ ਇੰਟਰਨੈੱਟ ਰਾਹੀਂ ਆਪਣੇ ਸਾਥੀਆਂ ਨਾਲ ਸੰਪਰਕ ਵਿੱਚ ਰਹਿੰਦੇ ਹਨ ਅਤੇ ਇੱਥੇ ਅਪਰਾਧਾਂ ਨੂੰ ਅੰਜਾਮ ਦਿਵਾਉਂਦੇ ਹਨ। ਇਹ ਗਿਰੋਹ ਵਸੂਲੀ, ਸੁਪਾਰੀ ਕਿਲਿੰਗ, ਨਸ਼ਾ ਤਸਕਰੀ ਅਤੇ ਹਥਿਆਰਾਂ ਦੀ ਸਮੱਗਲਿੰਗ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਲ ਹਨ। ਆਧੁਨਿਕ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੇ ਕਾਰਨ ਇਨ੍ਹਾਂ ਲਈ ਆਪਣੇ ਨੈੱਟਵਰਕ ਨੂੰ ਚਲਾਉਣਾ ਹੋਰ ਆਸਾਨ ਹੋ ਗਿਆ ਹੈ। ਕਈ ਵਾਰ ਛੋਟੇ ਅਪਰਾਧੀ ਜਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਪੈਸੇ ਦਾ ਲਾਲਚ ਦੇ ਕੇ ਇਸ ਜਾਲ਼ ਵਿੱਚ ਫਸਾ ਲਿਆ ਜਾਂਦਾ ਹੈ।

**ਕਾਨੂੰਨ-ਵਿਵਸਥਾ ਅਤੇ ਆਰਥਿਕਤਾ 'ਤੇ ਅਸਰ**

ਵਪਾਰੀ ਕਿਸੇ ਵੀ ਰਾਜ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਜਦੋਂ ਵਪਾਰੀ ਹੀ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗਣ ਤਾਂ ਇਸ ਦਾ ਸਿੱਧਾ ਅਸਰ ਨਿਵੇਸ਼ ਅਤੇ ਵਪਾਰ 'ਤੇ ਪੈਂਦਾ ਹੈ। ਕਈ ਵਪਾਰੀ ਹੁਣ ਆਪਣਾ ਕਾਰੋਬਾਰ ਵਧਾਉਣ ਤੋਂ ਹਿਚਕਚਾ ਰਹੇ ਹਨ ਅਤੇ ਕੁਝ ਨਵੇਂ ਨਿਵੇਸ਼ਕ ਵੀ ਪੰਜਾਬ ਵਿੱਚ ਆਉਣ ਤੋਂ ਕਤਰਾਉਂਦੇ ਨਜ਼ਰ ਆ ਰਹੇ ਹਨ। ਜੇ ਇਹ ਰੁਝਾਨ ਜਾਰੀ ਰਿਹਾ, ਤਾਂ ਇਹ ਪੰਜਾਬ ਦੀ ਆਰਥਿਕ ਵਿਕਾਸ ਦਰ 'ਤੇ ਨਕਾਰਾਤਮਕ ਅਸਰ ਪਾ ਸਕਦਾ ਹੈ। ਨਾਲ ਹੀ ਆਮ ਲੋਕਾਂ ਵਿੱਚ ਵੀ ਅਸੁਰੱਖਿਆ ਦੀ ਭਾਵਨਾ ਵਧ ਸਕਦੀ ਹੈ, ਜੋ ਸਮਾਜਿਕ ਸਥਿਰਤਾ ਲਈ ਖ਼ਤਰਨਾਕ ਹੈ।

**ਸਮਾਜਿਕ ਕਾਰਨ ਵੀ ਜ਼ਿੰਮੇਵਾਰ**

ਮਾਹਿਰਾਂ ਅਨੁਸਾਰ ਗੈਂਗਸਟਰਵਾਦ ਦੇ ਵਧਣ ਦੇ ਪਿੱਛੇ ਕਈ ਸਮਾਜਿਕ ਅਤੇ ਆਰਥਿਕ ਕਾਰਨ ਹਨ। ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ ਅਤੇ ਤੇਜ਼ੀ ਨਾਲ ਪੈਸਾ ਕਮਾਉਣ ਦੀ ਇੱਛਾ ਕਈ ਨੌਜਵਾਨਾਂ ਨੂੰ ਅਪਰਾਧ ਦੇ ਰਾਹ 'ਤੇ ਧੱਕ ਰਹੀ ਹੈ। ਸੋਸ਼ਲ ਮੀਡੀਆ 'ਤੇ ਗੈਂਗਸਟਰਾਂ ਦੀ ਬਣਾਈ ਗਈ 'ਹੀਰੋ ਇਮੇਜ' ਵੀ ਕੁਝ ਨੌਜਵਾਨਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਤੋਂ ਇਲਾਵਾ ਕੁਝ ਮਾਮਲਿਆਂ ਵਿੱਚ ਵਿਦੇਸ਼ਾਂ ਵਿੱਚ ਬੈਠੇ ਅਪਰਾਧੀ ਵੀ ਪੰਜਾਬ ਦੇ ਨੌਜਵਾਨਾਂ ਨੂੰ ਆਪਣੇ ਗਿਰੋਹ ਵਿੱਚ ਸ਼ਾਮਲ ਕਰਦੇ ਹਨ। ਇਹ ਰੁਝਾਨ ਸਮਾਜ ਲਈ ਚਿੰਤਾਜਨਕ ਹੈ, ਕਿਉਂਕਿ ਇਹ ਸਿਰਫ਼ ਅਪਰਾਧ ਨਹੀਂ, ਸਗੋਂ ਇੱਕ ਪੂਰੀ ਪੀੜ੍ਹੀ ਨੂੰ ਗਲਤ ਦਿਸ਼ਾ ਵੱਲ ਲੈ ਜਾ ਸਕਦਾ ਹੈ।

**ਸਰਕਾਰ ਅਤੇ ਪੁਲਿਸ ਦਾ ਪੱਖ**

ਵਧ ਰਹੀਆਂ ਘਟਨਾਵਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਅਤੇ ਪੁਲਿਸ ਨੇ ਵਪਾਰੀਆਂ ਦੀ ਸੁਰੱਖਿਆ ਨੂੰ ਲੈ ਕੇ ਕਈ ਕਦਮ ਚੁੱਕਣ ਦਾ ਭਰੋਸਾ ਦਿੱਤਾ ਹੈ। ਹਾਲ ਹੀ ਵਿੱਚ ਇਕ ਉੱਚ ਪੱਧਰੀ ਮੀਟਿੰਗ ਵਿੱਚ ਵਿੱਤ ਮੰਤਰੀ, ਡੀ.ਜੀ.ਪੀ. ਅਤੇ ਵਪਾਰੀ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਵਪਾਰੀਆਂ ਦੀ ਸੁਰੱਖਿਆ ਅਤੇ ਉਨ੍ਹਾਂ ਨਾਲ ਭਰੋਸੇਮੰਦ ਸੰਪਰਕ ਬਣਾਉਣ 'ਤੇ ਜ਼ੋਰ ਦਿੱਤਾ ਗਿਆ।

ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਵਪਾਰੀਆਂ ਵੱਲੋਂ ਦਿੱਤੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ ਅਤੇ ਜੇ ਕਿਸੇ ਪੱਧਰ 'ਤੇ ਲਾਪਰਵਾਹੀ ਜਾਂ ਜਾਣਕਾਰੀ ਲੀਕ ਹੋਣ ਦੀ ਘਟਨਾ ਸਾਹਮਣੇ ਆਈ ਤਾਂ ਸੰਬੰਧਿਤ ਅਧਿਕਾਰੀ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਡੀ.ਜੀ.ਪੀ. ਵੱਲੋਂ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਵਪਾਰੀ ਸੰਸਥਾਵਾਂ ਨਾਲ਼ ਰੈਗੂਲਰ ਮੀਟਿੰਗਾਂ ਕਰਨ ਅਤੇ ਹਰ ਸ਼ਿਕਾਇਤ ਦਾ ਤੁਰੰਤ ਹੱਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਸਰਕਾਰ ਦਾ ਕਹਿਣਾ ਹੈ ਕਿ ਵਪਾਰੀਆਂ ਲਈ ਸੁਰੱਖਿਅਤ ਅਤੇ ਭੈਅ ਮੁਕਤ ਮਾਹੌਲ ਬਣਾਉਣਾ ਉਸ ਦੀ ਪਹਿਲ ਹੈ। ਇਸ ਲਈ ਸੁਰੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਗੈਂਗਸਟਰ ਗਿਰੋਹਾਂ ਖ਼ਿਲਾਫ਼ ਸਖ਼ਤ ਕਾਰਵਾਈ ਜਾਰੀ ਰਹੇਗੀ।

ਪੰਜਾਬ ਇਸ ਵੇਲੇ ਇੱਕ ਅਹਿਮ ਮੋੜ 'ਤੇ ਖੜ੍ਹਾ ਹੈ। ਵਧ ਰਹੀਆਂ ਹਿੰਸਕ ਵਾਰਦਾਤਾਂ ਸਿਰਫ਼ ਕਾਨੂੰਨ-ਵਿਵਸਥਾ ਲਈ ਨਹੀਂ, ਸਗੋਂ ਸਮਾਜ ਅਤੇ ਆਰਥਿਕਤਾ ਲਈ ਵੀ ਵੱਡੀ ਚੁਣੌਤੀ ਹਨ। ਇਸ ਸਮੱਸਿਆ ਦਾ ਹੱਲ ਸਿਰਫ਼ ਪੁਲਿਸ ਕਾਰਵਾਈ ਨਾਲ਼ ਨਹੀਂ, ਸਗੋਂ ਸਮਾਜਕ ਜਾਗਰੂਕਤਾ, ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਅਤੇ ਮਜ਼ਬੂਤ ਪ੍ਰਸ਼ਾਸਨਿਕ ਪ੍ਰਣਾਲੀ ਨਾਲ਼ ਹੀ ਸੰਭਵ ਹੈ। ਜੇ ਸਮੇਂ ਸਿਰ ਪ੍ਰਭਾਵਸ਼ਾਲੀ ਕਦਮ ਚੁੱਕੇ ਗਏ, ਤਾਂ ਪੰਜਾਬ ਨੂੰ ਇਸ ਸੰਕਟ ਤੋਂ ਬਚਾਇਆ ਜਾ ਸਕਦਾ ਹੈ। ਨਹੀਂ ਤਾਂ ਡਰ ਦਾ ਇਹ ਸਾਇਆ ਵਪਾਰ ਅਤੇ ਸਮਾਜ- ਦੋਵਾਂ ਲਈ ਲੰਬੇ ਸਮੇਂ ਤੱਕ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ।

# ਐਪਸਟੀਨ ਫਾਈਲਾਂ ਨੇ ਮਹੱਤਵਪੂਰਨ ਹਸਤੀਆਂ ਦੇ ਨਕਾਬ ਲਾਹੇ

ਪੰਜਾਬੀ ਪਰਵਾਜ਼ ਬਿਊਰੋ


ਅਮਰੀਕਾ ਅਤੇ ਇਜ਼ਰਾਇਲ ਇੱਕ ਪਾਸੇ ਇਰਾਨ ਨਾਲ ਜੰਗ ਲਈ ਮਿਜ਼ਾਈਲਾਂ ਤਾਣੀ ਖਲੋਤੇ ਹਨ, ਦੂਜੇ ਪਾਸੇ ਉਨ੍ਹਾਂ ਦੇ ਆਪਣੇ ਦੇਸ਼ਾਂ ਵਿੱਚ ਉਨ੍ਹਾਂ ਦੀਆਂ ਸਰਕਾਰਾਂ ਖਿਲਾਫ ਪ੍ਰਦਰਸ਼ਨ ਹੋ ਰਹੇ ਹਨ; ਲੋਕ ਉਨ੍ਹਾਂ ਤੋਂ ਮੂੰਹ ਮੋੜ ਰਹੇ ਹਨ। ਸੈਨਿਟ ਵਿੱਚ ਸਰਕਾਰ ਵਿਰੋਧੀ ਆਵਾਜ਼ਾਂ ਤੇਜ਼ ਹੋ ਗਈਆਂ ਹਨ। ਅਮਰੀਕਾ ਦੇ ਹੀ ਵਸਨੀਕ ਇੱਕ ਯਹੂਦੀ ਦੇਹ ਵਪਾਰੀ ਜੈਫਰੀ ਐਪਸਟੀਨ ਨਾਲ ਡੋਨਾਲਡ ਟਰੰਪ ਦੀ ਯਾਰੀ ਦੇ ਚਰਚੇ ਹੋ ਰਹੇ ਹਨ, ਜਿਸ ਦੀ ਮਾਲਕੀ ਵਾਲੇ ਇੱਕ ਪ੍ਰਾਈਵੇਟ ਟਾਪੂ ਉੱਤੇ ਨਾਬਾਲਗ ਕੁੜੀਆਂ ਨਾਲ ਬਲਾਤਕਾਰ ਹੁੰਦੇ ਰਹੇ। ਇਨ੍ਹਾਂ ਨਾਬਾਲਗ ਕੁੜੀਆਂ ਨੂੰ ਉਹ ਆਪਣੇ ਨਵੇਂ ਗਾਹਕਾਂ/ਮਿੱਤਰਾਂ ਕੋਲ ਵਸਤਾਂ ਵਾਂਗ ਸਪਲਾਈ ਕਰਦਾ ਰਿਹਾ। ਇਸ ਕੇਸ ਵਿੱਚ ਅਮਰੀਕਾ ਦੇ ਜਸਟਿਸ ਵਿਭਾਗ ਵੱਲੋਂ 30 ਲੱਖ 83 ਹਜ਼ਾਰ ਤੋਂ ਵੱਧ ਡਾਕੂਮੈਂਟ ਜਾਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 40 ਫੀਸਦੀ ਹਾਲੇ ਜਨਤਕ ਕੀਤੇ ਜਾਣੇ ਬਾਕੀ ਹਨ। ਜਾਰੀ ਹੋਏ ਦਸਤਾਵੇਜ਼ਾਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਨਾਂ 40,000 ਵਾਰ ਆਇਆ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜੈਫਰੀ ਐਪਸਟੀਨ ਨਾਲ ਭਾਵੇਂ ਕੋਈ ਸਿੱਧਾ ਨਾਤਾ ਸਾਹਮਣੇ ਨਹੀਂ ਆਇਆ, ਪਰ ਉਨ੍ਹਾਂ ਦੇ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਕਾਰੋਬਾਰੀ ਅਨਿਲ ਅੰਬਾਨੀ ਦੀਆਂ ਜੈਫਰੀ ਐਪਸਟੀਨ ਨਾਲ ਨਜ਼ਦੀਕੀਆਂ ਸਾਹਮਣੇ ਆਈਆਂ ਹਨ। ਨਾਬਾਲਗ ਕੁੜੀਆਂ ਦੇ ਸੋਸ਼ਣ ਨਾਲ ਜੁੜੇ ਇਸ ਵਿਅਕਤੀ ਦੇ ਸਕੈਂਡਲ ਵਿੱਚ ਨਾਮ ਸਾਹਮਣੇ ਆਉਣ 'ਤੇ ਹਰਦੀਪ ਸਿੰਘ ਪੁਰੀ ਨੇ ਕਿਹਾ ਕਿ ਉਹ ਡਿਜ਼ੀਟਲ ਇੰਡੀਆ ਦੇ ਵਿਕਾਸ ਲਈ ਜੈਫਰੀ ਐਪਸਟੀਨ ਨੂੰ ਮਿਲਦਾ ਰਿਹਾ ਹੈ, ਪਰ ਉਨ੍ਹਾਂ ਨੇ 'ਉਹ ਕੰਮ' ਨਹੀਂ ਕੀਤਾ, ਜਿਸ ਕਰਕੇ ਐਪਸਟੀਨ ਨਿਆਂ ਵਿਭਾਗ ਅਤੇ ਐਫ.ਬੀ.ਆਈ. ਦੇ ਸ਼ਿਕੰਜੇ ਵਿੱਚ ਆਇਆ ਹੈ।

ਇਸ ਦਰਮਿਆਨ ਪਾਰਲੀਮੈਂਟ ਵਿੱਚ ਮੁੱਖ ਵਿਰੋਧੀ ਪਾਰਟੀ ਕਾਂਗਰਸ ਨੇ ਹਰਦੀਪ ਪੁਰੀ ਦੇ ਮੰਤਰੀ ਦੇ ਅਹੁਦੇ ਤੋਂ ਅਸਤੀਫੇ ਦੀ ਮੰਗ ਕੀਤੀ ਹੈ। ਕਾਂਗਰਸ ਪਾਰਟੀ ਦੇ ਕੌਮੀ ਬੁਲਾਰੇ ਪਵਨ ਖੇੜਾ ਨੇ ਇਸ ਸੰਬੰਧ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਹਰਦੀਪ ਸਿੰਘ ਪੁਰੀ ਨੂੰ ਅਹੁਦੇ ਤੋਂ ਅਸਤੀਫੇ ਦੇ ਨਾਲ-ਨਾਲ ਬਹੁਤ ਸਾਰੇ ਸਵਾਲਾਂ ਦੇ ਜੁਆਬ ਦੇਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਸੱਤ ਦੇਸ਼ਾਂ ਵਿੱਚ ਬਹੁਤ ਸਾਰੇ ਲੋਕਾਂ ਨੇ ਆਪਣੇ ਉੱਚ ਅਹੁਦਿਆਂ ਤੋਂ ਅਸਤੀਫੇ ਦਿੱਤੇ ਹਨ। ਉਨ੍ਹਾਂ ਹੋਰ ਕਿਹਾ ਕਿ ਹਰਦੀਪ ਸਿੰਘ ਪੁਰੀ 2014 ਤੋਂ ਪਹਿਲਾਂ ਰਿਟਾਇਰ ਹੋ ਚੁੱਕੇ ਸਨ, ਫਿਰ ਉਹ ਕਿਸ ਹੈਸੀਅਤ ਵਿੱਚ ਐਪਸਟੀਨ ਨਾਲ ਡਿਜ਼ੀਟਲ ਇੰਡੀਆ ਬਾਰੇ ਗੱਲ ਚਲਾ ਰਹੇ ਸਨ? ਉਨ੍ਹਾਂ ਪੁੱਛਿਆ ਕਿ 2014 ਵਿੱਚ ਭਾਜਪਾ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਉਹ ਡਿਜ਼ੀਟਲ ਇੰਡੀਆ ਦਾ ਸੁਪਨਾ ਕਿਸ ਦੀ ਸ਼ਹਿ 'ਤੇ ਲੈ ਰਹੇ ਸਨ? ਉਨ੍ਹਾਂ ਕਿਹਾ ਕਿ ਇਸ ਤੋਂ ਪਤਾ ਚਲਦਾ ਹੈ ਭਾਰਤ ਸਰਕਾਰ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਭਾਈਵਾਲਾਂ ਵੱਲੋਂ ਨਹੀਂ, ਕਿਸੇ ਬਾਹਰਲੇ ਬਲਾਤਕਾਰੀ ਗੈਂਗ ਵੱਲੋਂ ਚਲਾਈ ਜਾ ਰਹੀ ਹੈ। ਹਰਦੀਪ ਪੁਰੀ ਦੀਆਂ ਐਪਸਟੀਨ ਨਾਲ 62 ਈ-ਮੇਲਾਂ ਸਾਂਝੀਆਂ ਹੋਈਆਂ ਹਨ। ਆਪਸ ਵਿੱਚ 14 ਮੀਟਿੰਗਾਂ ਹੋਈਆਂ। ਇਸ ਵਿੱਚ ਭੱਦੀਆਂ ਈਮੇਲਾਂ ਵੀ ਹਨ।

ਯਾਦ ਰਹੇ, ਅਮਰੀਕਾ ਵਿੱਚ ਰਾਜਦੂਤ ਦੇ ਅਹੁਦੇ ਤੋਂ ਮੁਕਤ ਹੋਣ ਤੋਂ ਬਾਅਦ ਹਰਦੀਪ ਸਿੰਘ ਪੁਰੀ ਨਿਊ ਯਾਰਕ ਵਿੱਚ ਰਹੇ। ਆਲੋਚਕ ਇਹ ਵੀ ਸੁਆਲ ਚੁੱਕਦੇ ਹਨ ਕਿ ਇੰਨੇ ਮਹਿੰਗੇ ਸ਼ਹਿਰ ਵਿੱਚ ਉਨ੍ਹਾਂ ਦਾ ਖਰਚਾ ਕੌਣ ਚੁੱਕਦਾ ਸੀ? ਉਨ੍ਹਾਂ ਨੇ ਜਨੇਵਾ ਵਿੱਚ ਇੱਕ ਫਲੈਟ ਵੀ ਖਰੀਦਿਆ ਸੀ। ਇਹਦੇ ਬਾਰੇ ਵੀ ਕਾਂਗਰਸ ਨੇ ਪੜਤਾਲ ਮੰਗੀ ਹੈ। ਇਸ ਕੇਸ ਦਾ ਇੱਕ ਹੋਰ ਪੱਖ ਵੀ ਸੋਸ਼ਲ ਮੀਡੀਆ ਵਿੱਚ ਸਾਹਮਣੇ ਆਇਆ ਹੈ। ਯੂ.ਐਨ.ਓ. ਨਾਲ ਸੰਬੰਧਤ ਰਹੇ ਇੱਕ ਜਗਤ ਪ੍ਰਸਿਧ ਵਕੀਲ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਐਪਸਟੀਨ ਕੱਟੜ ਯਹੂਦੀ (ਜਿਉਨਿਸਟ) ਸੀ ਅਤੇ ਇਹ ਸਾਰਾ ਕਾਰੋਬਾਰ ਇਜ਼ਰਾਇਲ ਦੇ ਹਿੱਤ ਵਿੱਚ ਉੱਚ ਪੱਧਰੇ ਸੰਬੰਧਾਂ ਨੂੰ ਵਰਤਣ ਲਈ ਕਰ ਰਿਹਾ ਸੀ। ਉਸ ਨੇ ਆਪਣੇ ਸੰਬੰਧਾਂ ਨੂੰ ਇਜ਼ਰਾਇਲ ਦੇ ਬਚਾਅ ਲਈ ਯੂ.ਐਨ.ਓ. ਵਿੱਚ ਕਈ ਵਾਰੀ ਵਰਤਿਆ। ਇਸ ਜਾਣਕਾਰੀ ਨਾਲ ਜੈਫਰੀ ਐਪਸਟੀਨ ਦਾ ਉਹ ਰਾਜਨੀਤਿਕ ਮੁਹਾਂਦਰਾ ਵੀ ਸਾਹਮਣੇ ਆ ਜਾਂਦਾ ਹੈ, ਜਿਸ ਕਰਕੇ ਉਸ ਵੱਲੋਂ ਇੱਡਾ ਵੱਡਾ ਤਾਣਾ-ਬਾਣਾ ਉਸਾਰਿਆ ਗਿਆ ਸੀ। ਕੁਝ ਲੋਕ ਇਹ ਵੀ ਆਖ ਰਹੇ ਹਨ ਕਿ ਉਹ ਅੰਦਰਖਾਤੇ ਇਜ਼ਰਾਇਲੀ ਖੁਫੀਆ ਏਜੰਸੀ 'ਮੋਸਾਦ' ਦਾ ਏਜੰਟ ਵੀ ਹੋ ਸਕਦਾ ਹੈ।

ਇਸ ਲਿੰਗ ਪੂਜਕ ਜਿਓਨਿਸਟ ਦਾ ਪਰਦਾ ਉਦੋਂ ਫਾਸ਼ ਹੋਇਆ, ਜਦੋਂ ਅਮਰੀਕਾ ਦੇ ਸ਼ਹਿਰ ਮਿਆਮੀ ਦੇ ਇੱਕ ਛੋਟੇ ਜਿਹੇ ਅਖ਼ਬਾਰ ਨਾਲ ਜੁੜੀ ਮਹਿਲਾ ਪੱਤਰਕਾਰ ਜੂਲੀ ਕੇ. ਬਰਾਊਨ ਨੇ ਲਗਾਤਾਰ ਪਿੱਛਾ ਕਰਕੇ ਮੈਨਹਟਨ/ਨਿਊ ਯਾਰਕ ਤੋਂ ਲੈ ਕੇ ਵਰਜੀਨੀਆ ਆਈਲੈਂਡ ਤੱਕ ਫੈਲੀ ਵੇਸ਼ਵਾਗਮਨੀ ਦੀ ਕਾਲੀ ਸੁਰੰਗ ਦੀ ਥਾਹ ਪਾ ਲਈ। ਇਸ ਦਰਮਿਆਨ ਉਸ ਨੂੰ ਬਹੁਤ ਸਾਰੀਆਂ ਧਮਕੀਆਂ ਅਤੇ ਖ਼ਤਰਿਆਂ ਦਾ ਸਾਹਮਣਾ ਕਰਨਾ ਪਿਆ। ਉਸ ਦੀ ਇੱਕੋ ਇੱਕ ਧੀਅ ਦਾ ਪਿੱਛਾ ਕੀਤਾ ਜਾਂਦਾ ਰਿਹਾ; ਪਰ ਇਹ ਸਾਰਾ ਕੁਝ ਉਸ ਨੂੰ ਆਪਣੇ ਮਕਸਦ ਤੋਂ ਥਿੜਕਾ ਨਾ ਸਕਿਆ। ਅਸਲ ਵਿੱਚ ਸਾਲ 2005 ਵਿੱਚ ਉਸ ਨੂੰ ਵਰਜੀਨੀਆ ਪੁਲਿਸ ਦੀ 53 ਪੰਨਿਆਂ ਦੀ ਫਾਈਲ ਮਿਲੀ। ਇਹ ਇੱਕ ਨਾਬਾਲਗ ਕੁੜੀ ਵਰਜੀਨੀਆ ਰੋਬਰਟਸ ਦੇ ਜੈਫਰੀ ਐਪਸਟੀਨ ਵੱਲੋਂ ਕੀਤੇ ਗਏ ਜਿਣਸੀ ਸੋਸ਼ਣ ਬਾਰੇ ਸੀ। ਇਸ ਕੇਸ ਨੂੰ ਸਥਾਨਕ ਪੁਲਿਸ ਵੱਲੋਂ ਡਿੱਸਮਿਸ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸ ਨੇ ਹੋਰਾਂ ਕੁੜੀਆਂ ਨੂੰ



ਕਿਸੇ ਤਰ੍ਹਾਂ ਲੱਭਿਆ, ਜਿਹੜੀਆਂ ਜੈਫਰੀ ਐਪਸਟੀਨ ਦੇ ਕਾਲੇ ਧੰਦੇ ਦਾ ਸ਼ਿਕਾਰ ਬਣੀਆਂ ਸਨ। ਪੱਤਰਕਾਰ ਜੂਲੀ ਨੂੰ ਹਰ ਕੇਸ ਨਾਲ ਸੰਬੰਧਤ ਤਿੰਨ-ਤਿੰਨ ਸੋਮਿਆਂ ਤੋਂ ਜਾਣਕਾਰੀ ਹਾਸਲ ਕਰਨੀ ਪਈ। ਇਹ ਸ਼ਰਤ ਉਸ ਅਖ਼ਬਾਰ ਨੇ ਲਗਾ ਦਿੱਤੀ ਸੀ, ਜਿਸ ਨੇ ਇਸ ਸਟੋਰੀ ਨੂੰ ਪ੍ਰਕਾਸ਼ਿਤ ਕਰਨ ਦਾ ਵਾਅਦਾ ਕੀਤਾ ਸੀ। ਵਰਜੀਨੀਆ ਰੋਬਰਟਸ ਨੂੰ ਐਪਸਟੀਨ ਦੀ ਭਾਈਵਾਲ ਇੱਕ ਨਰਸ ਜਿਸਲਾਨ ਮੈਕਸਵੈਲ ਨੇ ਮਿਲਾਇਆ। ਮੈਕਸਵੈਲ ਜੈਫਰੀ ਦੇ ਕਾਲੇ ਧੰਦੇ ਵਿੱਚ ਉਸ ਦੀ ਭਾਈਵਾਲ ਸੀ। ਇਸ ਕੇਸ 'ਚ ਇਹ ਇੱਕੋ ਇੱਕ ਔਰਤ ਹੈ, ਜਿਹੜੀ ਹੁਣ ਤੱਕ ਜੇਲ੍ਹ ਵਿੱਚ ਹੈ। ਅਦਾਲਤ ਵੱਲੋਂ ਉਸ ਨੂੰ 20 ਸਾਲ ਦੀ ਸਖਤ ਸਜ਼ਾ ਸੁਣਾਈ ਗਈ ਹੈ।

ਐਪਸਟੀਨ ਫਾਈਲਾਂ ਖੁੱਲ੍ਹਣ ਦੇ ਨਾਲ ਹੀ ਦੁਨੀਆਂ ਦੇ ਵੱਡੇ ਵੱਡੇ ਲੀਡਰਾਂ, ਖ਼ਾਸ ਕਰਕੇ ਅਮਰੀਕਾ, ਇੰਗਲੈਂਡ ਅਤੇ ਇਜ਼ਰਾਇਲ ਦੇ, ਨਾਮ ਇਸ ਧੰਦੇ ਨਾਲ ਜੁੜ ਗਏ ਹਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ, ਬਰਤਾਨੀਆ ਦੇ ਸ਼ਾਹੀ ਪਰਿਵਾਰ ਨਾਲ ਸੰਬੰਧਤ ਪ੍ਰਿੰਸ ਐਂਡਰਿਊ, ਦੁਨੀਆਂ ਦੇ ਮਸ਼ਹੂਰ ਕਾਰੋਬਾਰੀ ਅਤੇ ਸਮਾਜ ਸੇਵਾ ਦਾ ਦੰਭ ਕਰਨ ਵਾਲੇ ਬਿੱਲ ਗੇਟਸ, ਪੋਪ ਜੋਨ ਪਾਲ, ਕਿਊਬਾ ਦੇ ਮਰਹੂਮ ਡਿਕਟੇਟਰ ਫੀਦਲ ਕਾਸਤਰੋ, ਸਾਊਦੀ ਅਰਬ ਦੇ ਬਾਦਸ਼ਾਹ ਮੁਹੰਮਦ ਬਿਨ ਸਲਮਾਨ, ਅਮਰੀਕੀ ਕਾਰੋਬਾਰੀ ਐਲਨ ਮਸਕ, ਅਮਰੀਕਾ ਵਿੱਚ ਇੰਗਲੈਂਡ ਦੇ ਇੱਕ ਰਾਜਦੂਤ ਆਦਿ ਦੀਆਂ ਐਪਸਟੀਨ ਨਾਲ ਸਾਂਝਾਂ ਵੀ ਜੱਗ ਜ਼ਾਹਰ ਹੋ ਗਈਆਂ ਹਨ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਬਿਲ ਗੇਟਸ ਦੀ ਪੂਰਬ ਪਤਨੀ ਮਲਿੰਦਾ ਗੇਟਸ ਦਾ ਤਲਾਕ ਵੀ ਅਪਸਟੀਨ ਵਾਲੇ ਸੰਬੰਧਾਂ ਕਰਕੇ ਹੀ ਹੋਇਆ ਸੀ। ਈਮੇਲਾਂ ਵਿੱਚ ਇਹ ਤੱਥ ਵੀ ਸਾਹਮਣੇ ਆਇਆ ਹੈ ਕਿ ਬਿਲ ਗੇਟਸ ਦੀ ਪਤਨੀ ਨੂੰ ਸ਼ਰੀਰਕ ਸੰਬੰਧਾਂ ਨਾਲ ਹੋਣ ਵਾਲੀ ਇੱਕ ਗੰਭੀਰ ਬਿਮਾਰੀ ਵੀ ਹੋ ਗਈ ਸੀ, ਜਿਸ ਕਾਰਨ ਉਸ ਨੂੰ ਬਿਲ ਗੇਟਸ ਵੱਲੋਂ ਦਵਾਈ ਦਿੱਤੀ ਜਾਂਦੀ ਰਹੀ। ਇਸ ਬਾਰੇ ਜਦੋਂ ਮਲਿੰਦਾ ਗੇਟਸ ਨੂੰ ਪੁੱਛਿਆ ਗਿਆ ਤਾਂ ਉਸ ਨੇ ਕੋਈ ਵੀ ਉੱਤਰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਉਹ ਆਪਣੇ ਇਸ ਪਾਸਟ ਨੂੰ ਬਹੁਤ ਪਿੱਛੇ ਛੱਡ ਆਈ ਹੈ। ਮਲਿੰਦਾ ਨੇ ਕਿਹਾ, 'ਇਹ ਬਹੁਤ ਦੁਖਦਾਈ ਸੀ, ਮੈਂ ਇਸ ਨੂੰ ਦੁਹਰਾਉਣਾ ਨਹੀਂ ਚਾਹੁੰਦੀ।' ਇਸ ਬਾਰੇ ਬਿੱਲ ਗੇਟਸ ਹੀ ਕੁਝ ਦੱਸ ਸਕਦੇ ਹਨ।

ਇਸ ਕਾਂਡ ਦੇ ਬਹਾਨੇ ਇਹ ਜਾਣਕਾਰੀ ਵੀ ਸਾਹਮਣੇ ਆਈ ਹੈ ਕਿ ਅਮਰੀਕੀ ਰਾਸ਼ਟਰਪਤੀ ਨੂੰ ਖੁਸ਼ ਕਰਨ ਲਈ 4 ਤੋਂ 6 ਜੁਲਾਈ ਤੱਕ ਇਜ਼ਰਾਇਲ ਵਿੱਚ ਹੋਏ ਇੱਕ ਡਾਂਸ ਐਂਡ ਸੌਂਗ ਪ੍ਰੋਗਰਾਮ ਵਿੱਚ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਥਿਤ ਫਿਲਮੀ ਗੀਤ 'ਤੇ ਡਾਂਸ ਕੀਤਾ ਸੀ। ਇਜ਼ਰਾਇਲ ਦੇ ਸਾਬਕਾ ਪ੍ਰਧਾਨ ਮੰਤਰੀ ਯਹੂਦਾ ਬਰਾਕ ਦੇ ਵੀ ਐਪਸਟੀਨ ਨਾਲ ਨਜ਼ਦੀਕੀ ਸੰਬੰਧ ਸਾਹਮਣੇ ਆਏ ਹਨ। ਉਸਦਾ ਤਾਂ ਕਾਰੋਬਾਰ ਵੀ ਜੈਫਰੀ ਨਾਲ ਸਾਂਝਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਉੱਤੇ 13-14 ਸਾਲਾਂ ਦੀਆਂ ਕੁੜੀਆਂ ਦੇ ਰੇਪ ਕਰਨ ਦੇ ਦੋਸ਼ ਲੱਗ ਰਹੇ ਹਨ। ਖੱਬੇ ਪੱਖੀਆਂ ਲਈ ਪੂਜਨੀਕ ਰਹੇ ਇੱਕ ਅਮਰੀਕੀ ਬੁੱਧੀਜੀਵੀ 'ਨੋਆਮ ਚੋਮਸਕੀ' ਦੀਆਂ ਈ-ਮੇਲਾਂ ਅਤੇ ਫੋਟੋਆਂ ਵੀ ਜੈਫਰੀ ਐਪਸਟੀਨ ਨਾਲ ਸਾਂਝੀਆਂ ਪਾਈਆਂ ਗਈਆਂ ਹਨ। ਚੋਮਸਕੀ ਦੁਨੀਆਂ ਦਾ ਮਸ਼ਹੂਰ ਭਾਸ਼ਾ ਵਿਗਿਆਨੀ ਹੈ, ਜਿਸ ਨੇ ਛੋਟੇ ਬੱਚਿਆਂ ਦੇ ਭਾਸ਼ਾ ਸਿੱਖਣ ਦੀ ਸਮਰੱਥਾ ਬਾਰੇ ਨਵੀਨ ਖੋਜ ਕੀਤੀ ਸੀ। ਉਸ ਨੇ ਰਾਜਨੀਤੀ 'ਤੇ ਵੀ ਕਿਤਾਬਾਂ ਲਿਖੀਆਂ ਹਨ।

# ਪੰਜਾਬ ਵਿੱਚ 32 ਲੱਖ ਤੋਂ ਵੱਧ ਪਰਵਾਸੀ ਵੋਟਰ ਪੰਜਾਬ ਦੀ ਸਿਆਸਤ ਦਾ ਨਵਾਂ ਕੇਂਦਰ

## *ਸਿਆਸੀ ਪਾਰਟੀਆਂ ਤਰਲੋ-ਮੱਛੀ

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਦੀ ਸਿਆਸਤ ਵਿੱਚ ਪਰਵਾਸੀ ਮਜ਼ਦੂਰ ਹੁਣ ਸਿਰਫ਼ ਮਜ਼ਦੂਰੀ ਤੱਕ ਸੀਮਿਤ ਨਹੀਂ ਰਹੇ, ਸਗੋਂ ਉਹ ਇੱਕ ਵੱਡੀ ਸਿਆਸੀ ਤਾਕਤ ਵਜੋਂ ਸਾਹਮਣੇ ਆ ਰਹੇ ਹਨ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਸਾਰੀਆਂ ਸਿਆਸੀ ਪਾਰਟੀਆਂ ਇਸ ਵੱਡੇ ਵੋਟ ਬੈਂਕ ਨੂੰ ਆਪਣੇ ਹੱਕ ਵਿੱਚ ਕਰਨ ਲਈ ਜ਼ੋਰ ਲਾ ਰਹੀਆਂ ਹਨ। ਲਗਭਗ 32 ਲੱਖ ਤੋਂ ਵੱਧ ਪਰਵਾਸੀ ਵੋਟਰ ਪੰਜਾਬ ਦੇ ਭਵਿੱਖੀ ਚੋਣ ਨਤੀਜਿਆਂ 'ਤੇ ਅਹਿਮ ਅਸਰ ਪਾ ਸਕਦੇ ਹਨ। ਇਹ ਗਿਣਤੀ ਕਈ ਹਲਕਿਆਂ ਵਿੱਚ ਜਿੱਤ-ਹਾਰ ਦਾ ਫੈਸਲਾ ਕਰਨ ਲਈ ਕਾਫ਼ੀ ਹੈ।

ਪਿਛਲੇ ਦੋ ਦਹਾਕਿਆਂ ਵਿੱਚ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਲਗਾਤਾਰ ਵਧੀ ਹੈ। ਇਹ ਮਜ਼ਦੂਰ ਮੁੱਖ ਤੌਰ 'ਤੇ ਬਿਹਾਰ, ਉੱਤਰ ਪ੍ਰਦੇਸ਼, ਝਾਰਖੰਡ, ਓਡੀਸ਼ਾ ਅਤੇ ਛੱਤੀਸਗੜ੍ਹ ਤੋਂ ਆਏ ਹਨ। ਖੇਤੀਬਾੜੀ, ਉਦਯੋਗ ਅਤੇ ਨਿਰਮਾਣ ਖੇਤਰ ਵਿੱਚ ਉਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਹੁਣ ਇਹ ਮਜ਼ਦੂਰ ਸਿਰਫ਼ ਅਰਥਵਿਵਸਥਾ ਹੀ ਨਹੀਂ, ਸਿਆਸਤ ਦਾ ਵੀ ਅਹਿਮ ਹਿੱਸਾ ਬਣ ਚੁੱਕੇ ਹਨ।



ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦੀ ਕੁੱਲ ਗਿਣਤੀ 50 ਲੱਖ ਤੋਂ ਵੱਧ ਮੰਨੀ ਜਾਂਦੀ ਹੈ, ਜਿਨ੍ਹਾਂ ਵਿੱਚੋਂ ਲਗਭਗ 32 ਲੱਖ ਵੋਟਰ ਵਜੋਂ ਦਰਜ ਹੋ ਚੁੱਕੇ ਹਨ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕਈ ਸ਼ਹਿਰੀ ਹਲਕਿਆਂ ਵਿੱਚ ਪਰਵਾਸੀ ਵੋਟਰ 15 ਤੋਂ 30 ਫ਼ੀਸਦੀ ਤੱਕ ਹਨ। ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ, ਬਠਿੰਡਾ ਅਤੇ ਮੋਹਾਲੀ ਵਰਗੇ ਉਦਯੋਗਿਕ ਸ਼ਹਿਰਾਂ ਵਿੱਚ ਇਹ ਗਿਣਤੀ ਸਭ ਤੋਂ ਵੱਧ ਹੈ। ਲੁਧਿਆਣਾ ਦੇ ਕੁਝ ਹਲਕਿਆਂ ਵਿੱਚ ਪਰਵਾਸੀ ਵੋਟਰਾਂ ਦੀ ਹਿੱਸੇਦਾਰੀ 35 ਫ਼ੀਸਦੀ ਤੱਕ ਹੈ। ਇਹ ਗਿਣਤੀ ਇੰਨੀ ਵੱਡੀ ਹੈ ਕਿ ਇਹ ਕਿਸੇ ਵੀ ਉਮੀਦਵਾਰ ਦੀ ਜਿੱਤ ਜਾਂ ਹਾਰ ਦਾ ਫੈਸਲਾ ਕਰ ਸਕਦੀ ਹੈ।

ਪਿਛਲੇ ਕੁਝ ਸਾਲਾਂ ਵਿੱਚ ਕਈ ਪਰਵਾਸੀ ਮਜ਼ਦੂਰਾਂ ਨੇ ਆਪਣੇ ਵੋਟ ਪੰਜਾਬ ਵਿੱਚ ਟਰਾਂਸਫਰ ਕਰਵਾ ਲਏ ਹਨ। ਇਸ ਨਾਲ ਉਹ ਸਥਾਈ ਵੋਟਰ ਬਣ ਗਏ ਹਨ ਅਤੇ ਹੁਣ ਸਿਆਸੀ ਪਾਰਟੀਆਂ ਲਈ ਅਹਿਮ ਹੋ ਗਏ ਹਨ।

### ਖੇਤੀ ਅਤੇ ਉਦਯੋਗ ਦੀ ਰੀੜ੍ਹ ਦੀ ਹੱਡੀ

ਪੰਜਾਬ ਦੀ ਖੇਤੀਬਾੜੀ ਪਰਵਾਸੀ ਮਜ਼ਦੂਰਾਂ 'ਤੇ ਬਹੁਤ ਨਿਰਭਰ ਹੈ। ਝੋਨੇ ਅਤੇ ਕਣਕ ਦੀ ਕਟਾਈ/ਵਾਢੀ ਅਤੇ ਬਿਜਾਈ/ਲੁਆਈ ਦਾ ਵੱਡਾ ਹਿੱਸਾ ਇਹ ਮਜ਼ਦੂਰ ਕਰਦੇ ਹਨ। ਅਨੁਮਾਨ ਹੈ ਕਿ ਪੰਜਾਬ ਵਿੱਚ ਖੇਤੀਬਾੜੀ ਨਾਲ ਜੁੜੇ 70 ਫ਼ੀਸਦੀ ਮਜ਼ਦੂਰ ਪਰਵਾਸੀ ਹਨ।

ਉਦਯੋਗਿਕ ਖੇਤਰ ਵਿੱਚ ਵੀ ਇਨ੍ਹਾਂ ਦੀ ਵੱਡੀ ਭੂਮਿਕਾ ਹੈ। ਲੁਧਿਆਣਾ ਦੀ ਟੈਕਸਟਾਈਲ ਇੰਡਸਟਰੀ, ਜਲੰਧਰ ਦਾ ਖੇਡ ਸਮਾਨ ਉਦਯੋਗ ਅਤੇ ਮੰਡੀ ਗੋਬਿੰਦਗੜ੍ਹ ਦਾ ਲੋਹਾ ਉਦਯੋਗ ਵਿੱਚ ਵੱਡੀ ਗਿਣਤੀ ਵਿੱਚ ਪਰਵਾਸੀ ਮਜ਼ਦੂਰ ਕੰਮ ਕਰਦੇ ਹਨ। ਜੇਕਰ ਇਹ ਮਜ਼ਦੂਰ ਪੰਜਾਬ ਨਾ ਆਉਣ ਤਾਂ ਖੇਤੀ ਅਤੇ ਉਦਯੋਗ- ਦੋਵੇਂ ਖੇਤਰ ਪ੍ਰਭਾਵਿਤ ਹੋ ਸਕਦੇ ਹਨ।

### ਸਿਆਸੀ ਪਾਰਟੀਆਂ ਦੀ ਵਧਦੀ ਦਿਲਚਸਪੀ

ਪਰਵਾਸੀ ਵੋਟ ਬੈਂਕ ਨੂੰ ਆਪਣੇ ਹੱਕ ਵਿੱਚ ਕਰਨ ਲਈ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਖਾਸ ਰਣਨੀਤੀਆਂ ਬਣਾਈਆਂ ਜਾ ਰਹੀਆਂ ਹਨ। ਕਾਂਗਰਸ ਪਾਰਟੀ ਮਨਰੇਗਾ ਯੋਜਨਾ ਦੇ ਮੁੱਦੇ 'ਤੇ ਪਰਵਾਸੀ ਮਜ਼ਦੂਰਾਂ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਪਾਰਟੀ ਨੇ ਮਨਰੇਗਾ ਸਕੀਮ ਵਿੱਚ ਸੋਧ ਦੇ ਵਿਰੋਧ ਵਿੱਚ ਰੈਲੀਆਂ ਅਤੇ ਰੋਸ ਮਾਰਚ ਕਰਨ ਦਾ ਐਲਾਨ ਕੀਤਾ ਹੈ। ਕਾਂਗਰਸ ਦੇ ਆਗੂਆਂ ਦਾ ਕਹਿਣਾ ਹੈ ਕਿ ਇਹ ਯੋਜਨਾ ਮਜ਼ਦੂਰਾਂ ਲਈ ਬਹੁਤ ਮਹੱਤਵਪੂਰਨ ਹੈ ਅਤੇ ਇਸ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

ਦੂਜੇ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਮਜ਼ਦੂਰਾਂ ਲਈ ਵੱਖ-ਵੱਖ ਭਲਾਈ ਸਕੀਮਾਂ ਨੂੰ ਆਸਾਨ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸਰਕਾਰ ਦਾ ਕਹਿਣਾ ਹੈ ਕਿ ਮਜ਼ਦੂਰਾਂ ਨੂੰ ਹੁਣ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਵੱਖ-ਵੱਖ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ। ਇੱਕ ਹੀ ਥਾਂ 'ਤੇ ਦਸਤਾਵੇਜ਼ ਜਮ੍ਹਾਂ ਕਰਵਾਉਣ ਨਾਲ ਉਨ੍ਹਾਂ ਨੂੰ ਕਈ ਸਕੀਮਾਂ ਦਾ ਲਾਭ ਮਿਲ ਸਕੇਗਾ।

ਭਾਜਪਾ ਵੀ ਇਸ ਵੋਟ ਬੈਂਕ ਨੂੰ ਆਪਣੇ ਹੱਕ ਵਿੱਚ ਕਰਨ ਲਈ ਜਨ ਸਭਾਵਾਂ ਕਰ ਰਹੀ ਹੈ। ਪਾਰਟੀ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਮਜ਼ਦੂਰਾਂ ਦੀ ਆਮਦਨ ਵਧਾਉਣ ਲਈ ਬਣਾਈਆਂ ਗਈਆਂ ਹਨ।

### ਚੋਣ ਨਤੀਜਿਆਂ 'ਤੇ ਅਹਿਮ ਅਸਰ

ਪੰਜਾਬ ਵਿੱਚ 117 ਵਿਧਾਨ ਸਭਾ ਹਲਕੇ ਹਨ। ਇਨ੍ਹਾਂ ਵਿੱਚੋਂ ਘੱਟੋ-ਘੱਟ 60 ਹਲਕੇ ਅਜਿਹੇ ਹਨ, ਜਿੱਥੇ ਪਰਵਾਸੀ ਵੋਟਰ ਚੋਣ ਨਤੀਜਿਆਂ 'ਤੇ ਅਹਿਮ ਅਸਰ ਪਾ ਸਕਦੇ ਹਨ। ਕਈ ਹਲਕਿਆਂ ਵਿੱਚ ਜਿੱਤ ਦਾ ਅੰਤਰ ਸਿਰਫ਼ 2,000 ਤੋਂ 5,000 ਵੋਟਾਂ ਦਾ ਹੁੰਦਾ ਹੈ। ਅਜਿਹੇ ਵਿੱਚ ਪਰਵਾਸੀ ਵੋਟਰ ਨਤੀਜਿਆਂ ਨੂੰ ਬਦਲ ਸਕਦੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਵਿੱਖ ਵਿੱਚ ਪਰਵਾਸੀ ਵੋਟਰ ਪੰਜਾਬ ਦੀ ਸਿਆਸਤ ਦਾ ਸਭ ਤੋਂ ਵੱਡਾ ਫੈਸਲਾ ਕਰਨ ਵਾਲਾ ਤੱਤ ਬਣ ਸਕਦੇ ਹਨ।

### ਪਰਵਾਸੀਆਂ ਦੇ ਮੁੱਖ ਮੁੱਦੇ

ਪਰਵਾਸੀ ਮਜ਼ਦੂਰਾਂ ਦੇ ਸਾਹਮਣੇ ਕਈ ਸਮੱਸਿਆਵਾਂ ਹਨ। ਇਨ੍ਹਾਂ ਵਿੱਚ ਘੱਟ ਤਨਖਾਹ, ਰਹਿਣ ਲਈ ਢੰਗ ਦੀ ਸਹੂਲਤ ਦੀ ਕਮੀ, ਸਿਹਤ ਸਹੂਲਤਾਂ ਦੀ ਘਾਟ ਅਤੇ ਸਮਾਜਿਕ ਸੁਰੱਖਿਆ ਦੀ ਕਮੀ ਸ਼ਾਮਲ ਹੈ। ਕਈ ਮਜ਼ਦੂਰ ਝੁੱਗੀਆਂ ਜਾਂ ਕਿਰਾਏ ਦੇ ਛੋਟੇ ਕਮਰਿਆਂ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਸਿਹਤ ਅਤੇ ਸਿੱਖਿਆ ਦੀਆਂ ਪੂਰੀਆਂ ਸਹੂਲਤਾਂ ਨਹੀਂ ਮਿਲਦੀਆਂ। ਇਸ ਤੋਂ ਇਲਾਵਾ ਕਈ ਮਜ਼ਦੂਰਾਂ ਨੂੰ ਸਰਕਾਰੀ ਸਕੀਮਾਂ ਬਾਰੇ ਪੂਰੀ ਜਾਣਕਾਰੀ ਨਹੀਂ ਹੁੰਦੀ।

### ਪੰਜਾਬ ਦੀ ਅਰਥਵਿਵਸਥਾ ਵਿੱਚ ਵੱਡਾ ਯੋਗਦਾਨ


ਪਰਵਾਸੀ ਮਜ਼ਦੂਰ ਪੰਜਾਬ ਦੀ ਅਰਥਵਿਵਸਥਾ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਇਹ ਮਜ਼ਦੂਰ ਖੇਤੀ, ਉਦਯੋਗ ਅਤੇ ਨਿਰਮਾਣ ਖੇਤਰ ਨੂੰ ਚਲਾਉਣ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਅਰਥਸ਼ਾਸਤਰੀਆਂ ਅਨੁਸਾਰ ਪਰਵਾਸੀ ਮਜ਼ਦੂਰਾਂ ਦੇ ਬਿਨਾ ਪੰਜਾਬ ਦੀ ਅਰਥਵਿਵਸਥਾ ਦੀ ਗਤੀ ਮੱਠੀ ਪੈ ਸਕਦੀ ਹੈ। ਇਸ ਤੋਂ ਇਲਾਵਾ ਇਹ ਮਜ਼ਦੂਰ ਆਪਣੇ ਪਰਿਵਾਰਾਂ ਨੂੰ ਪੈਸੇ ਭੇਜਦੇ ਹਨ, ਜਿਸ ਨਾਲ ਦੇਸ਼ ਦੀ ਕੁੱਲ ਅਰਥਵਿਵਸਥਾ ਨੂੰ ਵੀ ਲਾਭ ਹੁੰਦਾ ਹੈ।

### ਭਵਿੱਖ ਦੀ ਸਿਆਸਤ ਦਾ ਨਵਾਂ ਕੇਂਦਰ

ਪੰਜਾਬ ਦੀ ਸਿਆਸਤ ਵਿੱਚ ਪਰਵਾਸੀ ਵੋਟਰਾਂ ਦੀ ਮਹੱਤਤਾ ਲਗਾਤਾਰ ਵਧ ਰਹੀ ਹੈ। ਸਿਆਸੀ ਪਾਰਟੀਆਂ ਹੁਣ ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀਆਂ। ਆਉਣ ਵਾਲੀਆਂ ਚੋਣਾਂ ਵਿੱਚ ਇਹ ਵੋਟ ਬੈਂਕ ਨਤੀਜਿਆਂ 'ਤੇ ਵੱਡਾ ਅਸਰ ਪਾ ਸਕਦਾ ਹੈ। ਇਸ ਲਈ ਸਾਰੀਆਂ ਪਾਰਟੀਆਂ ਪਰਵਾਸੀ ਮਜ਼ਦੂਰਾਂ ਨੂੰ ਆਪਣੇ ਨਾਲ ਜੋੜਨ ਲਈ ਨਵੀਆਂ ਰਣਨੀਤੀਆਂ ਬਣਾ ਰਹੀਆਂ ਹਨ। ਇਹ ਸਪੱਸ਼ਟ ਹੈ ਕਿ ਪਰਵਾਸੀ ਮਜ਼ਦੂਰ ਹੁਣ ਪੰਜਾਬ ਦੀ ਸਿਆਸਤ ਦਾ ਅਟੁੱਟ ਹਿੱਸਾ ਬਣ ਚੁੱਕੇ ਹਨ। ਭਵਿੱਖ ਵਿੱਚ ਉਨ੍ਹਾਂ ਦੀ ਭੂਮਿਕਾ ਹੋਰ ਵੀ ਵਧ ਸਕਦੀ ਹੈ।

# ਵਿਸ਼ਵਵਿਆਪੀ ਖੇਤੀਬਾੜੀ ਸਬਸਿਡੀਆਂ ਤੇ ਵਪਾਰ ਸਮਝੌਤੇ

**ਸੱਚੋ-ਸੱਚ**



**ਡਾ. ਰਛਪਾਲ ਸਿੰਘ ਬਾਜਵਾ**
**ਫੋਨ: 630-303-8330**

***ਹਾਲੀਆ ਅਮਰੀਕਾ-ਭਾਰਤ ਵਿਚਾਲੇ ਹੋਏ ਵਪਾਰ ਸਮਝੌਤੇ ਦੇ ਅੰਤਰਗਤ ਹਥਲੇ ਲੇਖ ਵਿੱਚ ਵਿਸ਼ਵਵਿਆਪੀ ਖੇਤੀਬਾੜੀ ਸਬਸਿਡੀਆਂ ਅਤੇ ਵਪਾਰ ਸਮਝੌਤਿਆਂ ਦੀ ਆਪਸੀ ਕੜੀ ਜ਼ਰੀਏ ਇਸ ਵਰਤਾਰੇ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਵਿਸ਼ਵ ਖੇਤੀਬਾੜੀ ਵਪਾਰ ਸਮਝੌਤਿਆਂ ਨੂੰ ਸਮਝਣ ਲਈ ਵਿਸ਼ਵਵਿਆਪੀ ਸਬਸਿਡੀਆਂ ਨੂੰ ਸਮਝਣਾ ਜ਼ਰੂਰੀ ਹੈ। ਸਬਸਿਡੀਆਂ ਕੀਮਤਾਂ, ਨਿਰਯਾਤ, ਆਯਾਤ ਅਤੇ ਮੁਕਾਬਲੇਬਾਜ਼ੀ ਨੂੰ ਪ੍ਰਭਾਵਿਤ ਕਰਦੀਆਂ ਹਨ। ਸਬਸਿਡੀਆਂ ਨੂੰ ਸਮਝੇ ਬਿਨਾ ਵਿਸ਼ਵਵਿਆਪੀ ਖੇਤੀਬਾੜੀ ਵਪਾਰ ਵਿਵਾਦਾਂ ਅਤੇ ਗੱਲਬਾਤ ਨੂੰ ਪੂਰੀ ਤਰ੍ਹਾਂ ਸਮਝਣਾ ਅਸੰਭਵ ਹੈ। ਲੇਖ ਲੰਮਾ ਹੋਣ ਕਾਰਨ ਅਸੀਂ ਦੋ ਕਿਸ਼ਤਾਂ ਵਿੱਚ ਪ੍ਰਕਾਸ਼ਿਤ ਕਰ ਰਹੇ ਹਾਂ। ਪੇਸ਼ ਹੈ ਪਹਿਲੀ ਕਿਸ਼ਤ, ਜਿਸ ਵਿੱਚ ਵਿਸ਼ਵਵਿਆਪੀ ਖੇਤੀਬਾੜੀ ਸਬਸਿਡੀਆਂ ਦੇ ਸੰਦਰਭ ਵਿੱਚ ਚਰਚਾ ਛੋਹੀ ਗਈ ਹੈ...***

### ਜਾਣ-ਪਛਾਣ

***ਵਿਸ਼ਵਵਿਆਪੀ ਖੇਤੀਬਾੜੀ ਸਬਸਿਡੀਆਂ ਅਤੇ ਵਪਾਰ ਸਮਝੌਤੇ ਨੇੜਿਓਂ ਜੁੜੇ ਹੋਏ ਹਨ। ਸਬਸਿਡੀਆਂ ਵਿੱਤੀ ਸਹਾਇਤਾ ਹਨ, ਜੋ ਸਰਕਾਰਾਂ ਕਿਸਾਨਾਂ ਨੂੰ ਦਿੰਦੀਆਂ ਹਨ। ਵਪਾਰ ਸਮਝੌਤੇ ਦੇਸ਼ਾਂ ਵਿਚਕਾਰ ਭੋਜਨ ਅਤੇ ਖੇਤੀ ਉਤਪਾਦਾਂ ਸਮੇਤ ਸਮਾਨ ਖਰੀਦਣ ਅਤੇ ਵੇਚਣ ਬਾਰੇ ਨਿਯਮ ਹਨ। ਜਦੋਂ ਕੋਈ ਦੇਸ਼ ਆਪਣੇ ਕਿਸਾਨਾਂ ਨੂੰ ਵੱਡੀਆਂ ਸਬਸਿਡੀਆਂ ਦਿੰਦਾ ਹੈ, ਤਾਂ ਇਹ ਉਤਪਾਦਨ ਲਾਗਤਾਂ ਨੂੰ ਘਟਾ ਸਕਦਾ ਹੈ ਅਤੇ ਕਿਸਾਨਾਂ ਨੂੰ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਫਸਲਾਂ ਨੂੰ ਸਸਤੇ ਵਿੱਚ ਵੇਚਣ ਲਈ ਮਜਬੂਰ ਕਰ ਸਕਦਾ ਹੈ। ਇਸ ਨਾਲ ਦੂਜੇ ਦੇਸ਼ਾਂ ਦੇ ਕਿਸਾਨਾਂ ਲਈ ਮੁਕਾਬਲਾ ਕਰਨਾ ਮੁਸ਼ਕਲ ਹੋ ਸਕਦਾ ਹੈ। ਇਸ ਕਾਰਨ ਅੰਤਰਰਾਸ਼ਟਰੀ ਵਪਾਰ ਗੱਲਬਾਤ ਦੌਰਾਨ ਖੇਤੀਬਾੜੀ ਸਬਸਿਡੀਆਂ ਅਕਸਰ ਇੱਕ ਵੱਡਾ ਮੁੱਦਾ ਬਣ ਜਾਂਦੀਆਂ ਹਨ। ਵਿਸ਼ਵ ਵਪਾਰ ਸੰਗਠਨ (ਡਬਲਯੂ.ਟੀ.ਓ.) ਵਰਗੇ ਸੰਗਠਨ ਵਿਸ਼ਵ ਵਪਾਰ ਨੂੰ ਨਿਰਪੱਖ ਬਣਾਉਣ ਲਈ ਕੁਝ ਖਾਸ ਕਿਸਮਾਂ ਦੀਆਂ ਸਬਸਿਡੀਆਂ 'ਤੇ ਸੀਮਾਵਾਂ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਦੇਸ਼ ਇਸ ਬਾਰੇ ਬਹਿਸ ਕਰਦੇ ਹਨ ਕਿ ਕਿੰਨੀ ਸਹਾਇਤਾ 'ਬਹੁਤ ਜ਼ਿਆਦਾ' ਹੈ ਅਤੇ ਕੀ ਅਮੀਰ ਦੇਸ਼ਾਂ ਨੂੰ ਇਹ ਇੱਕ ਅਨੁਚਿਤ ਫਾਇਦਾ ਹੈ!***

## ਗਲੋਬਲ ਖੇਤੀਬਾੜੀ ਸਬਸਿਡੀਆਂ

ਖੇਤੀਬਾੜੀ, ਧਰਤੀ ਉੱਤੇ ਜੀਵਨ ਦੀ ਰੀੜ੍ਹ ਦੀ ਹੱਡੀ ਹੈ। ਸਾਨੂੰ ਸਾਰਿਆਂ ਨੂੰ ਹਰ ਰੋਜ਼ ਭੋਜਨ ਦੀ ਲੋੜ ਹੁੰਦੀ ਹੈ- ਚੌਲ, ਕਣਕ, ਸਬਜ਼ੀਆਂ, ਫਲ, ਦੁੱਧ, ਮਾਸ; ਪਰ ਖੇਤੀ ਜੋਖਮ ਭਰੀ, ਮਹਿੰਗੀ ਅਤੇ ਅਣਪਛਾਤੀ ਗਤੀਵਿਧੀ ਹੈ। ਇਸ ਕਰਕੇ ਦੁਨੀਆ ਭਰ ਦੀਆਂ ਸਰਕਾਰਾਂ ਕਿਸਾਨਾਂ ਨੂੰ ਖੇਤੀਬਾੜੀ ਸਬਸਿਡੀਆਂ ਯਾਨੀ ਲਾਗਤਾਂ ਘਟਾਉਣ, ਜੋਖਮਾਂ ਨੂੰ ਕਵਰ ਕਰਨ ਅਤੇ ਕਿਸਾਨਾਂ ਦੀ ਆਮਦਨ ਦੀ ਰੱਖਿਆ ਲਈ ਵਿੱਤੀ ਮਦਦ ਨਾਲ ਸਹਾਰਾ ਦਿੰਦੀਆਂ ਹਨ।

ਆਓ ਸਮਝੀਏ ਕਿ ਖੇਤੀਬਾੜੀ ਸਬਸਿਡੀਆਂ ਕੀ ਹਨ, ਕਿਉਂ ਮੌਜੂਦ ਹਨ, ਇਹ ਕਿੰਨੀਆਂ ਵੱਡੀਆਂ ਹਨ ਅਤੇ ਵਿਸ਼ਵ ਪੱਧਰ 'ਤੇ ਕਿਵੇਂ ਕੰਮ ਕਰਦੀਆਂ ਹਨ? ਉਨ੍ਹਾਂ ਦੇ ਲਾਭ, ਸਮੱਸਿਆਵਾਂ ਅਤੇ ਭਵਿੱਖ ਕੀ ਹਨ?

### ਖੇਤੀਬਾੜੀ ਸਬਸਿਡੀਆਂ ਕੀ ਹਨ?

ਖੇਤੀਬਾੜੀ ਸਬਸਿਡੀ ਉਹ ਪੈਸਾ ਜਾਂ ਵਿੱਤੀ ਸਹਾਇਤਾ ਹੈ, ਜੋ ਸਰਕਾਰ ਕਿਸਾਨਾਂ ਜਾਂ ਖੇਤੀਬਾੜੀ ਸੈਕਟਰ ਨੂੰ ਦਿੰਦੀ ਹੈ। ਸਰਲ ਸ਼ਬਦਾਂ ਵਿੱਚ ਇਸਦਾ ਅਰਥ ਹੈ ਕਿ ਸਰਕਾਰ ਕਿਸਾਨਾਂ ਨੂੰ ਨਕਦ, ਸਸਤੇ ਇਨਪੁਟ (ਜਿਵੇਂ ਕਿ ਖਾਦ, ਬੀਜ ਅਤੇ ਬਿਜਲੀ), ਗਾਰੰਟੀਸ਼ੁਦਾ ਕੀਮਤਾਂ (ਐਮ.ਐਸ.ਪੀ.), ਘੱਟ ਵਿਆਜ ਵਾਲੇ ਕਰਜ਼ੇ, ਬੀਮਾ ਸਹਾਇਤਾ, ਟੈਕਸ ਛੋਟਾਂ ਅਤੇ ਹੋਰ ਲਾਭ ਦੇ ਕੇ ਮਦਦ ਕਰਦੀ ਹੈ। ਸਬਸਿਡੀਆਂ ਦਾ ਉਦੇਸ਼ ਖੇਤੀ ਦੇ ਜੋਖਮ ਨੂੰ ਘਟਾਉਣਾ ਅਤੇ ਲੋਕਾਂ ਲਈ ਭੋਜਨ ਨੂੰ ਕਿਫਾਇਤੀ ਬਣਾਉਣਾ ਹੈ।

### ਸਰਕਾਰਾਂ ਸਬਸਿਡੀਆਂ ਕਿਉਂ ਦਿੰਦੀਆਂ ਹਨ?

ਸਰਕਾਰਾਂ ਕਈ ਮਹੱਤਵਪੂਰਨ ਕਾਰਨਾਂ ਕਰਕੇ ਖੇਤੀਬਾੜੀ ਸਬਸਿਡੀਆਂ ਦਿੰਦੀਆਂ ਹਨ; ਜਿਵੇਂ ਕਿ:

**(ੳ) ਖੁਰਾਕ ਸੁਰੱਖਿਆ:** ਲੋਕਾਂ ਲਈ ਕਾਫ਼ੀ ਭੋਜਨ ਯਕੀਨੀ ਬਣਾਉਣ ਲਈ।

**(ਅ) ਕਿਸਾਨਾਂ ਦੀ ਆਮਦਨ ਦੀ ਰੱਖਿਆ:** ਕਿਉਂਕਿ ਖੇਤੀ ਆਮਦਨ ਅਸਥਿਰ ਹੋ ਸਕਦੀ ਹੈ।

**(ੲ) ਪੇਂਡੂ ਗਰੀਬੀ ਘਟਾਉਣ ਲਈ:** ਪੇਂਡੂ ਖੇਤਰਾਂ ਵਿੱਚ ਬਹੁਤ ਸਾਰੇ ਲੋਕ ਆਪਣੀ ਰੋਜ਼ੀ-ਰੋਟੀ ਲਈ ਖੇਤੀ 'ਤੇ ਨਿਰਭਰ ਹਨ।

**(ਸ) ਰਾਸ਼ਟਰੀ ਸਥਿਰਤਾ:** ਸ਼ਾਂਤੀ ਅਤੇ ਸੁਰੱਖਿਆ ਲਈ ਇੱਕ ਸਥਿਰ ਘਰੇਲੂ ਭੋਜਨ ਸਪਲਾਈ ਮਹੱਤਵਪੂਰਨ ਹੈ।

**(ਹ) ਰਾਜਨੀਤਿਕ ਸਮਰਥਨ:** ਕਿਸਾਨ ਅਕਸਰ ਵੋਟਰਾਂ ਦਾ ਇੱਕ ਵੱਡਾ ਤੇ ਪ੍ਰਭਾਵਸ਼ਾਲੀ ਸਮੂਹ ਹੁੰਦੇ ਹਨ।

### ਅੱਜ ਵਿਸ਼ਵ ਪੱਧਰ 'ਤੇ ਖੇਤੀਬਾੜੀ ਸਬਸਿਡੀਆਂ ਕਿੰਨੀਆਂ ਵੱਡੀਆਂ ਹਨ?

ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ (ਓ.ਈ.ਸੀ.ਡੀ.-OECD) ਦੇ ਨਵੀਨਤਮ ਅਨੁਮਾਨਾਂ ਅਨੁਸਾਰ ਦੁਨੀਆ ਭਰ ਦੀਆਂ ਸਰਕਾਰਾਂ (2022 ਤੇ 2024 ਦੇ ਵਿਚਕਾਰ) ਖੇਤੀਬਾੜੀ ਸਬਸਿਡੀਆਂ ਅਤੇ ਸਹਾਇਤਾ ਵਿੱਚ ਪ੍ਰਤੀ ਸਾਲ ਔਸਤਨ 842 ਬਿਲੀਅਨ ਡਾਲਰ ਪ੍ਰਦਾਨ ਕਰਦੀਆਂ ਹਨ। ਇਸ ਅੰਕੜੇ ਵਿੱਚ ਕਿਸਾਨਾਂ ਨੂੰ ਸਿੱਧੀਆਂ ਅਦਾਇਗੀਆਂ, ਕੀਮਤ ਸਹਾਇਤਾ ਪ੍ਰਣਾਲੀਆਂ, ਬੀਮਾ, ਨਿਰਯਾਤ ਸਹਾਇਤਾ ਅਤੇ ਹੋਰ ਕਿਸਮਾਂ ਦੀ ਸਹਾਇਤਾ ਸ਼ਾਮਲ ਹੈ।

ਇਹ ਲਗਭਗ 2.3 ਬਿਲੀਅਨ ਡਾਲਰ ਪ੍ਰਤੀ ਦਿਨ ਹੈ, ਜੋ ਵਿਸ਼ਵ ਪੱਧਰ 'ਤੇ ਖੇਤੀਬਾੜੀ ਸਹਾਇਤਾ 'ਤੇ ਨਿਰਦੇਸ਼ਿਤ ਕੀਤਾ ਜਾਂਦਾ ਹੈ। ਇਹ ਰਕਮ ਵਿਸ਼ਵ ਪੱਧਰ 'ਤੇ ਖੇਤੀਬਾੜੀ ਉਤਪਾਦਨ ਦੇ ਕੁੱਲ ਮੁੱਲ ਦਾ ਲਗਭਗ 18% ਹੈ, ਭਾਵ ਖੇਤੀਬਾੜੀ ਉਤਪਾਦਨ ਦਾ ਲਗਭਗ ਪੰਜਵਾਂ ਹਿੱਸਾ ਸਰਕਾਰੀ ਪੈਸੇ ਦੁਆਰਾ ਸਮਰਥਤ ਹੈ।

### ਸਭ ਤੋਂ ਵੱਧ ਕੌਣ ਭੁਗਤਾਨ ਕਰਦਾ ਹੈ?

ਇਸ ਵਿਸ਼ਵਵਿਆਪੀ ਵਰਤਾਰੇ ਵਿੱਚ ਸਭ ਤੋਂ ਵੱਡੇ ਯੋਗਦਾਨ ਪਾਉਣ ਵਾਲੇ ਮੁਲਕਾਂ ਵਿੱਚ ਸ਼ਾਮਲ ਹਨ:

**ਚੀਨ:** ਦੁਨੀਆ ਦੇ ਸਭ ਤੋਂ ਵੱਡੇ ਸਬਸਿਡੀ ਦੇਣ ਵਾਲੇ ਦੇਸ਼ ਦੇ ਰੂਪ ਵਿੱਚ ਚੀਨ ਸਭ ਤੋਂ ਵੱਡਾ ਹਿੱਸਾ ਪਾਉਂਦਾ ਹੈ; ਹਾਲ ਹੀ ਦੇ ਅਨੁਮਾਨਾਂ ਅਨੁਸਾਰ ਇਸਦੀ ਖੇਤੀਬਾੜੀ ਸਹਾਇਤਾ ਲਗਭਗ 212 ਬਿਲੀਅਨ ਅਮਰੀਕੀ ਡਾਲਰ ਸਾਲਾਨਾ ਹੈ।

**ਯੂਰਪੀਅਨ ਯੂਨੀਅਨ:** ਯੂਰਪੀਅਨ ਯੂਨੀਅਨ ਆਪਣੇ ਬਜਟ ਦਾ ਇੱਕ ਵੱਡਾ ਹਿੱਸਾ ਖੇਤੀ ਨੂੰ ਸਮਰਪਿਤ ਕਰਦੀ ਹੈ, ਸਾਲਾਨਾ ਸਬਸਿਡੀਆਂ ਲਗਭਗ 62 ਬਿਲੀਅਨ ਯੂਰੋ ਤੋਂ 387 ਬਿਲੀਅਨ ਯੂਰੋ ਤੱਕ ਹੁੰਦੀਆਂ ਹਨ, ਜੋ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਸਹਾਇਤਾ ਕਿਵੇਂ ਗਿਣੀ ਜਾਂਦੀ ਹੈ ਅਤੇ ਕਿਹੜੇ ਫੰਡ ਸ਼ਾਮਲ ਕੀਤੇ ਜਾਂਦੇ ਹਨ।

**ਸੰਯੁਕਤ ਰਾਜ ਅਮਰੀਕਾ:** ਅਮਰੀਕੀ ਖੇਤੀ ਸਬਸਿਡੀਆਂ, ਜਿਸ ਵਿੱਚ ਸਿੱਧੀਆਂ ਅਦਾਇਗੀਆਂ ਅਤੇ ਬੀਮਾ ਸਹਾਇਤਾ ਸ਼ਾਮਲ ਹੈ, ਅਰਬਾਂ ਵਿੱਚ ਹਨ (ਲਗਭਗ 45 ਬਿਲੀਅਨ ਡਾਲਰ)। ਜਿਸ ਵਿੱਚ ਆਫ਼ਤਾਂ ਅਤੇ ਬਾਜ਼ਾਰ ਵਿੱਚ ਵਿਘਨ ਦੇ ਜਵਾਬ ਵਿੱਚ ਵੱਡੇ ਵਾਧੂ ਸਹਾਇਤਾ ਪੈਕੇਜ ਸ਼ਾਮਲ ਹਨ।

ਕੁੱਲ ਮਿਲਾ ਕੇ ਚੀਨ, ਸੰਯੁਕਤ ਰਾਜ ਅਮਰੀਕਾ, ਭਾਰਤ ਅਤੇ ਯੂਰਪੀਅਨ ਯੂਨੀਅਨ ਇਕੱਠੇ ਵਿਸ਼ਵਵਿਆਪੀ ਖੇਤੀ ਸਹਾਇਤਾ ਦੇ ਅੱਧੇ ਤੋਂ ਵੱਧ ਹਿੱਸੇਦਾਰ ਹਨ।

ਖੇਤੀਬਾੜੀ ਸਬਸਿਡੀਆਂ ਦੀਆਂ ਤਿੰਨ ਵਿਆਪਕ ਸ਼੍ਰੇਣੀਆਂ ਹਨ; ਜਿਵੇਂ ਕਿ:

***ਇਨਪੁੱਟ ਸਬਸਿਡੀਆਂ:** ਕਿਸਾਨਾਂ ਨੂੰ ਸਸਤੇ ਵਿੱਚ ਇਨਪੁੱਟ ਖਰੀਦਣ ਵਿੱਚ ਮਦਦ ਕੀਤੀ ਜਾਂਦੀ ਹੈ- ਉਦਾਹਰਣ ਵਜੋਂ ਸਬਸਿਡੀ ਵਾਲੀ ਖਾਦ, ਸਿੰਚਾਈ ਲਈ ਸਸਤੀ ਬਿਜਲੀ ਜਾਂ ਪਾਣੀ।

***ਕੀਮਤ ਸਹਾਇਤਾ ਸਬਸਿਡੀਆਂ:** ਸਰਕਾਰਾਂ ਫਸਲਾਂ ਲਈ ਘੱਟੋ-ਘੱਟ ਕੀਮਤ (ਐਮ.ਐਸ.ਪੀ.) ਦੀ ਗਾਰੰਟੀ ਦਿੰਦੀਆਂ ਹਨ ਤਾਂ ਜੋ ਕਿਸਾਨਾਂ ਨੂੰ ਘਾਟੇ ਵਿੱਚ ਵੇਚਣ ਲਈ ਮਜਬੂਰ ਨਾ ਕੀਤਾ ਜਾਵੇ।

***ਸਿੱਧੀ ਆਮਦਨ ਸਹਾਇਤਾ:** ਕਿਸਾਨਾਂ ਨੂੰ ਸਿੱਧੇ ਨਕਦ ਭੁਗਤਾਨ, ਭਾਵੇਂ ਉਹ ਕੁਝ ਵੀ ਉਗਾਉਂਦੇ ਹਨ।

### ਪ੍ਰਮੁੱਖ ਖੇਤਰਾਂ ਵਿੱਚ ਸਬਸਿਡੀਆਂ

ਅਮਰੀਕੀ ਸਰਕਾਰ ਹਰ ਸਾਲ ਅਰਬਾਂ ਡਾਲਰ ਦੀਆਂ ਸਬਸਿਡੀਆਂ ਪ੍ਰਦਾਨ ਕਰਦੀ ਹੈ, ਜਿਸ ਵਿੱਚ ਸਿੱਧੀਆਂ ਅਦਾਇਗੀਆਂ, ਫਸਲ ਬੀਮਾ ਪ੍ਰੀਮੀਅਮ ਸਹਾਇਤਾ, ਆਫ਼ਤ ਸਹਾਇਤਾ ਅਤੇ ਵਿਸ਼ੇਸ਼ ਰਾਹਤ ਪੈਕੇਜ ਸ਼ਾਮਲ ਹਨ।

ਯੂਰਪੀਅਨ ਯੂਨੀਅਨ ਦੀ ਸਾਂਝੀ ਖੇਤੀਬਾੜੀ ਨੀਤੀ (ਸੀ.ਏ.ਪੀ.) ਸਭ ਤੋਂ ਮਹੱਤਵਪੂਰਨ ਸਬਸਿਡੀ ਪ੍ਰੋਗਰਾਮਾਂ ਵਿੱਚੋਂ ਇੱਕ ਹੈ, ਜਿਸ ਵਿੱਚ ਕਿਸਾਨਾਂ ਦੀ ਆਮਦਨ ਅਤੇ ਪੇਂਡੂ ਵਿਕਾਸ ਨੂੰ ਸਮਰਥਨ ਦੇਣ ਲਈ ਬਹੁ-ਸਾਲਾ ਬਜਟ ਵਿੱਚ ਸੈਂਕੜੇ ਅਰਬ ਯੂਰੋ ਅਲਾਟ ਕੀਤੇ ਜਾਂਦੇ ਹਨ।

ਚੀਨ ਕਿਸਾਨਾਂ ਨੂੰ ਭੋਜਨ ਸਵੈ-ਨਿਰਭਰਤਾ ਅਤੇ ਪੇਂਡੂ ਆਮਦਨ ਨੂੰ ਬਣਾਈ ਰੱਖਣ ਲਈ ਭਾਰੀ ਸਹਾਇਤਾ ਕਰਦਾ ਹੈ, ਜੋ ਕਿ ਵਿਸ਼ਵਵਿਆਪੀ ਸਬਸਿਡੀਆਂ ਦਾ ਸਭ ਤੋਂ ਵੱਡਾ ਰਾਸ਼ਟਰੀ ਹਿੱਸਾ ਹੈ।

ਭਾਰਤ ਖਾਦ ਸਹਾਇਤਾ, ਸਿੰਚਾਈ ਲਈ ਬਿਜਲੀ, ਚੌਲ ਤੇ ਕਣਕ ਵਰਗੀਆਂ ਮੁੱਖ ਫਸਲਾਂ ਲਈ ਕੀਮਤ ਗਾਰੰਟੀ ਅਤੇ ਸਿੱਧੀ ਆਮਦਨ ਸਹਾਇਤਾ ਯੋਜਨਾਵਾਂ ਦੇ ਰੂਪ ਵਿੱਚ ਵੱਡੀਆਂ ਸਬਸਿਡੀਆਂ ਪ੍ਰਦਾਨ ਕਰਦਾ ਹੈ।

### ਖੇਤੀਬਾੜੀ ਸਬਸਿਡੀਆਂ ਦੇ ਲਾਭ

***ਵੱਧ ਭੋਜਨ ਉਤਪਾਦਨ:** ਕਿਸਾਨਾਂ ਨੂੰ ਵਧੇਰੇ ਭੋਜਨ ਪੈਦਾ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਸ ਨਾਲ ਰਾਸ਼ਟਰਾਂ ਨੂੰ ਵਧੇਰੇ ਸਵੈ-ਨਿਰਭਰ ਬਣਨ ਵਿੱਚ ਮਦਦ ਮਿਲਦੀ ਹੈ।

***ਆਮਦਨ ਸਥਿਰਤਾ:** ਕਿਸਾਨਾਂ ਨੂੰ ਕੀਮਤਾਂ ਵਿੱਚ ਤੇਜ਼ ਗਿਰਾਵਟ ਜਾਂ ਫਸਲਾਂ ਦੀ ਅਸਫਲਤਾ ਤੋਂ ਬਚਾਇਆ ਜਾਂਦਾ ਹੈ।

***ਬਿਹਤਰ ਪੇਂਡੂ ਜੀਵਨ-ਨਿਰਬਾਹ:** ਸਬਸਿਡੀਆਂ ਪੇਂਡੂ ਗਰੀਬੀ ਨੂੰ ਘਟਾ ਸਕਦੀਆਂ ਹਨ ਅਤੇ ਕਿਸਾਨ ਭਾਈਚਾਰਿਆਂ ਵਿੱਚ ਰੁਜ਼ਗਾਰ ਦਾ ਸਮਰਥਨ ਕਰ ਸਕਦੀਆਂ ਹਨ।

***ਕਿਫਾਇਤੀ ਭੋਜਨ ਕੀਮਤਾਂ:** ਸਬਸਿਡੀਆਂ ਖਪਤਕਾਰਾਂ ਲਈ ਭੋਜਨ ਦੀਆਂ ਕੀਮਤਾਂ ਨੂੰ ਸਥਿਰ ਰੱਖਣ ਵਿੱਚ ਮਦਦ ਕਰਦੀਆਂ ਹਨ।

***ਤਕਨਾਲੋਜੀ ਦਾ ਵਿਕਾਸ:** ਸਬਸਿਡੀਆਂ ਕਿਸਾਨਾਂ ਨੂੰ ਆਧੁਨਿਕ ਉਪਕਰਣ, ਬੀਜ ਅਤੇ ਅਭਿਆਸਾਂ ਨੂੰ ਅਪਣਾਉਣ ਵਿੱਚ ਮਦਦ ਕਰ ਸਕਦੀਆਂ ਹਨ।

### ਖੇਤੀਬਾੜੀ ਸਬਸਿਡੀਆਂ ਦੀਆਂ ਸਮੱਸਿਆਵਾਂ

ਜਦੋਂ ਕਿ ਸਬਸਿਡੀਆਂ ਕਿਸਾਨਾਂ ਦੀ ਮਦਦ ਕਰਦੀਆਂ ਹਨ, ਉਹ ਗੰਭੀਰ ਮੁੱਦੇ ਵੀ ਪੈਦਾ ਕਰਦੀਆਂ ਹਨ, ਜਿਵੇਂ ਕਿ;

**ਬਾਜ਼ਾਰ ਵਿਗਾੜ:** ਸਬਸਿਡੀਆਂ ਜ਼ਿਆਦਾ ਉਤਪਾਦਨ, ਘੱਟ ਕੀਮਤਾਂ ਅਤੇ ਵਿਸ਼ਵ ਬਾਜ਼ਾਰਾਂ ਵਿੱਚ ਅਨੁਚਿਤ ਮੁਕਾਬਲੇ ਦਾ ਕਾਰਨ ਬਣ ਸਕਦੀਆਂ ਹਨ।

**ਵਾਤਾਵਰਣ ਨੂੰ ਨੁਕਸਾਨ:** ਬਹੁਤ ਸਾਰੀਆਂ ਸਬਸਿਡੀਆਂ ਖਾਦ, ਪਾਣੀ ਅਤੇ ਜ਼ਮੀਨ ਦੀ ਬਹੁਤ ਜ਼ਿਆਦਾ ਵਰਤੋਂ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਸ ਨਾਲ ਵਾਤਾਵਰਣ ਪ੍ਰਣਾਲੀ ਨੂੰ ਨੁਕਸਾਨ ਹੁੰਦਾ ਹੈ।

**ਅਸਮਾਨਤਾ:** ਵੱਡੇ ਵਪਾਰਕ ਫਾਰਮ ਅਕਸਰ ਛੋਟੇ ਕਿਸਾਨਾਂ ਨਾਲੋਂ ਜ਼ਿਆਦਾ ਲਾਭ ਪ੍ਰਾਪਤ ਕਰਦੇ ਹਨ।

**ਸਰਕਾਰਾਂ ਨੂੰ ਉੱਚ ਲਾਗਤ:** ਸਬਸਿਡੀਆਂ 'ਤੇ ਖਰਚ ਕੀਤੇ ਗਏ ਅਰਬਾਂ ਡਾਲਰਾਂ ਦੀ ਵਰਤੋਂ ਸਿਹਤ ਸੰਭਾਲ, ਸਿੱਖਿਆ ਅਤੇ ਹੋਰ ਜਨਤਕ ਜ਼ਰੂਰਤਾਂ ਵਿੱਚ ਪੈਸੇ ਦੀ ਕਮੀ ਪੈਦਾ ਕਰ ਸਕਦੀ ਹੈ।

**ਵਿਸ਼ਵ ਵਪਾਰ ਤਣਾਅ:** ਸਬਸਿਡੀਆਂ ਵਪਾਰਕ ਵਿਵਾਦਾਂ ਦਾ ਕਾਰਨ ਬਣ ਸਕਦੀਆਂ ਹਨ, ਕਿਉਂਕਿ ਸਬਸਿਡੀ ਵਾਲੇ ਨਿਰਯਾਤ ਦੂਜੇ ਦੇਸ਼ਾਂ ਵਿੱਚ ਉਤਪਾਦਕਾਂ ਨੂੰ ਘਾਟਾ ਪਾ ਸਕਦੇ ਹਨ।

### ਗਲੋਬਲ ਵਪਾਰ ਅਤੇ ਸਬਸਿਡੀ ਨਿਯਮ

ਵਿਸ਼ਵ ਵਪਾਰ ਸੰਗਠਨ (WTO) ਸਬਸਿਡੀਆਂ ਨੂੰ ਨਿਯਮਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਜੋ ਉਹ ਵਪਾਰ ਨੂੰ ਗਲਤ ਢੰਗ ਨਾਲ ਵਿਗਾੜ ਨਾ ਸਕਣ। ਸਬਸਿਡੀਆਂ ਨੂੰ ਸ਼੍ਰੇਣੀਆਂ 'ਚ ਵੰਡਿਆ ਗਿਆ ਹੈ- ਕੁਝ ਦੀ ਇਜਾਜ਼ਤ ਹੈ (ਵਾਤਾਵਰਣ ਪ੍ਰੋਗਰਾਮ), ਪਰ ਹੋਰ ਜੋ ਬਾਜ਼ਾਰਾਂ ਨੂੰ ਵਿਗਾੜਦੇ ਹਨ, ਸੀਮਤ ਹਨ। ਗਰੀਬ ਦੇਸ਼ ਅਕਸਰ ਦਲੀਲ ਦਿੰਦੇ ਹਨ ਕਿ ਅਮੀਰ ਦੇਸ਼ ਅਜੇ ਵੀ ਬਹੁਤ ਜ਼ਿਆਦਾ ਸਬਸਿਡੀ ਦਿੰਦੇ ਹਨ।

### ਜਲਵਾਯੂ ਅਤੇ ਵਾਤਾਵਰਣ ਪ੍ਰਭਾਵ

ਮੌਜੂਦਾ ਸਬਸਿਡੀਆਂ ਦਾ ਵੱਡਾ ਪ੍ਰਤੀਸ਼ਤ ਉਤਪਾਦਨ ਦਾ ਸਮਰਥਨ ਕਰਦਾ ਹੈ, ਜੋ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦਾ ਹੈ- ਜਿਵੇਂ ਕਿ ਖਾਦਾਂ, ਪਾਣੀ ਅਤੇ ਜੈਵਿਕ ਇੰਧਨ ਦੀ ਭਾਰੀ ਵਰਤੋਂ, ਜਿਸ ਨਾਲ ਮਿੱਟੀ ਦਾ ਪਤਨ, ਪਾਣੀ ਦੀ ਕਮੀ ਅਤੇ ਗ੍ਰੀਨਹਾਊਸ ਗੈਸਾਂ ਦਾ ਨਿਕਾਸ ਹੁੰਦਾ ਹੈ। ਮਾਹਰ ਸਬਸਿਡੀਆਂ ਨੂੰ ਜਲਵਾਯੂ-ਸਮਾਰਟ ਖੇਤੀਬਾੜੀ ਵਰਗੇ ਟਿਕਾਊ ਅਭਿਆਸਾਂ ਵੱਲ ਬਦਲਣ ਦਾ ਸੁਝਾਅ ਦਿੰਦੇ ਹਨ।

### ਖੇਤੀਬਾੜੀ ਸਬਸਿਡੀਆਂ ਵਿੱਚ ਸੁਧਾਰ

ਬਹੁਤ ਸਾਰੇ ਮਾਹਰ ਕਹਿੰਦੇ ਹਨ ਕਿ ਸਬਸਿਡੀਆਂ ਵਿੱਚ ਸੁਧਾਰ ਕੀਤਾ ਜਾਣਾ ਚਾਹੀਦਾ ਹੈ, ਸਿਰਫ਼ ਹਟਾਇਆ ਨਹੀਂ ਜਾਣਾ ਚਾਹੀਦਾ। ਸੰਭਾਵੀ ਸੁਧਾਰਾਂ ਵਿੱਚ ਸ਼ਾਮਲ ਹਨ:

- ਛੋਟੇ ਅਤੇ ਸੀਮਤ ਕਿਸਾਨਾਂ ਨੂੰ ਨਿਸ਼ਾਨਾ ਬਣਾਉਣਾ
- ਸਬਸਿਡੀਆਂ ਨੂੰ ਵਾਤਾਵਰਣ ਪ੍ਰਦਰਸ਼ਨ ਨਾਲ ਜੋੜਨਾ
- ਬਾਜ਼ਾਰ ਕੀਮਤ ਵਿੱਚ ਹੇਰਾਫੇਰੀ ਦੀ ਬਜਾਏ ਸਿੱਧੀ ਆਮਦਨ ਸਹਾਇਤਾ ਪ੍ਰਦਾਨ ਕਰਨਾ
- ਫਸਲ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ।

### ਸਬਸਿਡੀਆਂ ਦਾ ਭਵਿੱਖ

ਖੇਤੀਬਾੜੀ ਸਬਸਿਡੀਆਂ ਅੱਜ ਦੀ ਵਿਸ਼ਵ ਨੀਤੀ ਦਾ ਹਿੱਸਾ ਰਹਿਣਗੀਆਂ, ਪਰ ਸੰਭਾਵਤ ਤੌਰ 'ਤੇ ਬਦਲ ਜਾਣਗੀਆਂ। ਭਵਿੱਖ ਦੀਆਂ ਸਬਸਿਡੀਆਂ ਦਾ ਕੇਂਦਰ ਗ੍ਰੀਨ ਹਾਊਸ ਗੈਸਾਂ ਨੂੰ ਸੀਮਤ ਕਰਨਾ, ਵਾਤਾਵਰਣ ਸਥਿਰਤਾ ਨੂੰ ਉਤਸ਼ਾਹਿਤ ਕਰਨਾ, ਜਲਵਾਯੂ ਅਨੁਕੂਲਨ, ਨਵੀਨਤਾ, ਤਕਨਾਲੋਜੀ ਅਤੇ ਪੋਸ਼ਣ ਤੇ ਸਿਹਤਮੰਦ ਭੋਜਨ ਉਤਪਾਦਨ ਦਾ ਸਮਰਥਨ ਕਰਨਾ ਹੋਵੇਗਾ। ਦੇਸ਼ਾਂ ਨੂੰ ਕਿਸਾਨ ਭਲਾਈ, ਭੋਜਨ ਸੁਰੱਖਿਆ, ਵਾਤਾਵਰਣ ਸੁਰੱਖਿਆ ਅਤੇ ਵਿਸ਼ਵਵਿਆਪੀ ਨਿਰਪੱਖਤਾ ਨੂੰ ਸੰਤੁਲਿਤ ਕਰਨ ਦੀ ਜ਼ਰੂਰਤ ਹੋਵੇਗੀ।



### ਸਿੱਟਾ

ਖੇਤੀਬਾੜੀ ਸਬਸਿਡੀਆਂ ਸਭ ਤੋਂ ਵੱਡੇ ਵਿੱਤੀ ਸਾਧਨਾਂ ਵਿੱਚੋਂ ਇੱਕ ਹਨ, ਜੋ ਸਰਕਾਰਾਂ ਖੇਤੀ ਨੂੰ ਸਮਰਥਨ ਦੇਣ ਲਈ ਵਰਤਦੀਆਂ ਹਨ। ਵਿਸ਼ਵ ਪੱਧਰ 'ਤੇ ਸਰਕਾਰਾਂ ਕਿਸਾਨਾਂ ਦੀ ਰੱਖਿਆ ਕਰਨ, ਭੋਜਨ ਸਪਲਾਈ ਨੂੰ ਸਥਿਰ ਕਰਨ ਅਤੇ ਬਾਜ਼ਾਰਾਂ ਦਾ ਪ੍ਰਬੰਧਨ ਕਰਨ ਲਈ ਹਰ ਸਾਲ ਸੈਂਕੜੇ ਅਰਬ ਡਾਲਰ ਖਰਚ ਕਰਦੀਆਂ ਹਨ- ਹਾਲ ਹੀ ਵਿੱਚ 840 ਬਿਲੀਅਨ ਅਮਰੀਕੀ ਡਾਲਰ ਤੋਂ ਵੱਧ ਖਰਚੇ ਜਾਂਦੇ ਹਨ।

ਸਬਸਿਡੀਆਂ ਨੇ ਭੋਜਨ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਵਿੱਚ ਮਦਦ ਕੀਤੀ ਹੈ ਅਤੇ ਪੇਂਡੂ ਜੀਵਨ ਨੂੰ ਸਮਰਥਨ ਦਿੱਤਾ ਹੈ, ਪਰ ਇਹ ਆਰਥਿਕ ਵਿਗਾੜ, ਵਾਤਾਵਰਣ ਨੂੰ ਨੁਕਸਾਨ ਅਤੇ ਅਸਮਾਨਤਾਵਾਂ ਵੀ ਪੈਦਾ ਕਰਦੀਆਂ ਹਨ। ਦੁਨੀਆ ਲਈ ਅਸਲ ਚੁਣੌਤੀ ਇਨ੍ਹਾਂ ਸਬਸਿਡੀਆਂ ਨੂੰ ਇਸ ਤਰੀਕੇ ਨਾਲ ਮੁੜ ਡਿਜ਼ਾਈਨ ਕਰਨਾ ਹੈ, ਜੋ ਕਿਸਾਨਾਂ ਦਾ ਸਮਰਥਨ ਵੀ ਕਰਨ, ਵਾਤਾਵਰਣ ਦੀ ਰੱਖਿਆ ਵੀ ਕਰਨ ਅਤੇ ਨਿਰਪੱਖ ਵਪਾਰ ਨੂੰ ਵੀ ਉਤਸ਼ਾਹਿਤ ਕਰਨ।

ਸਿਰਫ਼ ਸਮਾਰਟ ਅਤੇ ਸੰਤੁਲਿਤ ਨੀਤੀਆਂ ਹੀ ਇਹ

***⇒ ਬਾਕੀ ਅਗਲੇ ਸਫੇ ਉਤੇ ਪੜ੍ਹੋ***

# ਖੇਤਾਂ ਦੇ ਜਾਏ, ਨਿਤ ਦੇ ਸੰਘਰਸ਼ਾਂ ਨੇ ਤਪਾਏ

## *ਭਾਰਤ-ਅਮਰੀਕਾ ਵਪਾਰ ਸਮਝੌਤੇ ਨਾ.ਲ ਕਿਸਾਨਾਂ ਦੇ ਭਵਿੱਖ 'ਤੇ ਨਵੇਂ ਸਵਾਲ

ਪੰਜਾਬੀ ਪਰਵਾਜ਼ ਬਿਊਰੋ

ਭਾਰਤ ਅਤੇ ਅਮਰੀਕਾ ਵਿਚਕਾਰ ਹੋ ਰਿਹਾ ਨਵਾਂ ਵਪਾਰਕ ਸਮਝੌਤਾ ਇੱਕ ਪਾਸੇ ਦੋਵਾਂ ਦੇਸ਼ਾਂ ਵਿਚਕਾਰ ਆਰਥਿਕ ਸਾਂਝ ਨੂੰ ਮਜਬੂਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਵੇਖਿਆ ਜਾ ਰਿਹਾ ਹੈ, ਪਰ ਦੂਜੇ ਪਾਸੇ ਇਸ ਦੇ ਭਾਰਤੀ ਕਿਸਾਨਾਂ, ਖਾਸ ਕਰ ਕੇ ਕਪਾਹ ਉਗਾਉਣ ਵਾਲੇ ਕਿਸਾਨਾਂ 'ਤੇ ਪੈਣ ਵਾਲੇ ਅਸਰਾਂ ਨੂੰ ਲੈ ਕੇ ਗੰਭੀਰ ਚਿੰਤਾਵਾਂ ਜਨਮ ਲੈ ਰਹੀਆਂ ਹਨ। ਖੇਤੀਬਾੜੀ ਭਾਰਤ ਦੀ ਆਰਥਿਕ ਅਤੇ ਸਮਾਜਕ ਰੀੜ੍ਹ ਦੀ ਹੱਡੀ ਹੈ ਤੇ ਲਗਭਗ 55 ਫ਼ੀਸਦੀ ਆਬਾਦੀ ਕਿਸੇ ਨਾ ਕਿਸੇ ਰੂਪ ਵਿੱਚ ਇਸ 'ਤੇ ਨਿਰਭਰ ਕਰਦੀ ਹੈ। ਇਸ ਪਿਛੋਕੜ ਵਿੱਚ ਕੋਈ ਵੀ ਅੰਤਰਰਾਸ਼ਟਰੀ ਵਪਾਰ ਸਮਝੌਤਾ ਸਿੱਧਾ ਪ੍ਰਭਾਵ ਪਿੰਡਾਂ ਦੀ ਅਰਥਵਿਵਸਥਾ 'ਤੇ ਪਾ ਸਕਦਾ ਹੈ।

ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਕਪਾਹ ਉਤਪਾਦਕ ਦੇਸ਼ ਹੈ। ਖੇਤੀ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਦੇਸ਼ ਵਿੱਚ ਹਰ ਸਾਲ ਲਗਭਗ 360 ਤੋਂ 380 ਲੱਖ ਗੱਠਾਂ (bales) ਕਪਾਹ ਦੀ ਪੈਦਾਵਾਰ ਹੁੰਦੀ ਹੈ। ਪੰਜਾਬ, ਹਰਿਆਣਾ, ਮਹਾਰਾਸ਼ਟਰ, ਗੁਜਰਾਤ ਅਤੇ ਤੇਲੰਗਾਨਾ ਇਸ ਦੇ ਮੁੱਖ ਉਤਪਾਦਕ ਰਾਜ ਹਨ। ਕੇਵਲ ਪੰਜਾਬ ਵਿੱਚ ਹੀ ਲਗਭਗ 7 ਤੋਂ 8 ਲੱਖ ਹੈਕਟੇਅਰ ਖੇਤਰ ਵਿੱਚ ਕਪਾਹ ਦੀ ਖੇਤੀ ਕੀਤੀ ਜਾਂਦੀ ਹੈ ਅਤੇ ਲੱਖਾਂ ਕਿਸਾਨ ਪਰਿਵਾਰ ਇਸ 'ਤੇ ਨਿਰਭਰ ਹਨ। ਇਸ ਤੋਂ ਇਲਾਵਾ ਟੈਕਸਟਾਈਲ ਉਦਯੋਗ, ਜੋ ਭਾਰਤ ਦਾ ਦੂਜਾ ਸਭ ਤੋਂ ਵੱਡਾ ਰੋਜ਼ਗਾਰ ਦੇਣ ਵਾਲਾ ਖੇਤਰ ਹੈ, ਸਿੱਧੇ ਅਤੇ ਅਸਿੱਧੇ ਤੌਰ 'ਤੇ ਲਗਭਗ 4.5 ਕਰੋੜ ਲੋਕਾਂ ਨੂੰ ਰੋਜ਼ਗਾਰ ਦਿੰਦਾ ਹੈ; ਇਸ 'ਤੇ ਵੀ ਬਹੁਤ ਬੁਰਾ ਅਸਰ ਪੈਣ ਦੀ ਸੰਭਾਵਨਾ ਹੈ।

**ਟੈਰਿਫ਼ 'ਚ ਕਮੀ ਨਾਲ ਘਰੇਲੂ ਕੀਮਤਾਂ 'ਤੇ ਦਬਾਅ**

ਨਵੇਂ ਵਪਾਰ ਸਮਝੌਤੇ ਦੇ ਤਹਿਤ ਭਾਰਤ ਵੱਲੋਂ ਕੁਝ ਖੇਤੀਬਾੜੀ ਉਤਪਾਦਾਂ, ਖਾਸ ਕਰ ਕੇ ਵਾਧੂ-ਲੰਬੇ ਸਟੈਪਲ ਕਪਾਹ (extra-long staple cotton) ਦੀ ਦਰਾਮਦ 'ਤੇ ਟੈਰਿਫ਼ ਘਟਾਉਣ ਜਾਂ ਸੀਮਿਤ ਕੋਟੇ ਹੇਠ ਡਿਊਟੀ-ਮੁਕਤ ਦਰਾਮਦ ਦੀ ਆਗਿਆ ਦੇਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਵੇਲੇ ਭਾਰਤ ਅਮਰੀਕੀ ਕਪਾਹ 'ਤੇ ਲਗਭਗ 11 ਫ਼ੀਸਦੀ ਦਰਾਮਦ ਡਿਊਟੀ ਲਗਾਉਂਦਾ ਹੈ। ਜੇ ਇਹ ਡਿਊਟੀ ਘਟਦੀ ਹੈ ਜਾਂ ਖਤਮ ਹੁੰਦੀ ਹੈ, ਤਾਂ ਸਸਤੀ ਅਮਰੀਕੀ ਕਪਾਹ ਭਾਰਤੀ ਬਾਜ਼ਾਰ ਵਿੱਚ ਆ ਸਕਦੀ ਹੈ, ਜਿਸ ਨਾਲ ਘਰੇਲੂ ਕਪਾਹ ਦੀਆਂ ਕੀਮਤਾਂ 'ਤੇ ਦਬਾਅ ਪੈ ਸਕਦਾ ਹੈ।

ਵਿਸ਼ਵ ਬੈਂਕ ਅਤੇ ਐਫ.ਏ.ਓ. ਦੇ ਅਨੁਸਾਰ ਪਿਛਲੇ ਦੋ ਸਾਲਾਂ ਵਿੱਚ ਵਿਸ਼ਵ ਪੱਧਰ 'ਤੇ ਕਪਾਹ ਦੀਆਂ ਕੀਮਤਾਂ ਵਿੱਚ 15 ਤੋਂ 20 ਫ਼ੀਸਦੀ ਤਕ ਗਿਰਾਵਟ ਆਈ ਹੈ। ਇਸ ਦਾ ਕਾਰਨ ਵਧਦੀ ਸਪਲਾਈ ਅਤੇ ਘਟਦੀ ਮੰਗ ਹੈ। ਜੇ ਇਸ ਪਿਛੋਕੜ ਵਿੱਚ ਸਸਤੀ ਦਰਾਮਦ ਵਧਦੀ ਹੈ, ਤਾਂ ਭਾਰਤੀ ਕਿਸਾਨਾਂ ਨੂੰ ਆਪਣੇ ਉਤਪਾਦ ਲਈ ਘੱਟ ਕੀਮਤ ਮਿਲਣ ਦੀ ਸੰਭਾਵਨਾ ਹੋਰ ਵਧ ਸਕਦੀ ਹੈ।

**ਸਰਕਾਰ ਦਾ ਦਾਅਵਾ**

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਵਿਰੋਧੀ ਧਿਰ ਦੀਆਂ ਚਿੰਤਾਵਾਂ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਇਹ ਸਮਝੌਤਾ ਭਾਰਤ ਲਈ ਲੰਬੇ ਸਮੇਂ ਵਿੱਚ ਲਾਭਕਾਰੀ ਸਾਬਤ ਹੋਵੇਗਾ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਭਾਰਤੀ ਟੈਕਸਟਾਈਲ, ਮਸਾਲਿਆਂ, ਚੌਲ ਅਤੇ ਹੋਰ ਉਤਪਾਦਾਂ ਦੇ ਐਕਸਪੋਰਟ ਨੂੰ ਨਵੇਂ ਬਾਜ਼ਾਰ ਮਿਲਣਗੇ। ਸਰਕਾਰ ਇਹ ਵੀ ਕਹਿ ਰਹੀ ਹੈ ਕਿ ਕਿਸਾਨਾਂ ਦੇ ਹਿੱਤਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਸਿਰਫ਼ ਉਹੀ ਦਰਾਮਦ ਹੋਵੇਗੀ ਜਿਸ ਨਾਲ ਘਰੇਲੂ ਬਾਜ਼ਾਰ ਨੂੰ ਵੱਡਾ ਨੁਕਸਾਨ ਨਾ ਪਹੁੰਚੇ। ਭਾਰਤ ਅਤੇ ਅਮਰੀਕਾ ਵਿਚਕਾਰ ਕੁੱਲ ਵਪਾਰ 2024-25 ਵਿੱਚ ਲਗਭਗ 190 ਅਰਬ ਡਾਲਰ ਤੱਕ ਪਹੁੰਚ ਚੁੱਕਾ ਹੈ ਅਤੇ ਅਮਰੀਕਾ ਭਾਰਤ ਦਾ




ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਬਣ ਗਿਆ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਸਮਝੌਤੇ ਨਾਲ ਇਹ ਅੰਕੜਾ ਹੋਰ ਵਧ ਸਕਦਾ ਹੈ।

**ਮਾਹਰਾਂ ਦੀ ਚਿੰਤਾ: ਗ਼ੈਰ-ਬਰਾਬਰੀ ਵਾਲੇ ਮੁਕਾਬਲੇ ਦਾ ਖਤਰਾ**

ਖੇਤੀ ਮਾਹਰ ਦੇਵੇਂਦਰ ਸ਼ਰਮਾ ਦੇ ਅਨੁਸਾਰ ਇਹ ਸਮਝੌਤਾ ਭਾਰਤੀ ਕਿਸਾਨਾਂ ਲਈ ਲੰਬੇ ਸਮੇਂ ਵਿੱਚ ਖ਼ਤਰਾ ਬਣ ਸਕਦਾ ਹੈ। ਉਹ ਦੱਸਦੇ ਹਨ ਕਿ ਅਮਰੀਕਾ ਆਪਣੇ ਕਿਸਾਨਾਂ ਨੂੰ ਭਾਰੀ ਸਬਸਿਡੀ ਦਿੰਦਾ ਹੈ। ਓ.ਈ.ਸੀ.ਡੀ. ਦੇ ਅੰਕੜਿਆਂ ਮੁਤਾਬਕ ਅਮਰੀਕੀ ਕਿਸਾਨ ਨੂੰ ਸਾਲਾਨਾ ਔਸਤ 60,000 ਡਾਲਰ ਤੱਕ ਦੀ ਸਹਾਇਤਾ ਮਿਲਦੀ ਹੈ, ਜਦਕਿ ਭਾਰਤ ਵਿੱਚ ਇਹ ਸਹਾਇਤਾ ਸਿਰਫ਼ 60 ਤੋਂ 100 ਡਾਲਰ ਦੇ ਦਰਮਿਆਨ ਹੈ। ਇਸ ਕਰ ਕੇ ਅਮਰੀਕੀ ਉਤਪਾਦ ਘੱਟ ਲਾਗਤ 'ਤੇ ਤਿਆਰ ਹੁੰਦੇ ਹਨ ਅਤੇ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਸਸਤੇ ਮਿਲਦੇ ਹਨ। ਉਨ੍ਹਾਂ ਦੇ ਮਤਾਬਕ ਜਦ ਭਾਰਤੀ ਕਿਸਾਨ ਬਿਨਾ ਵੱਡੀ ਸਬਸਿਡੀ ਦੇ ਅਮਰੀਕੀ ਸਬਸਿਡੀ ਵਾਲੇ ਉਤਪਾਦਾਂ ਨਾਲ ਮੁਕਾਬਲਾ ਕਰਨਗੇ, ਤਾਂ ਇਹ ਇੱਕ ਗ਼ੈਰ-ਬਰਾਬਰੀ ਵਾਲਾ ਮੁਕਾਬਲਾ ਹੋਵੇਗਾ, ਜਿਸ ਵਿੱਚ ਭਾਰਤੀ ਕਿਸਾਨ ਨੁਕਸਾਨ ਵਿੱਚ ਰਹਿ ਸਕਦੇ ਹਨ।

**ਵਿਸ਼ਵ ਪੱਧਰੀ ਰੁਝਾਨ ਵੀ ਕਿਸਾਨਾਂ ਲਈ ਚੁਣੌਤੀ**

ਵਿਸ਼ਵ ਪੱਧਰ 'ਤੇ ਖੇਤੀਬਾੜੀ ਉਤਪਾਦਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਦਾ ਰੁਝਾਨ ਵੀ ਭਾਰਤੀ ਕਿਸਾਨਾਂ ਲਈ ਚੁਣੌਤੀ ਬਣ ਰਿਹਾ ਹੈ। ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਕ 2026 ਤੱਕ ਕਈ ਖੇਤੀਬਾੜੀ ਉਤਪਾਦਾਂ ਦੀਆਂ ਕੀਮਤਾਂ ਦਬਾਅ ਹੇਠ ਰਹਿਣ ਦੀ ਸੰਭਾਵਨਾ ਹੈ। ਜੇ ਕਪਾਹ ਦੀ ਕੀਮਤ ਘਟਦੀ ਹੈ ਅਤੇ ਦਰਾਮਦ ਵਧਦੀ ਹੈ, ਤਾਂ ਕਿਸਾਨਾਂ ਦੀ ਆਮਦਨ ਵਿੱਚ ਹੋਰ ਕਮੀ ਆ ਸਕਦੀ ਹੈ।

ਪਿਛਲੇ ਕੁਝ ਸਾਲਾਂ ਵਿੱਚ ਪਹਿਲਾਂ ਹੀ ਕਿਸਾਨਾਂ ਦੀ ਆਮਦਨ ਉਮੀਦਾਂ ਮੁਤਾਬਕ ਨਹੀਂ ਵਧੀ। ਨਾਬਾਰਡ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ ਇੱਕ ਕਿਸਾਨ ਪਰਿਵਾਰ ਦੀ ਔਸਤ ਮਹੀਨਾਵਾਰ ਆਮਦਨ ਲਗਭਗ 10,200 ਰੁਪਏ ਹੈ, ਜਿਸ ਵਿੱਚੋਂ ਵੱਡਾ ਹਿੱਸਾ ਖਰਚਿਆਂ 'ਚ ਹੀ ਚਲਾ ਜਾਂਦਾ ਹੈ।

**ਵਿਰੋਧੀ ਧਿਰ ਦੀ ਆਲੋਚਨਾ ਅਤੇ ਚੇਤਾਵਨੀ**

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਇਸ ਸਮਝੌਤੇ 'ਤੇ ਗੰਭੀਰ ਚਿੰਤਾ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਭਾਰਤ ਅਮਰੀਕੀ ਕਪਾਹ ਦੀ ਵੱਡੀ ਮਾਤਰਾ ਵਿੱਚ ਦਰਾਮਦ ਕਰਦਾ ਹੈ, ਤਾਂ ਇਸ ਨਾਲ ਦੇਸ਼ ਦੇ ਕਪਾਹ ਕਿਸਾਨਾਂ ਅਤੇ ਟੈਕਸਟਾਈਲ ਉਦਯੋਗ ਨੂੰ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਟੈਕਸਟਾਈਲ ਖੇਤਰ ਲੱਖਾਂ ਲੋਕਾਂ ਦੀ ਰੋਜ਼ੀ-ਰੋਟੀ ਨਾਲ ਜੁੜਿਆ ਹੋਇਆ ਹੈ ਅਤੇ ਅਜਿਹਾ ਕੋਈ ਵੀ ਕਦਮ ਜੋ ਘਰੇਲੂ ਉਤਪਾਦਨ ਨੂੰ ਕਮਜ਼ੋਰ ਕਰੇ, ਵੱਡੇ ਪੱਧਰ 'ਤੇ ਬੇਰੁਜ਼ਗਾਰੀ ਅਤੇ ਆਰਥਿਕ ਸੰਕਟ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਨੇ ਇਹ ਮਸਲਾ ਵੀ ਉਠਾਇਆ ਕਿ ਜਦ ਭਾਰਤੀ ਟੈਕਸਟਾਈਲ ਉਤਪਾਦਾਂ 'ਤੇ ਅਮਰੀਕਾ ਵੱਲੋਂ ਟੈਰਿਫ਼ ਲਗਾਇਆ ਜਾ ਰਿਹਾ ਹੈ, ਤਾਂ ਭਾਰਤ ਨੂੰ ਅਮਰੀਕੀ ਕਪਾਹ ਲਈ ਬਾਜ਼ਾਰ ਖੋਲ੍ਹਣਾ ਇੱਕ ਘਾਟੇ ਵਾਲਾ ਸੌਦਾ ਹੈ।

**ਕਪਾਹ ਅਤੇ ਟੈਕਸਟਾਈਲ ਖੇਤਰ ਦੀ ਆਰਥਿਕ ਮਹੱਤਤਾ**

ਭਾਰਤ ਦਾ ਟੈਕਸਟਾਈਲ ਉਦਯੋਗ ਦੇਸ਼ ਦੇ ਕੁੱਲ ਐਕਸਪੋਰਟ ਦਾ ਲਗਭਗ 12 ਫ਼ੀਸਦੀ ਹਿੱਸਾ ਬਣਾਉਂਦਾ ਹੈ ਅਤੇ ਇਹ ਖੇਤਰ ਦੇਸ਼ ਦੀ ਜੀ.ਡੀ.ਪੀ. ਵਿੱਚ ਲਗਭਗ 2.5 ਫ਼ੀਸਦੀ ਯੋਗਦਾਨ ਪਾਉਂਦਾ ਹੈ। ਕੇਵਲ ਕਪਾਹ ਅਤੇ ਕੱਪੜਾ ਖੇਤਰ ਹੀ ਲੱਖਾਂ ਛੋਟੇ ਕਿਸਾਨਾਂ, ਮਜ਼ਦੂਰਾਂ ਅਤੇ ਉਦਯੋਗਿਕ ਕਰਮਚਾਰੀਆਂ ਦੀ ਜ਼ਿੰਦਗੀ ਨਾਲ ਜੁੜਿਆ ਹੋਇਆ ਹੈ। ਜੇ ਘਰੇਲੂ ਕਪਾਹ ਦੀ ਕੀਮਤ ਘਟਦੀ ਹੈ, ਤਾਂ ਇਸ ਦਾ ਪ੍ਰਭਾਵ ਸਿਰਫ਼ ਕਿਸਾਨਾਂ ਤੱਕ ਸੀਮਿਤ ਨਹੀਂ ਰਹੇਗਾ, ਸਗੋਂ ਪੂਰੇ ਟੈਕਸਟਾਈਲ ਚੇਨ 'ਤੇ ਪਵੇਗਾ; ਜਿਸ ਵਿੱਚ ਜਿਨਿੰਗ, ਸਪਿੰਨਿੰਗ, ਵੀਵਿੰਗ ਅਤੇ ਗਾਰਮੈਂਟ ਉਦਯੋਗ ਸ਼ਾਮਲ ਹਨ।

ਵਪਾਰ ਸਮਝੌਤੇ ਆਰਥਿਕ ਵਿਕਾਸ ਲਈ ਮਹੱਤਵਪੂਰਨ ਹੁੰਦੇ ਹਨ, ਪਰ ਇਹ ਯਕੀਨੀ ਬਣਾਉਣਾ ਵੀ ਜਰੂਰੀ ਹੈ ਕਿ ਇਹ ਸਮਝੌਤੇ ਦੇਸ਼ ਦੇ ਕਿਸਾਨਾਂ ਅਤੇ ਘਰੇਲੂ ਉਦਯੋਗਾਂ ਨੂੰ ਨੁਕਸਾਨ ਨਾ ਪਹੁੰਚਾਉਣ। ਮਾਹਰਾਂ ਦਾ ਮੰਨਣਾ ਹੈ ਕਿ ਸਰਕਾਰ ਨੂੰ ਦਰਾਮਦ 'ਤੇ ਕੰਟਰੋਲ, ਘਰੇਲੂ ਕਿਸਾਨਾਂ ਲਈ ਵਧੀਆ ਸਹਾਇਤਾ ਅਤੇ ਐਮ.ਐਸ.ਪੀ. ਵਰਗੀਆਂ ਨੀਤੀਆਂ ਨੂੰ ਮਜਬੂਤ ਕਰਨਾ ਚਾਹੀਦਾ ਹੈ। ਖੇਤੀ ਸਿਰਫ਼ ਇੱਕ ਆਰਥਿਕ ਕਰਮ ਹੀ ਨਹੀਂ, ਸਗੋਂ ਭਾਰਤ ਦੇ ਸਮਾਜਕ ਢਾਂਚੇ ਦਾ ਅਹਿਮ ਹਿੱਸਾ ਹੈ। ਜੇ ਕਿਸਾਨ ਆਰਥਿਕ ਤੌਰ 'ਤੇ ਕਮਜ਼ੋਰ ਹੁੰਦੇ ਹਨ, ਤਾਂ ਇਸ ਦਾ ਪ੍ਰਭਾਵ ਪੂਰੇ ਦੇਸ਼ ਦੀ ਅਰਥਵਿਵਸਥਾ 'ਤੇ ਪਵੇਗਾ।

ਭਾਰਤ-ਅਮਰੀਕਾ ਵਪਾਰ ਸਮਝੌਤਾ ਇੱਕ ਨਵਾਂ ਚੈਪਟਰ ਖੋਲ੍ਹ ਸਕਦਾ ਹੈ, ਪਰ ਇਹ ਵੀ ਸਪੱਸ਼ਟ ਹੈ ਕਿ ਇਸ ਦੇ ਅਸਲ ਪ੍ਰਭਾਵ ਦਾ ਅੰਦਾਜ਼ਾ ਆਉਣ ਵਾਲੇ ਸਾਲਾਂ ਵਿੱਚ ਹੀ ਲੱਗੇਗਾ। ਇਸ ਵੇਲੇ ਸਭ ਤੋਂ ਵੱਡੀ ਲੋੜ ਇਹ ਹੈ ਕਿ ਵਿਕਾਸ ਅਤੇ ਕਿਸਾਨਾਂ ਦੀ ਸੁਰੱਖਿਆ ਵਿਚਕਾਰ ਸੰਤੁਲਨ ਬਣਾਇਆ ਜਾਵੇ, ਤਾਂ ਜੋ ਖੇਤਾਂ ਦੇ ਜਾਏ ਹੋਰ ਸੰਘਰਸ਼ਾਂ ਦੀ ਅੱਗ ਵਿੱਚ ਨਾ ਤਪਣ।

# ਵਿਸ਼ਵਵਿਆਪੀ ਖੇਤੀਬਾੜੀ ਸਬਸਿਡੀਆਂ ਅਤੇ ਵਪਾਰ ਸਮਝੌਤੇ

*...ਪਿਛਲੇ ਸਫੇ ਦੀ ਬਾਕੀ ⇒*

ਯਕੀਨੀ ਬਣਾ ਸਕਦੀਆਂ ਹਨ ਕਿ ਖੇਤੀ ਲਾਭਦਾਇਕ ਰਹੇ, ਭੋਜਨ ਕਿਫਾਇਤੀ ਰਹੇ ਅਤੇ ਗ੍ਰਹਿ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਰਹੇ।

## ਵਿਸ਼ਵ ਵਪਾਰ ਸੰਗਠਨ (WTO) ਗਲੋਬਲ ਖੇਤੀਬਾੜੀ ਸਬਸਿਡੀਆਂ ਨੂੰ ਕਿਵੇਂ ਨਿਯੰਤ੍ਰਿਤ ਕਰਦਾ ਹੈ

ਵਿਸ਼ਵ ਵਪਾਰ ਸੰਗਠਨ ਇੱਕ ਅੰਤਰਰਾਸ਼ਟਰੀ ਸੰਸਥਾ ਹੈ, ਜੋ ਦੇਸ਼ਾਂ ਵਿਚਕਾਰ ਗਲੋਬਲ ਵਪਾਰ ਲਈ ਨਿਯਮ ਨਿਰਧਾਰਤ ਕਰਦੀ ਹੈ। ਇੱਕ ਮਹੱਤਵਪੂਰਨ ਖੇਤਰ ਜਿਸਨੂੰ ਇਹ ਨਿਯੰਤ੍ਰਿਤ ਕਰਦਾ ਹੈ, ਉਹ ਹੈ ਖੇਤੀਬਾੜੀ ਸਬਸਿਡੀਆਂ, ਕਿਉਂਕਿ ਸਬਸਿਡੀਆਂ ਵਿਸ਼ਵ ਬਾਜ਼ਾਰਾਂ ਵਿੱਚ ਨਿਰਪੱਖ ਮੁਕਾਬਲੇ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

1995 ਵਿੱਚ ਵਿਸ਼ਵ ਵਪਾਰ ਸੰਗਠਨ ਨੇ ਖੇਤੀਬਾੜੀ 'ਤੇ ਸਮਝੌਤਾ ਪੇਸ਼ ਕੀਤਾ, ਤਾਂ ਜੋ ਖੇਤੀਬਾੜੀ ਨੂੰ ਵਿਸ਼ਵ ਵਪਾਰ ਨਿਯਮਾਂ ਦੇ ਅਧੀਨ ਲਿਆਂਦਾ ਜਾ ਸਕੇ। ਮੁੱਖ ਟੀਚਾ ਅਨੁਚਿਤ ਵਪਾਰਕ ਅਭਿਆਸਾਂ ਨੂੰ ਘਟਾਉਣਾ ਅਤੇ ਬਾਜ਼ਾਰਾਂ ਨੂੰ ਹੋਰ ਖੁੱਲ੍ਹਾ ਬਣਾਉਣਾ ਸੀ।

**ਵਿਸ਼ਵ ਵਪਾਰ ਸੰਗਠਨ ਖੇਤੀਬਾੜੀ ਸਬਸਿਡੀਆਂ ਨੂੰ ਤਿੰਨ ਬਾਕਸਾਂ ਜਾਂ ਹਿੱਸਿਆਂ ਵਿੱਚ ਵੰਡਦਾ ਹੈ, ਇਸ ਆਧਾਰ 'ਤੇ ਕਿ ਉਹ ਵਪਾਰ ਨੂੰ ਕਿੰਨਾ ਵਿਗਾੜਦੀਆਂ ਹਨ:**

**ਗ੍ਰੀਨ ਬਾਕਸ:** ਇਨ੍ਹਾਂ ਸਬਸਿਡੀਆਂ ਦੀ ਇਜਾਜ਼ਤ ਹੈ, ਕਿਉਂਕਿ ਇਹ ਕੋਈ ਵਪਾਰ ਵਿਗਾੜ ਪੈਦਾ ਨਹੀਂ ਕਰਦੀਆਂ ਹਨ। ਇਨ੍ਹਾਂ ਵਿੱਚ ਸ਼ਾਮਲ ਹਨ- ਖੇਤੀਬਾੜੀ ਖੋਜ, ਵਾਤਾਵਰਣ ਸੁਰੱਖਿਆ ਪ੍ਰੋਗਰਾਮ, ਆਫ਼ਤ ਰਾਹਤ ਤੇ ਸਿੱਧੀ ਆਮਦਨ ਸਹਾਇਤਾ ਜੋ ਉਤਪਾਦਨ ਨਾਲ ਜੁੜੀ ਨਹੀਂ ਹੈ। ਦੇਸ਼ ਅਸੀਮਤ ਗ੍ਰੀਨ ਬਾਕਸ ਸਹਾਇਤਾ ਦੇ ਸਕਦੇ ਹਨ।

**ਅੰਬਰ ਬਾਕਸ:** ਇਹ ਵਪਾਰ-ਵਿਗਾੜਨ ਵਾਲੀਆਂ ਸਬਸਿਡੀਆਂ ਹਨ, ਜਿਵੇਂ ਕਿ ਕੀਮਤ ਸਹਾਇਤਾ ਜਾਂ ਭੁਗਤਾਨ ਜੋ ਇੱਕ ਕਿਸਾਨ ਕਿੰਨੀ ਪੈਦਾਵਾਰ ਕਰਦਾ ਹੈ, ਇਸ ਨਾਲ ਜੁੜਿਆ ਹੋਇਆ ਹੈ। ਦੇਸ਼ਾਂ ਨੂੰ ਇਨ੍ਹਾਂ ਸਹਾਇਤਾਵਾਂ ਨੂੰ ਸੀਮਤ ਕਰਨਾ ਚਾਹੀਦਾ ਹੈ। ਹਰੇਕ ਦੇਸ਼ ਦੀ ਪਿਛਲੇ ਪੱਧਰਾਂ ਦੇ ਆਧਾਰ 'ਤੇ ਇੱਕ ਨਿਸ਼ਚਿਤ ਸੀਮਾ ਹੁੰਦੀ ਹੈ।

**ਬਲੂ ਬਾਕਸ:** ਇਹ ਸਬਸਿਡੀਆਂ ਉਤਪਾਦਨ ਨੂੰ ਸੀਮਤ ਕਰਨ ਵਾਲੇ ਪ੍ਰੋਗਰਾਮਾਂ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਨੂੰ ਕੁਝ ਸ਼ਰਤਾਂ ਅਧੀਨ ਇਜਾਜ਼ਤ ਦਿੱਤੀ ਜਾ ਸਕਦੀ ਹੈ।

ਵਿਸ਼ਵ ਵਪਾਰ ਸੰਗਠਨ ਨਿਰਯਾਤ ਸਬਸਿਡੀਆਂ ਨੂੰ ਵੀ ਨਿਯੰਤ੍ਰਿਤ ਕਰਦਾ ਹੈ, ਜੋ ਦੇਸ਼ਾਂ ਨੂੰ ਘੱਟ ਕੀਮਤਾਂ 'ਤੇ ਵਿਦੇਸ਼ਾਂ ਵਿੱਚ ਉਤਪਾਦ ਵੇਚਣ ਦੀ ਆਗਿਆ ਨਹੀਂ ਦਿੰਦਾ। ਹਾਲਾਂਕਿ ਬਹੁਤ ਸਾਰੇ ਵਿਕਾਸਸ਼ੀਲ ਦੇਸ਼ ਦਲੀਲ ਦਿੰਦੇ ਹਨ ਕਿ ਅਮੀਰ ਦੇਸ਼ ਅਜੇ ਵੀ ਵੱਡੀਆਂ ਸਬਸਿਡੀਆਂ ਦਿੰਦੇ ਹਨ, ਜਿਸ ਨਾਲ ਵਿਸ਼ਵਵਿਆਪੀ ਮੁਕਾਬਲਾ ਅਨੁਚਿਤ ਹੋ ਜਾਂਦਾ ਹੈ।

ਸਰਲ ਸ਼ਬਦਾਂ ਵਿੱਚ ਵਿਸ਼ਵ ਵਪਾਰ ਸੰਗਠਨ ਦੋ ਟੀਚਿਆਂ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਕਰਦਾ ਹੈ:

1. ਦੇਸ਼ਾਂ ਨੂੰ ਕਿਸਾਨਾਂ ਦਾ ਸਮਰਥਨ ਕਰਨ ਦੀ ਆਗਿਆ ਦੇਣਾ।
2. ਵਿਸ਼ਵ ਵਪਾਰ ਵਿੱਚ ਅਨੁਚਿਤ ਲਾਭ ਨੂੰ ਰੋਕਣਾ।

ਖੇਤੀ ਸਬਸਿਡੀਆਂ ਵਿੱਚ ਨਿਰਪੱਖਤਾ ਬਾਰੇ ਬਹਿਸ ਅੱਜ ਤੱਕ ਜਾਰੀ ਹੈ ਅਤੇ ਨੇੜ ਭਵਿੱਖ ਵਿੱਚ ਵੀ ਘਟਣ ਦੇ ਆਸਾਰ ਨਜ਼ਰ ਨਹੀਂ ਆਉਂਦੇ ਹਨ।

## ਗਲੋਬਲ ਖੇਤੀਬਾੜੀ ਸਬਸਿਡੀਆਂ ਨੂੰ ਭਾਰਤ ਤੇ ਪੰਜਾਬ ਨਾਲ ਜੋੜਨਾ

ਗਲੋਬਲ ਖੇਤੀਬਾੜੀ ਸਬਸਿਡੀਆਂ ਲਗਭਗ 842 ਬਿਲੀਅਨ ਡਾਲਰ ਸਾਲਾਨਾ ਹਨ। ਸਵਾਲ ਇਹ ਹੈ ਕਿ ਇਸ ਗਲੋਬਲ ਤਸਵੀਰ ਵਿੱਚ ਭਾਰਤ ਅਤੇ ਪੰਜਾਬ ਕਿੱਥੇ ਫਿੱਟ ਬੈਠਦੇ ਹਨ?

ਭਾਰਤ ਦੁਨੀਆ ਦੀਆਂ ਸਭ ਤੋਂ ਵੱਡੀਆਂ ਖੇਤੀਬਾੜੀ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ। ਇਹ ਲੱਖਾਂ ਕਿਸਾਨਾਂ ਦਾ ਸਮਰਥਨ ਕਰਦਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਛੋਟੇ ਅਤੇ ਸੀਮਤ (2 ਹੈਕਟੇਅਰ ਤੋਂ ਘੱਟ ਜ਼ਮੀਨ ਦੇ ਮਾਲਕ) ਹਨ।

**ਭਾਰਤ ਵਿੱਚ ਸਬਸਿਡੀਆਂ ਦੀਆਂ ਮੁੱਖ ਕਿਸਮਾਂ**

**ਖਾਦ ਸਬਸਿਡੀ:** ਕੇਂਦਰ ਸਰਕਾਰ ਪ੍ਰਤੀ ਸਾਲ ਲਗਭਗ 1.5-2 ਲੱਖ ਕਰੋੜ ਰੁਪਏ ਖਰਚ ਕਰਦੀ ਹੈ (ਵਿਸ਼ਵ ਕੀਮਤਾਂ ਦੇ ਆਧਾਰ 'ਤੇ ਹਰ ਸਾਲ ਬਦਲਦੀ ਹੈ)।

**ਖੁਰਾਕ ਸਬਸਿਡੀ (ਐਮ.ਐਸ.ਪੀ + ਖਰੀਦ + ਪੀ.ਡੀ.ਐਸ.):** ਐਫ.ਸੀ.ਆਈ. ਅਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਸਰਕਾਰ ਸਾਲਾਨਾ ਲਗਭਗ 2-2.5 ਲੱਖ ਕਰੋੜ ਰੁਪਏ ਖਰਚ ਕਰਦੀ ਹੈ।

**ਪੀ.ਐਮ.-ਕਿਸਾਨ ਸਿੱਧੀ ਆਮਦਨ ਸਹਾਇਤਾ:** ਇਸ ਵਿੱਚ ਭਾਰਤ ਸਰਕਾਰ ਲਗਭਗ 63,000 ਕਰੋੜ ਰੁਪਏ ਸਾਲਾਨਾ ਖਰਚ ਕਰਦੀ ਹੈ। ਇਸ ਨਾਲ ਹਰ ਇੱਕ ਕਿਸਾਨ ਨੂੰ ਪ੍ਰਤੀ ਸਾਲ 6,000 ਰੁਪਏ ਕੈਸ਼ ਮਿਲਦੇ ਹਨ।

**ਬਿਜਲੀ ਸਬਸਿਡੀ (ਜ਼ਿਆਦਾਤਰ ਰਾਜਾਂ ਦੁਆਰਾ):** ਸਿੰਚਾਈ ਲਈ ਮੁਫ਼ਤ ਜਾਂ ਸਸਤੀ ਬਿਜਲੀ।

ਸਿੰਚਾਈ ਅਤੇ ਫਸਲ ਬੀਮਾ ਸਬਸਿਡੀ।

ਭਾਰਤ ਦੀ ਕੁੱਲ ਖੇਤੀਬਾੜੀ ਸਹਾਇਤਾ ਦਾ ਅੰਦਾਜ਼ਾ ਅੰਦਾਜ਼ਨ 40+ ਬਿਲੀਅਨ ਡਾਲਰ ਸਾਲਾਨਾ ਦੇ ਦਾਇਰੇ ਵਿੱਚ ਹੈ।

ਚੀਨ ਜਾਂ ਯੂਰਪੀਅਨ ਯੂਨੀਅਨ ਦੇ ਮੁਕਾਬਲੇ ਭਾਰਤ ਸੰਪੂਰਨ ਰੂਪ ਵਿੱਚ ਘੱਟ ਖਰਚ ਕਰਦਾ ਹੈ। ਭਾਰਤ ਵਿੱਚ ਲਗਪਗ 12 ਕਰੋੜ ਕਿਸਾਨ ਹਨ। ਪ੍ਰਤੀ ਕਿਸਾਨ ਆਮਦਨ ਸਹਾਇਤਾ (ਸਬਸਿਡੀ) ਅਮਰੀਕਾ ਜਾਂ ਯੂਰਪੀਅਨ ਯੂਨੀਅਨ ਦੇ ਮੁਕਾਬਲੇ ਬਹੁਤ ਘੱਟ ਹੈ। ਭਾਰਤ ਦੀ ਜ਼ਿਆਦਾਤਰ ਸਹਾਇਤਾ ਅਸਿੱਧੀ ਹੈ (ਐਮ.ਐਸ.ਪੀ., ਖਾਦ, ਬਿਜਲੀ)।

**ਭਾਰਤ ਵਿੱਚ ਪੰਜਾਬ ਕਿੱਥੇ ਖੜ੍ਹਾ ਹੈ?**

ਪੰਜਾਬ ਭਾਰਤ ਦਾ ਇੱਕ ਖਾਸ ਖਿੱਤਾ ਹੈ। ਭਾਵੇਂ ਪੰਜਾਬ ਵਿੱਚ ਭਾਰਤ ਦੀ ਆਬਾਦੀ ਦਾ ਸਿਰਫ਼ 1.5-2% ਹਿੱਸਾ ਹੈ, ਪਰ ਇਸਦੀ 42 ਲੱਖ ਹੈਕਟੇਅਰ ਬਹੁਤ ਉਪਜਾਊ ਅਤੇ 96% ਸਿੰਜਾਈ ਵਾਲੀ ਜ਼ਮੀਨ ਖੇਤੀ ਵਿੱਚ ਯੋਗਦਾਨ ਪਾਉਂਦੀ ਹੈ। ਭਾਰਤ ਦੀ ਕਣਕ ਦੀ ਖਰੀਦ ਦਾ ਇੱਕ ਬਹੁਤ ਵੱਡਾ ਹਿੱਸਾ (42%) ਅਤੇ ਚੌਲਾਂ ਦੀ ਖਰੀਦ ਦਾ ਇੱਕ ਮਹੱਤਵਪੂਰਨ ਹਿੱਸਾ (25%) ਹੈ। ਹਰੀ ਕ੍ਰਾਂਤੀ ਦੌਰਾਨ ਪੰਜਾਬ ਭਾਰਤ ਦੀ ਖੁਰਾਕ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਬਣ ਗਿਆ; ਪਰ ਇਹ ਸਫਲਤਾ ਸਬਸਿਡੀਆਂ 'ਤੇ ਭਾਰੀ ਨਿਰਭਰਤਾ ਦੇ ਨਾਲ ਆਈ।

**ਪੰਜਾਬ ਵਿੱਚ ਮੁੱਖ ਸਬਸਿਡੀਆਂ**

**ਕਿਸਾਨਾਂ ਲਈ ਮੁਫ਼ਤ ਬਿਜਲੀ:** ਪੰਜਾਬ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਪ੍ਰਦਾਨ ਕਰਦਾ ਹੈ। ਨਤੀਜਾ- ਸਿੰਚਾਈ ਦੀ ਲਾਗਤ ਤਾਂ ਘਟੀ ਹੈ, ਪਰ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ, ਕਿਉਂਕਿ ਚੌਲਾਂ ਨੂੰ ਵੱਡੀ ਮਾਤਰਾ ਵਿੱਚ ਪਾਣੀ ਦੀ ਲੋੜ ਹੁੰਦੀ ਹੈ।

**ਘੱਟੋ-ਘੱਟ ਸਮਰਥਨ ਮੁੱਲ ਪ੍ਰਣਾਲੀ (ਕਣਕ ਅਤੇ ਚੌਲ):** ਪੰਜਾਬ ਦੇ ਕਿਸਾਨ ਕਣਕ ਅਤੇ ਝੋਨੇ ਲਈ ਯਕੀਨੀ ਘੱਟੋ-ਘੱਟ ਸਮਰਥਨ ਮੁੱਲ ਉਤੇ ਸਰਕਾਰੀ ਖਰੀਦ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਨਤੀਜਾ: ਆਮਦਨ ਦੀ ਨਿਸ਼ਚਤਤਾ, ਫਸਲ ਵਿਭਿੰਨਤਾ ਅਸਫਲਤਾ, ਚੌਲਾਂ ਦਾ ਜ਼ਿਆਦਾ ਉਤਪਾਦਨ ਅਤੇ ਮਿੱਟੀ ਦੇ ਪੌਸ਼ਟਿਕ ਤੱਤਾਂ ਦਾ ਅਸੰਤੁਲਨ। ਪੰਜਾਬ ਕੁਦਰਤੀ ਤੌਰ 'ਤੇ ਪਾਣੀ ਦੀ ਜ਼ਿਆਦਾ ਵਰਤੋਂ ਵਾਲੇ ਝੋਨੇ ਲਈ ਢੁਕਵਾਂ ਨਹੀਂ ਹੈ, ਫਿਰ ਵੀ ਪੰਜਾਬ ਮੁੱਖ ਤੌਰ 'ਤੇ ਚੌਲ ਪੈਦਾ ਕਰਦਾ ਹੈ, ਕਿਉਂਕਿ ਘੱਟੋ-ਘੱਟ ਸਮਰਥਨ ਮੁੱਲ ਇਸਦੀ ਗਾਰੰਟੀ ਦਿੰਦਾ ਹੈ।

**ਖਾਦ ਸਬਸਿਡੀ:** ਸਬਸਿਡੀ ਵਾਲੀਆਂ ਖਾਦਾਂ ਦੀ ਭਾਰੀ ਵਰਤੋਂ ਦੇ ਇਹ ਨਤੀਜੇ ਨਿਕਲੇ ਹਨ- ਮਿੱਟੀ ਦਾ ਪਤਨ, ਪੌਸ਼ਟਿਕ ਤੱਤਾਂ ਦਾ ਅਸੰਤੁਲਨ ਅਤੇ ਵਧਦੀਆਂ ਸਿਹਤ ਚਿੰਤਾਵਾਂ।

***(ਬਾਕੀ ਅਗਲੇ ਅੰਕ ਵਿੱਚ)***

ਪੰਜਾਬੀ ਪਰਵਾਜ਼ ਬਿਊਰੋ

# ਮਹਿੰਗਾਈ ਦਾ ਫ਼ਨ: ਖਾਲੀ ਜੇਬਾਂ, ਭਰਿਆ ਮਨ

*ਥੋਕ ਮਹਿੰਗਾਈ ਦਸ ਮਹੀਨਿਆਂ ਵਿੱਚ ਸਭ ਤੋਂ ਵੱਧ*

*ਜੇ ਰਫ਼ਤਾਰ ਇਵੇਂ ਹੀ ਰਹੀ ਤਾਂ ਆਮ ਆਦਮੀ ਦੀ ਜੇਬ ਹੋਵੇਗੀ ਹੋਰ ਤੰਗ*



ਮਹਿੰਗਾਈ ਦੇ ਮੋਰਚੇ 'ਤੇ ਇਸ ਵਰ੍ਹੇ ਦੀ ਸ਼ੁਰੂਆਤ ਹੈਰਾਨ ਕਰਨ ਵਾਲੀ ਰਹੀ ਹੈ, ਜਿਸ ਨਾਲ ਭਾਰਤ ਸਰਕਾਰ ਤੋਂ ਲੈ ਕੇ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਤਕ ਸਾਰੇ ਚਿੰਤਤ ਹਨ। ਮਹਿੰਗਾਈ ਦਾ ਫ਼ਨ ਆਮ ਲੋਕਾਂ ਨੂੰ ਹੌਲੀ-ਹੌਲੀ ਡੰਗ ਰਿਹਾ ਹੈ ਅਤੇ ਘਰਾਂ ਦੇ ਬਜਟ ਨੂੰ ਹਿਲਾ ਰਿਹਾ ਹੈ। ਭਾਰਤੀ ਵਣਜ ਅਤੇ ਉਦਯੋਗ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਥੋਕ ਮੁੱਲ ਸੂਚਕ ਅੰਕ (ਡਬਲਯੂ.ਪੀ.ਆਈ.) ਆਧਾਰਤ ਮਹਿੰਗਾਈ ਦਰ ਜਨਵਰੀ ਵਿੱਚ ਲਗਾਤਾਰ ਤੀਜੇ ਮਹੀਨੇ ਵੱਧ ਕੇ 1.81 ਫ਼ੀਸਦ 'ਤੇ ਪਹੁੰਚ ਗਈ, ਜੋ ਦਸੰਬਰ 2025 ਵਿੱਚ 0.83 ਪ੍ਰਤੀਸ਼ਤ ਸੀ। ਇਹ ਪਿਛਲੇ ਦਸ ਮਹੀਨਿਆਂ ਵਿੱਚ ਸਭ ਤੋਂ ਉੱਚਾ ਪੱਧਰ ਹੈ।

ਪਿਛਲੇ ਸਾਲ ਜਨਵਰੀ ਵਿੱਚ ਇਹ ਦਰ 2.51 ਪ੍ਰਤੀਸ਼ਤ ਸੀ, ਜਦਕਿ ਅਰਥਸ਼ਾਸਤਰੀਆਂ ਨੇ ਅਨੁਮਾਨ ਲਗਾਇਆ ਸੀ ਕਿ ਇਹ ਸਿਰਫ਼ 1.25 ਫ਼ੀਸਦ ਤਕ ਹੀ ਵਧੇਗੀ; ਪਰ ਅਸਲ ਅੰਕੜਿਆਂ ਨੇ ਇਹ ਅਨੁਮਾਨ ਪਿੱਛੇ ਛੱਡ ਦਿੱਤਾ। ਇਹ ਵਾਧਾ ਦਰਸਾਉਂਦਾ ਹੈ ਕਿ ਮਹਿੰਗਾਈ ਦਾ ਦਬਾਅ ਹੌਲੀ-ਹੌਲੀ ਮੁੜ ਵਧ ਰਿਹਾ ਹੈ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਇਹ ਹੋਰ ਵੀ ਵਧ ਸਕਦਾ ਹੈ।

ਉਦਯੋਗ ਮੰਤਰਾਲੇ ਅਨੁਸਾਰ ਇਸ ਵਾਧੇ ਦੇ ਮੁੱਖ ਕਾਰਨ ਮੂਲ ਧਾਤਾਂ, ਹੋਰ ਨਿਰਮਤ ਉਤਪਾਦਾਂ, ਗ਼ੈਰ-ਭੋਜਨ ਵਸਤੂਆਂ, ਖ਼ੁਰਾਕੀ ਵਸਤੂਆਂ ਅਤੇ ਕੱਪੜਿਆਂ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਹੈ। ਜਨਵਰੀ ਵਿੱਚ ਖ਼ੁਰਾਕੀ ਵਸਤੂਆਂ ਲਈ ਥੋਕ ਮਹਿੰਗਾਈ 1.55 ਪ੍ਰਤੀਸ਼ਤ ਰਹੀ, ਜਦਕਿ ਦਸੰਬਰ ਵਿੱਚ ਇਸ ਵਿੱਚ 0.43 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ ਸੀ। ਇਹ ਦਰਸਾਉਂਦਾ ਹੈ ਕਿ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਮੁੜ ਵਧਣ ਲੱਗੀਆਂ ਹਨ।

ਸਬਜ਼ੀਆਂ ਦੀ ਮਹਿੰਗਾਈ ਵਿੱਚ ਸਭ ਤੋਂ ਵੱਧ ਉਛਾਲ ਦੇਖਿਆ ਗਿਆ। ਜਨਵਰੀ ਵਿੱਚ ਸਬਜ਼ੀਆਂ ਦੀ ਮਹਿੰਗਾਈ 6.78 ਪ੍ਰਤੀਸ਼ਤ ਰਹੀ, ਜਦਕਿ ਦਸੰਬਰ ਵਿੱਚ ਇਹ ਨਕਾਰਾਤਮਕ 3.50 ਪ੍ਰਤੀਸ਼ਤ ਸੀ। ਇਸ ਦਾ ਮਤਲਬ ਹੈ ਕਿ ਕੁਝ ਮਹੀਨਿਆਂ ਦੀ ਰਾਹਤ ਤੋਂ ਬਾਅਦ ਹੁਣ ਸਬਜ਼ੀਆਂ ਮੁੜ ਮਹਿੰਗੀਆਂ ਹੋ ਰਹੀਆਂ ਹਨ। ਟਮਾਟਰ, ਪਿਆਜ਼ ਅਤੇ ਆਲੂ ਵਰਗੀਆਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ ਘਰੇਲੂ ਖ਼ਰਚ ਨੂੰ ਸਿੱਧਾ ਪ੍ਰਭਾਵਿਤ ਕਰ ਰਿਹਾ ਹੈ।

ਭਾਰਤ ਦੀ ਪ੍ਰਚੂਨ ਮਹਿੰਗਾਈ ਵੀ ਵਧ ਕੇ 2.75 ਫ਼ੀਸਦ ਤਕ ਪਹੁੰਚ ਗਈ ਹੈ। ਇਹ ਨਵੇਂ ਖਪਤਕਾਰ ਮੁੱਲ ਸੂਚਕਾਂਕ (ਸੀ.ਪੀ.ਆਈ.) ਦੇ ਪਹਿਲੇ ਅੰਕੜੇ ਹਨ, ਜਿਸ ਦਾ ਆਧਾਰ ਸਾਲ 2024 ਰੱਖਿਆ ਗਿਆ ਹੈ। ਪੇਂਡੂ ਖੇਤਰਾਂ ਵਿੱਚ ਮਹਿੰਗਾਈ 2.73 ਫ਼ੀਸਦ ਅਤੇ ਸ਼ਹਿਰੀ ਖੇਤਰਾਂ ਵਿੱਚ 2.77 ਫ਼ੀਸਦ ਰਹੀ। ਇਹ ਦਰਸਾਉਂਦਾ ਹੈ ਕਿ ਮਹਿੰਗਾਈ ਦਾ ਪ੍ਰਭਾਵ ਹਰ ਵਰਗ ਅਤੇ ਹਰ ਖੇਤਰ 'ਤੇ ਪੈ ਰਿਹਾ ਹੈ।

ਗ਼ੈਰ-ਖੁਰਾਕੀ ਸ਼੍ਰੇਣੀ ਵਿੱਚ ਮਹਿੰਗਾਈ ਤੇਜ਼ੀ ਨਾਲ ਵਧੀ ਹੈ। ਇਹ ਦਰ ਦਸੰਬਰ ਵਿੱਚ 2.95 ਪ੍ਰਤੀਸ਼ਤ ਸੀ, ਜੋ ਜਨਵਰੀ ਵਿੱਚ ਵਧ ਕੇ 7.58 ਪ੍ਰਤੀਸ਼ਤ ਹੋ ਗਈ। ਇਸ ਵਿੱਚ ਕੱਪੜੇ, ਨਿਰਮਾਣ ਸਮੱਗਰੀ ਅਤੇ ਹੋਰ ਜ਼ਰੂਰੀ ਚੀਜ਼ਾਂ ਸ਼ਾਮਲ ਹਨ। ਹਾਲਾਂਕਿ ਬਾਲਣ ਅਤੇ ਬਿਜਲੀ ਖੇਤਰ ਵਿੱਚ ਮਹਿੰਗਾਈ ਕੁਝ ਹੱਦ ਤਕ ਕਾਬੂ ਵਿੱਚ ਰਹੀ ਅਤੇ ਜਨਵਰੀ ਵਿੱਚ ਇਹ 4.01 ਪ੍ਰਤੀਸ਼ਤ ਦਰਜ ਕੀਤੀ ਗਈ।

**ਮਹਿੰਗਾਈ ਅਤੇ ਵਿਆਜ ਦਰਾਂ ਦਾ ਸੰਬੰਧ**

ਭਾਰਤੀ ਰਿਜ਼ਰਵ ਬੈਂਕ ਵਿਆਜ ਦਰਾਂ ਨਿਰਧਾਰਤ ਕਰਨ ਲਈ ਪ੍ਰਚੂਨ ਮਹਿੰਗਾਈ ਨੂੰ ਮੁੱਖ ਆਧਾਰ ਵਜੋਂ ਵਰਤਦਾ ਹੈ। ਕੇਂਦਰੀ ਬੈਂਕ ਪਹਿਲਾਂ ਹੀ ਮੌਜੂਦਾ ਵਿੱਤੀ ਸਾਲ 2025-26 ਵਿੱਚ ਰੈਪੋ ਦਰ ਵਿੱਚ ਕੁੱਲ 1.25 ਪ੍ਰਤੀਸ਼ਤ ਦੀ ਕਟੌਤੀ ਕਰ ਚੁੱਕਾ ਹੈ, ਜਿਸ ਨਾਲ ਰੈਪੋ ਦਰ 5.5 ਪ੍ਰਤੀਸ਼ਤ ਤਕ ਆ ਗਈ ਹੈ; ਪਰ ਜੇ ਮਹਿੰਗਾਈ ਮੁੜ ਵਧਦੀ ਰਹੀ ਤਾਂ ਆਰ.ਬੀ.ਆਈ. ਲਈ ਵਿਆਜ ਦਰਾਂ ਘਟਾਉਣ ਦੀ ਗੁੰਜਾਇਸ਼ ਘੱਟ ਹੋ ਜਾਵੇਗੀ।

ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਜੇ ਥੋਕ ਮਹਿੰਗਾਈ ਲੰਬੇ ਸਮੇਂ ਤਕ ਉੱਚੀ ਰਹੀ ਤਾਂ ਇਸ ਦਾ ਸਿੱਧਾ ਅਸਰ ਪ੍ਰਚੂਨ ਮਹਿੰਗਾਈ 'ਤੇ ਪਵੇਗਾ। ਇਸ ਨਾਲ ਘਰੇਲੂ ਖ਼ਰਚ ਵਧੇਗਾ ਅਤੇ ਬਚਤ ਘਟੇਗੀ।

ਵਣਜ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਪ੍ਰਾਇਮਰੀ ਵਸਤੂਆਂ ਲਈ ਮਹਿੰਗਾਈ 0.21 ਫ਼ੀਸਦ ਤੋਂ ਵਧ ਕੇ 2.21 ਫ਼ੀਸਦ ਹੋ ਗਈ ਹੈ। ਇਹ ਦਰਸਾਉਂਦਾ ਹੈ ਕਿ ਕੱਚੇ ਮਾਲ ਦੀਆਂ ਕੀਮਤਾਂ ਵਧ ਰਹੀਆਂ ਹਨ, ਜਿਸ ਨਾਲ ਉਦਯੋਗਿਕ ਉਤਪਾਦ ਵੀ ਮਹਿੰਗੇ ਹੋਣਗੇ।

**ਆਮ ਆਦਮੀ 'ਤੇ ਮਹਿੰਗਾਈ ਦਾ ਸਿੱਧਾ ਅਸਰ**

ਮਹਿੰਗਾਈ ਦਾ ਸਭ ਤੋਂ ਵੱਡਾ ਪ੍ਰਭਾਵ ਮੱਧ ਵਰਗ ਅਤੇ ਗਰੀਬ ਵਰਗ 'ਤੇ ਪੈਂਦਾ ਹੈ। ਇੱਕ ਹਾਲੀਆ ਸਰਵੇਖਣ ਮੁਤਾਬਕ ਭਾਰਤ ਵਿੱਚ ਲਗਭਗ 60 ਫ਼ੀਸਦੀ ਪਰਿਵਾਰ ਆਪਣੀ ਆਮਦਨ ਦਾ 40 ਤੋਂ 50 ਫ਼ੀਸਦੀ ਹਿੱਸਾ ਖਾਣ-ਪੀਣ ਅਤੇ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ 'ਤੇ ਖ਼ਰਚ ਕਰਦੇ ਹਨ। ਜਦੋਂ ਖਾਣ-ਪੀਣ ਦੀਆਂ ਚੀਜ਼ਾਂ ਮਹਿੰਗੀਆਂ ਹੁੰਦੀਆਂ ਹਨ ਤਾਂ ਘਰੇਲੂ ਬਜਟ ਤੁਰੰਤ ਪ੍ਰਭਾਵਿਤ ਹੁੰਦਾ ਹੈ।

ਪਿਛਲੇ ਇੱਕ ਸਾਲ ਵਿੱਚ ਦਾਲਾਂ ਦੀਆਂ ਕੀਮਤਾਂ ਵਿੱਚ ਲਗਭਗ 15 ਤੋਂ 20 ਫ਼ੀਸਦੀ ਤਕ ਵਾਧਾ ਦਰਜ ਕੀਤਾ ਗਿਆ ਹੈ, ਜਦਕਿ ਦੁੱਧ ਅਤੇ ਦੁੱਧ ਨਾਲ ਸੰਬੰਧਿਤ ਉਤਪਾਦਾਂ ਦੀਆਂ ਕੀਮਤਾਂ ਵਿੱਚ ਵੀ 8 ਤੋਂ 10 ਫ਼ੀਸਦੀ ਤਕ ਵਾਧਾ ਹੋਇਆ ਹੈ। ਇਸ ਨਾਲ ਰੋਜ਼ਾਨਾ ਦੇ ਖ਼ਰਚੇ ਵਧ ਰਹੇ ਹਨ।

ਅੰਤਰਰਾਸ਼ਟਰੀ ਪੱਧਰ 'ਤੇ ਵੀ ਮਹਿੰਗਾਈ ਦੇ ਕਾਰਨ ਹਨ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ, ਵਿਸ਼ਵ ਪੱਧਰ 'ਤੇ ਸਪਲਾਈ ਚੇਨ ਦੀਆਂ ਸਮੱਸਿਆਵਾਂ ਅਤੇ ਜਿਓਪੋਲਿਟਿਕਲ ਤਣਾਅ ਇਸ ਦੇ ਮੁੱਖ ਕਾਰਨ ਹਨ। ਭਾਰਤ ਆਪਣੀ ਲੋੜ ਦਾ ਲਗਭਗ 85 ਫ਼ੀਸਦੀ ਕੱਚਾ ਤੇਲ ਦਰਾਮਦ ਕਰਦਾ ਹੈ, ਇਸ ਲਈ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਸਿੱਧਾ ਮਹਿੰਗਾਈ ਵਧਾਉਂਦਾ ਹੈ।

**ਬੇਰੁਜ਼ਗਾਰੀ ਅਤੇ ਮਹਿੰਗਾਈ ਦਾ ਦੋਹਰਾ ਦਬਾਅ**

ਮਹਿੰਗਾਈ ਦੇ ਨਾਲ-ਨਾਲ ਬੇਰੁਜ਼ਗਾਰੀ ਵੀ ਵਧ ਰਹੀ ਹੈ। ਦੇਸ਼ ਵਿੱਚ 15 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਬੇਰੁਜ਼ਗਾਰੀ ਦੀ ਦਰ ਦਸੰਬਰ 2025 ਵਿੱਚ 4.8 ਫ਼ੀਸਦੀ ਤੋਂ ਵੱਧ ਕੇ ਜਨਵਰੀ 2026 ਵਿੱਚ 5 ਫ਼ੀਸਦੀ ਹੋ ਗਈ ਹੈ। ਮਿਆਦੀ ਕਿਰਤ ਬਲ ਸਰਵੇ (ਪੀ.ਐਲ.ਐਫ.ਐੱਸ.) ਅਨੁਸਾਰ ਪੇਂਡੂ ਅਤੇ ਸ਼ਹਿਰੀ ਦੋਹਾਂ ਖੇਤਰਾਂ ਵਿੱਚ ਬੇਰੁਜ਼ਗਾਰੀ ਵਿੱਚ ਵਾਧਾ ਦਰਜ ਕੀਤਾ ਗਿਆ ਹੈ।

ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲੇ ਦੇ ਅਧੀਨ ਕੌਮੀ ਅੰਕੜਾ ਦਫ਼ਤਰ (ਐਨ.ਐਸ.ਓ.) ਨੇ ਦੱਸਿਆ ਕਿ ਲੇਬਰ ਫੋਰਸ ਭਾਗੀਦਾਰੀ ਦਰ ਅਤੇ ਮਜ਼ਦੂਰ ਆਬਾਦੀ ਅਨੁਪਾਤ ਵਿੱਚ ਵੀ ਗਿਰਾਵਟ ਆਈ ਹੈ। ਇਹ ਮੁੱਖ ਤੌਰ 'ਤੇ ਪੇਂਡੂ ਖੇਤਰਾਂ ਵਿੱਚ ਮੌਸਮੀ ਕਾਰਕਾਂ ਅਤੇ ਖੇਤੀਬਾੜੀ ਦੇ ਕੰਮ ਘਟਣ ਕਾਰਨ ਹੋਇਆ ਹੈ। ਜਦੋਂ ਆਮਦਨ ਘਟਦੀ ਹੈ ਅਤੇ ਮਹਿੰਗਾਈ ਵਧਦੀ ਹੈ ਤਾਂ ਲੋਕਾਂ ਦੀ ਖ਼ਰੀਦਣ ਦੀ ਸਮਰੱਥਾ ਘਟਦੀ ਹੈ। ਇਸ ਨਾਲ ਬਾਜ਼ਾਰ ਵਿੱਚ ਮੰਗ ਘਟਦੀ ਹੈ ਤੇ ਅਰਥਵਿਵਸਥਾ 'ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ।

**ਭਵਿੱਖ ਦੀ ਚੁਣੌਤੀ**

ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਜੇ ਮਹਿੰਗਾਈ ਦੀ ਇਹ ਰਫ਼ਤਾਰ ਜਾਰੀ ਰਹੀ ਤਾਂ ਆਉਣ ਵਾਲੇ ਮਹੀਨਿਆਂ ਵਿੱਚ ਖਪਤਕਾਰਾਂ 'ਤੇ ਹੋਰ ਭਾਰ ਪਵੇਗਾ। ਉਤਪਾਦਕ ਆਪਣੀ ਲਾਗਤ ਵਧਣ ਕਾਰਨ ਉਤਪਾਦਾਂ ਦੀਆਂ ਕੀਮਤਾਂ ਵਧਾਉਣ ਲਈ ਮਜਬੂਰ ਹੋਣਗੇ। ਇਸ ਨਾਲ ਮਹਿੰਗਾਈ ਦਾ ਚੱਕਰ ਹੋਰ ਤੇਜ਼ ਹੋ ਸਕਦਾ ਹੈ।

ਸਰਕਾਰ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਟੈਕਸਾਂ ਵਿੱਚ ਕਟੌਤੀ, ਸਪਲਾਈ ਵਧਾਉਣ ਅਤੇ ਦਰਾਮਦ-ਬਰਾਮਦ ਨੀਤੀਆਂ ਵਿੱਚ ਤਬਦੀਲੀਆਂ ਕਰ ਸਕਦੀ ਹੈ। ਇਸ ਤੋਂ ਇਲਾਵਾ ਖੇਤੀਬਾੜੀ ਅਤੇ ਉਤਪਾਦਨ ਖੇਤਰਾਂ ਨੂੰ ਮਜ਼ਬੂਤ ਕਰਨਾ ਵੀ ਮਹਿੰਗਾਈ ਕੰਟਰੋਲ ਕਰਨ ਲਈ ਜ਼ਰੂਰੀ ਹੈ।

ਮਾਹਰਾਂ ਦਾ ਕਹਿਣਾ ਹੈ ਕਿ ਮਹਿੰਗਾਈ ਸਿਰਫ਼ ਅੰਕੜਿਆਂ ਦੀ ਗੱਲ ਨਹੀਂ, ਇਹ ਲੋਕਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਨਾਲ ਜੁੜੀ ਹੋਈ ਹੈ। ਜਦੋਂ ਮਹਿੰਗਾਈ ਵਧਦੀ ਹੈ ਤਾਂ ਸਿਰਫ਼ ਜੇਬਾਂ ਹੀ ਖਾਲੀ ਨਹੀਂ ਹੁੰਦੀਆਂ, ਸਗੋਂ ਲੋਕਾਂ ਦਾ ਮਨ ਵੀ ਚਿੰਤਾ ਨਾਲ ਭਰ ਜਾਂਦਾ ਹੈ।

ਅੱਜ ਦੇ ਸਮੇਂ ਵਿੱਚ ਮਹਿੰਗਾਈ ਭਾਰਤੀ ਅਰਥਵਿਵਸਥਾ ਸਾਹਮਣੇ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਬਣੀ ਹੋਈ ਹੈ। ਜੇ ਇਸ 'ਤੇ ਸਮੇਂ ਸਿਰ ਕਾਬੂ ਨਾ ਪਾਇਆ ਗਿਆ ਤਾਂ ਇਹ ਆਮ ਆਦਮੀ ਦੀ ਜ਼ਿੰਦਗੀ ਨੂੰ ਹੋਰ ਮੁਸ਼ਕਲ ਬਣਾ ਸਕਦੀ ਹੈ। ਮਹਿੰਗਾਈ ਦਾ ਇਹ ਫ਼ਨ ਹੌਲੀ-ਹੌਲੀ ਹਰ ਘਰ ਤਕ ਪਹੁੰਚ ਰਿਹਾ ਹੈ ਅਤੇ ਇਸ ਤੋਂ ਬਚਣ ਲਈ ਸਰਕਾਰ, ਉਦਯੋਗ ਅਤੇ ਸਮਾਜ- ਸਭ ਨੂੰ ਮਿਲ ਕੇ ਯਤਨ ਕਰਨ ਦੀ ਲੋੜ ਹੈ।

---

ਜਾਣਕਾਰੀ

# ਲੱਛਣਾਂ ਪਿੱਛੇ ਲੁਕੇ ਰੋਗਾਂ ਨੂੰ ਲੱਭਣ ਦੀ ਲੋੜ



ਅਸ਼ਵਨੀ ਚਤਰਥ, ਬਟਾਲਾ
ਫੋਨ:+91-6284220595


ਸਰੀਰ ਦੇ ਬਾਹਰੋਂ ਨਜ਼ਰ ਆਉਂਦੇ ਦ੍ਰਿਸ਼ਟੀਮਾਨ ਲੱਛਣ ਅੰਦਰੂਨੀ ਸਰੀਰਕ ਰੋਗਾਂ ਦੇ ਸੰਕੇਤ ਹੋ ਸਕਦੇ ਹਨ। ਇਹ ਬਾਹਰੀ ਪ੍ਰਗਟਾਵੇ ਛੋਟੀਆਂ-ਮੋਟੀਆਂ ਸਰੀਰਕਾਂ ਤਬਦੀਲੀਆਂ ਤੋਂ ਲੈ ਕੇ ਪ੍ਰਤੱਖ ਅਤੇ ਸਪਸ਼ਟ ਨਜ਼ਰ ਆਉਂਦੇ ਸੰਕੇਤ ਹੋ ਸਕਦੇ ਹਨ। ਆਮ ਲੋਕਾਂ ਦੀ ਸੋਚ, ਸਮਝ ਅਤੇ ਭਾਸ਼ਾ ਅਨੁਸਾਰ ਜ਼ਿਆਦਾਤਰ ਲੋਕ ਕਿਸੇ ਬਿਮਾਰੀ ਦੇ ਬਾਹਰੀ ਲੱਛਣਾਂ ਨੂੰ ਹੀ ਅਸਲ ਬਿਮਾਰੀ ਸਮਝਣ ਲੱਗ ਜਾਂਦੇ ਹਨ, ਜਦਕਿ ਅਸਲ ਬਿਮਾਰੀ ਦੇ ਅੰਦਰੂਨੀ ਕਾਰਨ ਕੁਝ ਹੋਰ ਹੀ ਹੁੰਦੇ ਹਨ। ਲੋੜ ਹੁੰਦੀ ਹੈ ਅੰਦਰੂਨੀ ਬਿਮਾਰੀ ਦੇ ਅਸਲ ਕਾਰਨ ਜਾਣ ਕੇ ਉਨ੍ਹਾਂ ਦਾ ਇਲਾਜ ਕਰਨ ਦੀ। ਸਾਡੇ ਸਰੀਰ ਦੀਆਂ ਜ਼ਿਆਦਾਤਰ ਬਿਮਾਰੀਆਂ ਦੇ ਬਾਹਰੀ ਲੱਛਣ ਸਾਨੂੰ ਸਰੀਰ ਅੰਦਰ ਹੋ ਰਹੀਆਂ ਗੁੰਝਲਦਾਰ ਜੈਵਿਕ ਅਤੇ ਰਸਾਇਣਕ ਕ੍ਰਿਆਵਾਂ ਬਾਰੇ ਸੰਕੇਤ ਦਿੰਦੇ ਹਨ। ਸਾਨੂੰ ਅਜਿਹਾ ਮਹਿਸੂਸ ਹੁੰਦਾ ਹੈ, ਜਿਵੇਂ ਕਿ ਜੋ ਬਾਹਰ ਲੱਛਣ ਨਜ਼ਰ ਆ ਰਹੇ ਹਨ, ਉਹ ਹੀ ਅਸਲ ਬਿਮਾਰੀ ਹੈ; ਪਰ ਦਰਅਸਲ ਇਹ ਤਾਂ ਸਿਰਫ਼ ਲੱਛਣ ਹਨ, ਅਸਲ ਬਿਮਾਰੀ ਜਾਂ ਕੋਈ ਗਤੀਵਿਧੀ ਤਾਂ ਸਰੀਰ ਦੇ ਅੰਦਰ ਹੀ ਹੋ ਰਹੀ ਹੁੰਦੀ ਹੈ। ਇੱਕ ਸਧਾਰਨ ਆਦਮੀ ਸਰੀਰਕ ਲੱਛਣਾਂ ਨੂੰ ਹੀ ਬਿਮਾਰੀ ਸਮਝ ਕੇ ਉਸ ਦਾ ਇਲਾਜ ਲੱਭਣ ਲੱਗ ਜਾਂਦਾ ਹੈ, ਪਰ ਲੋੜ ਹੁੰਦੀ ਹੈ ਲੱਛਣਾਂ ਪਿੱਛੇ ਲੁਕੇ ਹੋਏ ਰੋਗਾਂ ਨੂੰ ਲੱਭਣ ਦੀ। ਕੁਝ ਉਦਾਹਰਨਾਂ ਦੀ ਮਦਦ ਨਾਲ ਅਸੀਂ ਇਨ੍ਹਾਂ ਬਾਰੇ ਸਮਝਦੇ ਹਾਂ। ਜਿਵੇਂ ਕਿ ਸਾਨੂੰ ਜਦੋਂ ਖੰਘ ਹੁੰਦੀ ਹੋਵੇ ਤਾਂ ਅਸੀਂ ਖੰਘ ਨੂੰ ਹੀ ਬਿਮਾਰੀ ਸਮਝ ਕੇ ਇਸ ਦਾ ਇਲਾਜ ਕਰਨ ਲੱਗ ਜਾਂਦੇ ਹਾਂ ਜਿਵੇਂ ਕਿ ਕਫ਼ ਸਿਰਪ ਪੀ ਕੇ ਹੀ ਇਸ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਜਦ ਕਿ ਖੰਘ ਆਪਣੇ ਆਪ ਵਿੱਚ ਕੋਈ ਬਿਮਾਰੀ ਨਹੀਂ, ਸਗੋਂ ਇਹ ਤਾਂ ਸਾਡੇ ਸਰੀਰ ਦੀ ਸਾਹ ਪ੍ਰਣਾਲੀ ਅਤੇ ਸਾਹ ਦੇ ਰਸਤੇ ਵਿੱਚ ਆਉਣ ਵਾਲੇ ਬਲਗਮ, ਰੇਸ਼ੇ ਜਾਂ ਕਿਸੇ ਕਿਸਮ ਦੀ ਰੁਕਾਵਟ ਨੂੰ ਬਾਹਰ ਸੁੱਟਣ ਦਾ ਹੀ ਇੱਕ ਜ਼ਰੀਆ ਹੁੰਦੀ ਹੈ। ਖੰਘ ਜੇਕਰ ਲੰਮੇ ਸਮੇਂ ਲਈ ਚੱਲਦੀ ਰਹੇ ਤਾਂ ਇਸ ਨੂੰ ਗੰਭੀਰਤਾ ਨਾਲ ਲਿਆ ਜਾਏ, ਲੋੜ ਪੈਣ 'ਤੇ ਇਸ ਦਾ ਟੈਸਟ ਵੀ ਕਰਵਾ ਲਿਆ ਜਾਏ।

ਇਸੇ ਤਰ੍ਹਾਂ ਜੇ ਸਿਰ ਚਕਰਾਉਣ ਦੀ ਸਮੱਸਿਆ ਵਾਰ ਵਾਰ ਹੋਵੇ ਤਾਂ ਇਸ ਨੂੰ ਅਣਗੌਲਿਆ ਨਾ ਕੀਤਾ ਜਾਏ। ਇਹ ਬਲੱਡ ਪ੍ਰੈਸ਼ਰ ਕਰਕੇ ਜਾਂ ਖ਼ੂਨ ਦੀ ਘਾਟ ਕਰਕੇ ਹੋ ਸਕਦੀ ਹੈ। ਇਸ ਲਈ ਜ਼ਰੂਰਤ ਅਨੁਸਾਰ ਪੜਤਾਲ ਕਰਾ ਲਈ ਜਾਏ। ਇਸੇ ਤਰ੍ਹਾਂ ਸਰੀਰ ਦੇ ਕਿਸੇ ਹਿੱਸੇ ਉੱਪਰ ਸੋਜ ਦਾ ਮਤਲਬ ਹੁੰਦਾ ਹੈ ਕਿ ਸਰੀਰ ਦੇ ਉਸ ਹਿੱਸੇ ਵਿੱਚ ਕੋਈ ਜ਼ਖ਼ਮ ਹੋਇਆ ਹੈ ਜਾਂ ਮਾਸ ਪੇਸ਼ੀਆਂ ਦੀ ਟੁੱਟ ਭੱਜ ਹੋਈ ਹੈ। ਇਸ ਲਈ ਸਾਨੂੰ ਸੋਜ ਦਾ ਇਲਾਜ ਕਰਨ ਦੀ ਥਾਂ ਸੋਜ ਦੇ ਕਾਰਨ ਲੱਭ ਕੇ ਉਸ ਦਾ ਇਲਾਜ ਕਰਨਾ ਚਾਹੀਦਾ ਹੈ।

ਇੱਕ ਹੋਰ ਉਦਾਹਰਨ ਹੈ, ਸਰੀਰ ਨੂੰ ਬੁਖ਼ਾਰ ਚੜ੍ਹਨਾ। ਬੁਖ਼ਾਰ ਚੜ੍ਹਨ ਦੇ ਕਈ ਕਾਰਨ ਹੋ ਸਕਦੇ ਹਨ। ਆਮ ਲੋਕ ਬੁਖ਼ਾਰ ਨੂੰ ਹੀ ਬਿਮਾਰੀ ਸਮਝ ਕੇ ਇਸ ਦੀ ਦਵਾਈ ਲੈਣ ਲੱਗ ਜਾਂਦੇ ਹਨ। ਲੋੜ ਹੁੰਦੀ ਹੈ ਬੁਖ਼ਾਰ ਦਾ ਕਾਰਨ ਲੱਭ ਕੇ ਉਸ ਦੇ ਮੁੱਢਲੇ ਕਾਰਨਾਂ ਦਾ ਇਲਾਜ ਕਰਨ ਦੀ। ਇਵੇਂ ਹੀ ਆਦਮੀ ਨੂੰ ਉਲਟੀ ਆਉਣ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਢਿੱਡ ਵਿੱਚ ਗੈਸ ਬਣਨਾ, ਪੇਟ ਵਿੱਚ ਤੇਜ਼ਾਬੀ ਮਾਦਾ ਵਧ ਜਾਣਾ, ਮਾਨਸਿਕ ਚਿੰਤਾ, ਦੂਸ਼ਿਤ ਭੋਜਨ ਖਾਧਾ ਜਾਣਾ ਜਾਂ ਫਿਰ ਪੇਟ ਵਿੱਚ ਇਨਫੈਕਸ਼ਨ ਭਾਵ ਲਾਗ ਦੇ ਰੋਗ ਦਾ ਹੋਣਾ ਆਦਿ। ਇਸ ਲਈ ਉਲਟੀ ਠੀਕ ਕਰਨ ਲਈ ਉਸ ਦੇ ਅਸਲ ਕਾਰਨ ਦਾ ਪਤਾ ਲਾਉਣ ਦੀ ਲੋੜ ਹੁੰਦੀ ਹੈ।

ਇਸੇ ਤਰ੍ਹਾਂ ਜਦੋਂ ਕੋਈ ਵਿਅਕਤੀ ਜ਼ਿਆਦਾ ਸਰੀਰਕ ਅਤੇ ਦਿਮਾਗੀ ਕੰਮ ਕਰ ਕੇ ਥੱਕ ਜਾਂਦਾ ਹੈ ਤਾਂ ਉਸ ਦੀਆਂ ਅੱਖਾਂ ਨੂੰ ਧੁੰਦਲਾ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ। ਅਜਿਹੇ ਹਾਲਾਤਾਂ ਵਿੱਚ ਸਰੀਰ ਅਤੇ ਦਿਮਾਗ ਆਰਾਮ ਮੰਗਦੇ ਹਨ। ਇਸੇ ਤਰ੍ਹਾਂ ਜ਼ਿਆਦਾ ਸਰੀਰਕ ਮਿਹਨਤ ਵਾਲਾ ਕੰਮ ਕਰਨ ਤੇ ਸਰੀਰ ਥਕਾਵਟ ਮਹਿਸੂਸ ਕਰਦਾ ਹੈ, ਇਸ ਅਵਸਥਾ ਵਿੱਚ ਥਕਾਵਟ ਦੀ ਦਵਾਈ ਲੈਣ ਦੀ ਬਜਾਏ ਸਰੀਰ ਨੂੰ ਆਰਾਮ ਦੇਣਾ ਚਾਹੀਦਾ ਹੈ। ਇੱਕ ਹੋਰ ਉਦਾਹਰਨ ਹੈ ਕਿ ਸਰੀਰ ਜਦੋਂ ਬਹੁਤ ਜ਼ਿਆਦਾ ਯੂਰਿਕ ਐਸਿਡ ਪੈਦਾ ਕਰਦਾ ਜਾਂ ਵਾਧੂ ਯੂਰਿਕ ਐਸਿਡ ਨੂੰ ਸਰੀਰ 'ਚੋ ਬਾਹਰ ਨਹੀਂ ਕੱਢ ਪਾਉਂਦਾ ਤਾਂ ਗਠੀਆ ਰੋਗ ਜਾਂ ਜੋੜਾਂ ਵਿੱਚ ਸੋਜਾਂ ਅਤੇ ਦਰਦਾਂ ਹੋਣ ਲੱਗਦੀਆਂ ਹਨ। ਇਸ ਲਈ ਦਰਦਾਂ ਦੀ ਦਵਾਈ ਦੇ ਨਾਲ ਨਾਲ ਅਸਲ ਬਿਮਾਰੀ ਦਾ ਇਲਾਜ ਕਰਨਾ ਚਾਹੀਦਾ ਹੈ।

ਐਲਰਜੀ ਵੀ ਰੋਜ਼ਾਨਾ ਜੀਵਨ ਵਿੱਚ ਵੇਖੀ ਜਾਣ ਵਾਲੀ



ਆਮ ਬਿਮਾਰੀ ਹੈ। ਐਲਰਜੀ ਧੂੜ ਮਿੱਟੀ, ਫੁੱਲਾਂ ਦੇ ਪਰਾਗ ਕਣਾਂ, ਘਰੇਲੂ ਪਾਲਤੂ ਜਾਨਵਰਾਂ, ਕਿਸੇ ਦਵਾਈ, ਕਿਸੇ ਭੋਜਨ ਪਦਾਰਥ, ਬਦਲਦੇ ਮੌਸਮ, ਕੀੜੇ ਮਕੌੜਿਆਂ, ਰਸਾਇਣਕ ਪਦਾਰਥਾਂ ਜਾਂ ਸਾਬਣ ਆਦਿ ਭਾਵ ਕਿਸੇ ਵੀ ਵਸਤੂ ਤੋਂ ਹੋ ਸਕਦੀ ਹੈ। ਇਸ ਨਾਲ ਆਦਮੀ ਨੂੰ ਨਿੱਛਾਂ ਆਉਣਾ, ਅੱਖਾਂ ਲਾਲ ਹੋਣਾ, ਸਰੀਰ 'ਤੇ ਧੱਫੜ ਪੈਣਾ, ਸਾਹ ਫੁਲਣਾ, ਉਲਟੀ ਆਉਣਾ, ਨੱਕ ਵਗਣਾ, ਖਾਰਿਸ਼ ਹੋਣਾ, ਸੋਜਾਂ ਪੈ ਜਾਣੀਆਂ ਅਤੇ ਚੱਕਰ ਆਉਣਾ ਆਦਿ ਜਿਹੇ ਲੱਛਣ ਵੇਖਣ ਨੂੰ ਮਿਲ ਸਕਦੇ ਹਨ। ਭਾਵੇਂ ਕਿ ਇਸ ਨੂੰ ਠੀਕ ਕਰਨ ਲਈ ਐਂਟੀ ਐਲਰਜੀ ਦਵਾਈ ਲਈ ਜਾ ਸਕਦੀ ਹੈ, ਪਰ ਅਸਲ ਤਰੀਕਾ ਇਹ ਹੈ ਕਿ ਐਲਰਜੀ ਕਰਨ ਵਾਲੀਆਂ ਵਸਤੂਆਂ ਜਾਂ ਕਾਰਨਾਂ ਤੋਂ ਪਰਹੇਜ਼ ਕੀਤਾ ਜਾਏ। ਇਸੇ ਤਰ੍ਹਾਂ ਬਿਨਾ ਕਾਰਨ ਆਦਮੀ ਦਾ ਭਾਰ ਘਟਣਾ ਸੋਚਣ ਦਾ ਵਿਸ਼ਾ ਹੋ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਬਿਨਾ ਕੋਸ਼ਿਸ਼ ਕੀਤਿਆਂ ਜੇ ਵਿਅਕਤੀ ਦਾ ਭਾਰ 5 ਫ਼ੀਸਦ ਜਾਂ ਇਸ ਤੋਂ ਜ਼ਿਆਦਾ ਘੱਟ ਜਾਂਦਾ ਹੈ ਤਾਂ ਅਜਿਹੀ ਅਵਸਥਾ ਵਿੱਚ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਜੇ ਪਿਸ਼ਾਬ, ਉਲਟੀ ਅਤੇ ਪਖਾਨੇ ਵਿੱਚ ਲਹੂ ਆਵੇ ਤਾਂ ਡਾਕਟਰੀ ਮਸ਼ਵਰਾ ਲੈਣਾ ਚਾਹੀਦਾ ਹੈ। ਜੇ ਪੈਰਾਂ ਦੇ ਜ਼ਖ਼ਮ ਠੀਕ ਹੋਣ ਵਿੱਚ ਦੇਰ ਲੱਗਦੀ ਹੋਵੇ ਤਾਂ ਸ਼ੂਗਰ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਆਦਮੀ ਜੇਕਰ ਮੁੜ ਮੁੜ ਪਿਸ਼ਾਬ ਜਾਵੇ ਜਾਂ ਪਿਸ਼ਾਬ ਕਰਦੇ ਦੌਰਾਨ ਦਰਦ ਹੋਵੇ ਜਾਂ ਪਿਸ਼ਾਬ ਵਿੱਚ ਲਹੂ ਆਏ ਤਾਂ ਅਜਿਹੇ ਹਾਲਾਤਾਂ ਵਿੱਚ ਸ਼ੂਗਰ ਦਾ ਰੋਗ, ਲਾਗ ਦਾ ਰੋਗ ਜਾਂ ਫਿਰ ਗੁਰਦੇ ਦੀ ਸਮੱਸਿਆ ਹੋ ਸਕਦੀ ਹੈ। ਇਨ੍ਹਾਂ ਵਿੱਚੋਂ ਕੋਈ ਵੀ ਸੰਕੇਤ ਨਜ਼ਰ ਆਉਂਦਾ ਹੋਵੇ ਤਾਂ ਤੁਰੰਤ ਹੀ ਡਾਕਟਰੀ ਸਲਾਹ ਲਈ ਜਾਵੇ। ਨਹੁੰਆਂ ਉੱਤੇ ਚਿੱਟੇ ਦਾਗ਼ ਜ਼ਿੰਕ ਦੀ ਘਾਟ ਕਰਕੇ ਹੋ ਸਕਦੇ ਹਨ। ਆਪਣੇ ਆਪ ਹੀ ਜਾਂ ਥੋੜ੍ਹਾ ਜਿਹਾ ਜ਼ੋਰ ਲਗਾਉਣ 'ਤੇ ਹੀ ਜੇ ਨਹੁੰ ਟੁੱਟ ਜਾਣ ਤਾਂ ਕੈਲਸ਼ੀਅਮ ਦੀ ਕਮੀ ਹੋ ਸਕਦੀ ਹੈ। ਇਸੇ ਤਰ੍ਹਾਂ ਨਹੁੰਆਂ ਉੱਤੇ ਲੰਮੀਆਂ ਲਾਈਨਾਂ ਪੈਂਦੀਆਂ ਹੋਣ ਤਾਂ ਲਹੂ ਦੀ ਘਾਟ ਹੋ ਸਕਦੀ ਹੈ। ਸਬੰਧਿਤ ਅਲਾਮਤਾਂ ਦੀ ਪੜਤਾਲ ਕਰਾਕੇ ਅਸਲ ਕਾਰਨ ਲੱਭਿਆ ਜਾ ਸਕਦਾ ਹੈ ਅਤੇ ਉਸ ਦਾ ਇਲਾਜ ਕਰਾਇਆ ਜਾ ਸਕਦਾ ਹੈ।

ਸਾਡਾ ਸਰੀਰ ਕਿਸੇ ਸਮੱਸਿਆ ਹੋਣ ਦੀ ਹਾਲਾਤ ਵਿੱਚ ਆਮ ਤੌਰ 'ਤੇ ਸਰੀਰ ਦੇ ਬਾਹਰ ਕੁਝ ਸੰਕੇਤ ਭੇਜਦਾ ਹੈ। ਉਨ੍ਹਾਂ ਵੱਲ ਸਮੇਂ ਰਹਿੰਦਿਆਂ ਧਿਆਨ ਦੇਣ ਨਾਲ ਕਿਸੇ ਵੱਡੀ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ।

# 1933 ਤੋਂ ਆਰੰਭ ਹੋਈਆਂ ਕਿਲ੍ਹਾ ਰਾਏਪੁਰ ਦੀਆਂ ਖੇਡਾਂ

**ਗੁਰਭਜਨ ਗਿੱਲ (ਪ੍ਰੋ.)**

## ਬਾਰਾਂ ਸਾਲ ਪਿੱਛੋਂ ਬੈੱਲ ਗੱਡੀਆਂ ਦੀਆਂ ਦੌੜਾਂ ਹੋਣਾ ਇਤਿਹਾਸਕ ਗੱਲ!



ਕਿਲ੍ਹਾ ਰਾਏਪੁਰ ਦੀਆਂ ਖੇਡਾਂ ਮੌਕੇ ਪਿਛਲੇ ਦਿਨੀਂ ਬੈਲ ਗੱਡੀਆਂ ਦੀਆਂ ਦੌੜਾਂ ਸ਼ੁਰੂ ਕਰਵਾਉਣ ਪੰਜਾਬ ਦੇ ਖੇਤੀ ਤੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਪੁੱਜੇ। ਭਗਵੰਤ ਸਿੰਘ ਮਾਨ ਸਰਕਾਰ ਬੈਲ ਗੱਡੀ ਚਾਲਕਾਂ ਦੀਆਂ ਰੀਝਾਂ ਉਮੰਗਾਂ ਨੂੰ ਪੂਰਾ ਕਰਕੇ ਜੱਸ ਖੱਟਿਆ ਹੈ। ਹੁਣ ਇਹ ਜ਼ਿੰਮੇਵਾਰੀ ਬੈਲ ਗੱਡੀ ਚਾਲਕਾਂ ਦੀ ਹੈ ਕਿ ਉਹ ਨਵੇਂ ਬਣੇ ਵਿਧੀ ਵਿਧਾਨ ਤੋਂ ਲਾਂਭੇ ਨਾ ਜਾਣ।

ਕਿਲ੍ਹਾ ਰਾਏਪੁਰ ਦੀਆਂ ਖੇਡਾਂ ਮੈਂ ਪਹਿਲੀ ਵਾਰ 1974-75 ਵਿੱਚ ਵੇਖੀਆਂ ਸਨ। ਉਸ ਸਾਲ ਰਾਸ਼ਟਰਪਤੀ ਵੀ.ਵੀ. ਗਿਰੀ ਨੇ ਆਉਣਾ ਸੀ। ਧੂੜ ਤੇ ਧੁੰਦ ਕਾਰਨ ਜਹਾਜ਼ ਉਤਰ ਨਾ ਸਕਿਆ ਤੇ ਉਹ ਉਨ੍ਹੀਂ ਪੈਰੀਂ ਵਾਪਸ ਪਰਤ ਗਏ। ਸ. ਬਰਜਿੰਦਰ ਸਿੰਘ ਹਮਦਰਦ ਦੀ ਪ੍ਰੇਰਨਾ ਸਦਕਾ ਮੈਂ ਉਨ੍ਹਾਂ ਦੇ ਮਾਸਿਕ ਪੱਤਰ "ਦ੍ਰਿਸ਼ਟੀ" ਲਈ ਇਨ੍ਹਾਂ ਖੇਡਾਂ ਬਾਰੇ ਲੇਖ ਲਿਖਿਆ। ਇਸ ਵਿੱਚ ਗੁੱਜਰਵਾਲ ਵਾਲੇ ਬੋਤਾ ਚਾਲਕ ਤੇਜਾ ਸਿੰਘ ਦੀ ਤਸਵੀਰ ਸੀ। ਚਾਰ-ਚਾਰ ਬੈਲ ਗੱਡੀਆਂ ਇਕੱਠੀਆਂ ਭੱਜਦੀਆਂ ਸਨ। ਇਸ ਦੌੜ ਦੇ ਬਾਨੀ ਸ. ਬਖਸ਼ੀਸ਼ ਸਿੰਘ ਗਰੇਵਾਲ ਨੂੰ ਪਹਿਲੀ ਵਾਰ ਪਰਮਜੀਤ ਪੰਮੀ ਨੇ ਮਿਲਾਇਆ। ਉਨ੍ਹਾਂ ਦਾ ਬੇਟਾ ਸੁਰਜੀਤ ਸਿੰਘ ਗਰੇਵਾਲ ਕਈ ਸਾਲ ਇਨ੍ਹਾਂ ਖੇਡਾਂ ਦਾ ਆਗੂ ਰਿਹਾ। ਕਈ ਸਾਲ ਬਾਅਦ ਅਸਾਂ ਉਨ੍ਹਾਂ ਦੀ ਪੇਂਟਿੰਗ ਪੀ.ਏ.ਯੂ. ਅਧਿਆਪਕ ਸੁਖਵਿੰਦਰ ਸੱਗੂ ਤੋਂ ਤਿਆਰ ਕਰਵਾਈ। ਆਕਾਸ਼ਵਾਣੀ ਦੇ ਸਹਾਇਕ ਨਿਰਦੇਸ਼ਕ ਹਰਭਜਨ ਸਿੰਘ ਬਟਾਲਵੀ ਨੇ ਬਖਸ਼ੀਸ਼ ਸਿੰਘ ਦੀ ਰੇਡੀਉ ਲਈ ਇੰਟਰਵਿਊ ਕੀਤੀ ਤੇ ਲੇਖ ਵੀ ਲਿਖਿਆ। ਕਿਲ੍ਹਾ ਰਾਏਪੁਰ ਖੇਡਾਂ ਦੇ ਸੋਵੀਨਰ ਵਿੱਚ ਇਹ ਲੇਖ ਛਪਿਆ। ਨਾਮ ਸੀ: "ਬਖਸ਼ੀ ਚਾਲਕ ਨਹੀਂ ਕਿਸੇ ਬਣ ਜਾਣਾ, ਘਰ ਘਰ ਪੁੱਤ ਜੰਮਦੇ।"

ਹੁਣ ਸ. ਬਟਾਲਵੀ ਸੰਸਾਰ 'ਤੇ ਨਹੀਂ ਹਨ, ਬਾਪੂ ਬਖਸ਼ੀਸ਼ ਸਿੰਘ ਵੀ ਨਹੀਂ, ਪਰ ਯਾਦ ਸਲਾਮਤ ਹੈ।

ਦਸੰਬਰ 1978 ਵਿੱਚ ਮੇਰੀ ਸ਼ਾਦੀ ਕਿਲ੍ਹਾ ਰਾਏਪੁਰ ਵਿੱਚ ਨਿਰਪਜੀਤ ਨਾਲ ਹੋਣ ਨਾਲ ਇੱਥੋਂ ਦੇ ਪਰਿਵਾਰਕ ਮਿੱਤਰਾਂ, ਹਰਭਜਨ ਕੋਚ, ਜਿੰਦੂ ਬਾਈ, ਦਲਜੀਤ ਸਿੰਘ ਗਰੇਵਾਲ, ਹਰਜੀਤ ਸਿੰਘ ਹਰੀ, ਪੰਮੀ ਘੁੱਗੀ, ਬਿੱਲੂ, ਦਾਰਾ, ਗਿਆਨ, ਸਰਬਾ, ਨੋਤੀ, ਮੀਤਾ, ਕਮਲ, ਰਾਜਵਿੰਦਰ ਤੇ ਗਿਆਨੀ ਹਰਜੀਤ ਦੇ ਅੰਗ-ਸੰਗ ਰਹਿ ਕੇ ਖੇਡਾਂ ਲਈ ਕਈ ਸਾਲ ਲਿਖਣ ਪੜ੍ਹਨ ਤੇ ਲੋਕ ਗਾਇਕਾਂ ਨੂੰ ਬੁਲਾਉਣ ਵਿੱਚ ਵੀ ਮਦਦ ਕਰਦਾ ਰਿਹਾ।

ਸ. ਜੋਗਿੰਦਰ ਸਿੰਘ ਗਰੇਵਾਲ ਪੀ.ਟੀ. ਸਾਹਿਬ ਬੜੀ ਜੀਵੰਤ ਕੁਮੈਂਟਰੀ ਕਰਦੇ। ਫਿਰ ਦਾਰਾ ਸਿੰਘ ਨੇ ਮਾਈਕ ਫੜ ਲਿਆ। ਫਿਰ ਗਿਆਨੀ ਹਰਜੀਤ ਤੇ ਕਿੰਨੇ ਹੋਰ। ਪੇਂਡੂ ਖੇਡ ਮੇਲਿਆਂ ਦੀ ਕੁਮੈਂਟਰੀ ਦੇ ਜਨਮ ਦਾਤਾ ਸ. ਜੋਗਿੰਦਰ ਸਿੰਘ ਪੀ.ਟੀ. ਸਾਹਿਬ ਨੂੰ ਹੀ ਮੰਨਿਆ ਜਾ ਸਕਦਾ ਹੈ। ਪੀ.ਟੀ. ਸਾਹਿਬ ਬਹੁਤ ਮੁਹੱਬਤੀ ਜੀਅ ਸਨ। ਉਹੀ ਕਰਮਜੀਤ ਸਿੰਘ ਧੂਰੀ ਨੂੰ ਖੇਡਾਂ 'ਤੇ ਹਰ ਸਾਲ ਲਿਆਉਂਦੇ। ਉਸ ਨੂੰ ਕਾਕਾ ਧੂਰੀ ਵਾਲਾ ਖ਼ਿਤਾਬ ਵੀ ਉਨ੍ਹਾਂ ਨੇ ਹੀ ਦਿੱਤਾ ਹੋਇਆ ਸੀ। ਕਰਮਜੀਤ ਜਨਮ ਜਾਤ ਦੋਆਬੇ ਦਾ ਮਝੈਲ ਜੰਮਪਲ ਸੀ। ਬਿਆਸ ਦਰਿਆ ਦੇ ਬਿਲਕੁਲ ਕੰਢੇ ਉਸ ਦਾ ਜੱਦੀ ਪਿੰਡ ਸੀ ਮੰਡ ਬੁਤਾਲਾ। ਦਰਿਆਉਂ ਪਾਰਲੇ ਬੁਤਾਲੇ ਦੀ ਬਿਆਸ ਪਾਰਲਾ ਟੋਟਾ। ਬੱਲ ਗੋਤ ਸੀ, ਪਰ ਉਸ ਲਿਖਿਆ ਕਦੇ ਨਾ। ਚੰਗਾ ਗਾਉਣ ਕਰਕੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਉਸਨੂੰ ਮਾਤਾ ਗੁਜਰੀ ਕਾਲਿਜ ਫ਼ਤਹਿਗੜ੍ਹ ਸਾਹਿਬ ਲੈ ਗਏ। ਕਿਲ੍ਹਾ ਰਾਏਪੁਰ ਖੇਡਾਂ 'ਤੇ ਹੀ ਉਸ ਤੋਂ ਮੈਂ ਬੇਨਤੀ ਕਰਕੇ ਗੁਰਦੇਵ ਸਿੰਘ ਮਾਨ ਦਾ ਲਿਖਿਆ ਤੇ ਉਸ ਦਾ ਗਾਇਆ ਗੀਤ

"ਬਈ ਮਿੱਤਰਾ ਦੀ ਲੂਣ ਦੀ ਡਲ਼ੀ,
ਨੀ ਤੂੰ ਮਿਸ਼ਰੀ ਬਰੋਬਰ ਜਾਣੀਂ।
ਨੀ ਮਿੱਤਰਾਂ ਦੀ ਗੜਵੀ ਦਾ,
ਮਿੱਠਾ ਸ਼ਰਬਤ ਵਰਗਾ ਪਾਣੀ...।"

ਉਸ ਤੋਂ ਲਾਈਵ ਸੁਣਿਆ ਸੀ।

ਕਈ ਸਾਲ ਪਹਿਲਾਂ ਉਸ ਦਾ ਸਟੇਜ ਮੁਕਾਬਲਾ ਜਗਮੋਹਨ ਕੌਰ ਨਾਲ ਹੋ ਗਿਆ। ਦੋਹਾਂ ਨੂੰ ਹੀ ਪੰਜਾਬੀ ਤੇ ਉਰਦੂ ਸ਼ਾਇਰੀ ਓੜਕਾਂ ਦੀ ਯਾਦ ਸੀ। ਇੱਕ ਹਟੇ, ਦੂਜਾ ਮਾਈਕ 'ਤੇ ਆਣ ਖਲੋਵੇ। ਮੁਕਾਬਲਾ ਡੇਢ ਘੰਟਾ ਚੱਲਿਆ। ਏਨਾ ਦਿਲਚਸਪ ਤੇ ਰਸਵੰਤਾ ਮੁਕਾਬਲਾ ਮੈਂ ਸਾਰੀ ਉਮਰ ਨਹੀਂ ਵੇਖ ਸਕਿਆ।

ਇਨ੍ਹਾਂ ਖੇਡਾਂ 'ਤੇ ਦੋ ਵਾਰ ਸ. ਗੁਰਸ਼ਰਨ ਸਿੰਘ ਦੇ ਨਾਟਕ ਵੀ ਕਰਵਾਏ। ਇੱਕ ਵਾਰ ਤਰਕਸ਼ੀਲ ਸ਼ੋਅ ਵੀ।

ਸਵਰਗੀ ਗਾਇਕ ਸੁਰਜੀਤ ਬਿੰਦਰਖੀਆ ਨੂੰ ਪੰਮੀ ਬਾਈ ਦੇ ਕਹਿਣ 'ਤੇ ਅਤੇ ਜੇਜੀ ਬੈਂਸ ਨੂੰ ਸ਼ਮਸ਼ੇਰ ਸਿੰਘ ਸੰਧੂ ਦੇ ਸੰਗ-ਸਾਥ ਪਹਿਲੀ ਵਾਰ ਇੱਥੇ ਅਸਾਂ ਹੀ ਪੇਸ਼ ਕੀਤਾ। ਮੈਨੂੰ ਯਾਦ ਹੈ, ਸੁਰਜੀਤ ਬਿੰਦਰਖੀਆ ਬੱਸ 'ਤੇ ਆਇਆ ਸੀ ਪਿੰਡੋਂ। ਪੰਮੀ ਕਿਰਾਇਆ ਭਾੜਾ ਵੀ ਪੂਰਾ ਨਹੀਂ ਸੀ ਦੇ ਰਿਹਾ, ਪਰ ਅਗਲੇ ਸਾਲ ਕੈਸਿਟ ਆਉਣ ਕਾਰਨ ਸ਼ਮਸ਼ੇਰ ਸਿੰਘ ਸੰਧੂ ਦੀ ਸਿਫ਼ਾਰਿਸ਼ 'ਤੇ ਪ੍ਰਬੰਧਕਾਂ ਨੇ ਦਸ ਹਜ਼ਾਰ ਦੇ ਕੇ ਬੁਲਾਇਆ।

ਜੇਜੀ ਬੈਂਸ ਨੂੰ ਸ਼ਮਸ਼ੇਰ ਲੈ ਕੇ ਆਇਆ ਸੀ। ਸੁਖਸ਼ਿੰਦਰ ਸ਼ਿੰਦਾ ਤੇ ਇੰਦਰਜੀਤ ਬੈਂਸ ਉਸ ਦੇ ਪੇਸ਼ਕਾਰ ਸਨ। ਪਹਿਲਾਂ ਤਾਂ ਪ੍ਰਬੰਧਕ ਟਾਈਮ ਨਾ ਦੇਣ, ਪਰ ਮਰ ਕੇ ਇੱਕ ਗੀਤ ਦਾ ਸਮਾਂ ਮਿਲਿਆ। ਉਸਨੇ ਬੁਲੰਦ ਆਵਾਜ਼ ਵਿੱਚ ਜਦ ਪਹਿਲਾ ਗੀਤ 'ਘੁੱਗੀਆਂ ਦਾ ਜੋੜਾ' ਗਾਇਆ ਤਾਂ ਸਰੋਤੇ ਇੱਕ ਹੋਰ ਇੱਕ ਹੋਰ ਦੇ ਹੋਕਰੇ ਦੇਣ ਲੱਗੇ। ਉਸ ਇੱਥੇ ਤਿੰਨ ਗੀਤ ਹੋਰ ਗਾਏ। ਉਸ ਦਾ ਵੇਸ ਤੇ ਨਾਮ ਅੱਜ ਵਾਲਾ ਨਹੀਂ ਸੀ। ਉਸ ਨੂੰ ਤਾਂ ਭਾਵੇਂ ਇਹ ਘਟਨਾ ਵਿੱਸਰ ਗਈ ਹੋਵੇ, ਪਰ ਮੈਨੂੰ ਯਾਦ ਹੈ।

ਇੱਥੇ ਹੀ ਯੋਗ ਜਾਪੇ, ਕਰਮ ਸਿੰਘ, ਸਵਦੇਸ਼ ਤਲਵਾਰ, ਠਾਕੁਰ ਦਲੀਪ ਸਿੰਘ, ਜਨਮੇਜਾ ਸਿੰਘ ਜੌਹਲ, ਹਰਭਜਨ ਸਿੰਘ ਬਾਜਵਾ, ਸੰਤੋਖ ਸਿੰਘ ਮੰਡੇਰ, ਸਤਵੰਤ ਸਿੰਘ ਨੰਦੜਾ, ਤੇਜਪਰਤਾਪ ਸਿੰਘ ਸੰਧੂ, ਰਣਜੋਧ ਸਿੰਘ, ਹਰਿੰਦਰ ਢਿੱਲੋਂ ਤੇ ਕਿੰਨੇ ਹੋਰ ਫੋਟੋਗਰਾਫ਼ੀ ਕਰਕੇ ਦੇਸ਼-ਦੇਸ਼ਾਂਤਰ ਵਿੱਚ ਆਭਾ ਮੰਡਲ ਪਸਾਰਦੇ। ਦੇਸ਼ ਪ੍ਰਦੇਸ਼ ਲੰਡਨ, ਇੰਡੋ ਕੈਨੇਡੀਅਨ ਟਾਈਮਜ਼ ਮੁੱਖ ਪੰਨੇ 'ਤੇ ਇਨ੍ਹਾਂ ਕਲਾਕਾਰਾਂ ਦੀਆਂ ਖਿੱਚੀਆਂ ਤਸਵੀਰਾਂ ਛਾਪਦੇ।

1986 'ਚ ਮੈਂ ਕਿਲ੍ਹਾ ਰਾਏਪੁਰ ਖੇਡਾਂ ਲਈ ਖੇਡ ਗੀਤ ਲਿਖਿਆ। ਇਸ ਨੂੰ ਨਰਿੰਦਰ ਬੀਬਾ ਨੇ ਰੀਕਾਰਡ ਕੀਤਾ, ਜੋ ਕਈ ਸਾਲ ਖੇਡਾਂ ਦੌਰਾਨ ਵੱਜਦਾ ਰਿਹਾ। ਆਕਾਸ਼ਵਾਣੀ ਦੇ ਦੇਹਾਤੀ ਪ੍ਰੋਗਰਾਮ ਵਿੱਚ ਵੀ ਇਹ ਪ੍ਰਸਾਰਤ ਹੋਇਆ।

ਗੀਤ ਇਹ ਸੀ,

ਖੇਡਾਂ ਖੇਡੋ ਤੇ ਖਿਡਾਓ
ਐ ਪੰਜਾਬ ਵਾਸੀਓ!
ਜੜ੍ਹੋਂ ਈਰਖਾ ਮੁਕਾਓ
ਐ ਪੰਜਾਬ ਵਾਸੀਓ!
ਖੇਡਾਂ ਖੇਡਣਾ ਖਿਡਾਉਣਾ
ਸਾਡਾ ਧਰਮ ਨਿਸ਼ਾਨ।
ਸਾਡੇ ਵਾਸਤੇ ਹੈ ਏਹੀ
ਹੁਣ ਦੀਨ ਤੇ ਈਮਾਨ।
ਸਾਰੇ ਰਲ ਮਿਲ ਗਾਓ

ਐ ਪੰਜਾਬ ਵਾਸੀਓ!
ਸਾਰੇ ਧਰਮਾਂ ਦੇ ਲੋਕ
ਰਲ ਖੇਡਦੇ ਕਬੱਡੀ।
ਕਦੇ ਆਵੇ ਨਾ ਧਿਆਨ
ਕਿਹੜੀ ਜਾਤ ਛੋਟੀ ਵੱਡੀ।
ਏਹੀ ਸਬਕ ਪੜ੍ਹਾਓ
ਐ ਪੰਜਾਬ ਵਾਸੀਓ!

ਬੈਲਗੱਡੀਆਂ ਦੀ ਦੌੜ ਦਾ
ਨਜ਼ਾਰਾ ਵੇਖ ਲਓ।
ਏਕਾ ਬੌਲਦਾਂ ਦਾ ਜਿੱਤਦਾ
ਇਸ਼ਾਰਾ ਵੇਖ ਲਓ।
ਪਿਆਰ ਚੇਤਨਾ ਵਧਾਓ
ਐ ਪੰਜਾਬ ਵਾਸੀਓ!

ਪਵੇ ਕਿੱਕਲੀ ਤੇ ਗਿੱਧਾ
ਬੋਲੀ ਪਾਉਣ ਮੁਟਿਆਰਾਂ।
ਲੱਗੇ ਅੰਬਰਾਂ ਤੋਂ ਲੱਥੀਆਂ ਨੇ
ਕੂੰਜਾਂ ਦੀਆਂ ਡਾਰਾਂ।
ਕੂੰਜਾਂ ਅੱਗ ਤੋਂ ਬਚਾਓ
ਐ ਪੰਜਾਬ ਵਾਸੀਓ!
ਜੜ੍ਹੋਂ ਈਰਖਾ ਮੁਕਾਓ
ਐ ਪੰਜਾਬ ਵਾਸੀਓ!

ਇਸ ਗੀਤ ਨੂੰ ਮੈਂ ਆਪਣੇ ਗੀਤ ਸੰਗ੍ਰਹਿ 'ਫੁੱਲਾਂ ਦੀ ਝਾਂਜਰ' ਵਿੱਚ ਵੀ ਸ਼ਾਮਲ ਕੀਤਾ।

ਇਹ ਗੱਲ ਵੀ ਮੇਰੇ ਲਈ ਮਾਣਮੱਤੀ ਬਣ ਗਈ ਕਿ ਮੇਰੇ ਬੇਨਤੀ ਕਰਨ 'ਤੇ ਸਿਰਮੌਰ ਗੀਤਕਾਰ ਇੰਦਰਜੀਤ ਹਸਨਪੁਰੀ, ਹਰਦੇਵ ਦਿਲਗੀਰ ਤੇ ਪਾਲੀ ਦੇਤਵਾਲੀਆ ਨੇ ਵੀ ਕਿਲ੍ਹਾ ਰਾਏਪੁਰ ਖੇਡਾਂ ਬਾਰੇ ਖੇਡ ਗੀਤ ਲਿਖੇ।

ਸਮਾਂ ਬੀਤ ਗਿਆ ਤੇਜ਼ ਰਫਤਾਰੀ ਵਿੱਚ। ਕਿਸੇ ਖੇਡ ਲਿਖਾਰੀ ਨੂੰ ਇਨ੍ਹਾਂ ਖੇਡਾਂ ਬਾਰੇ ਮੁਕੰਮਲ ਕਿਤਾਬ ਲਿਖਣੀ ਚਾਹੀਦੀ ਹੈ। ਬਾਰਾਂ ਸਾਲ ਬਾਅਦ ਬੈੱਲ ਗੱਡੀਆਂ ਦੀਆਂ ਦੌੜਾਂ ਹੋਣਾ ਇਤਿਹਾਸਕ ਗੱਲ ਹੈ, ਜਿਸ ਲਈ ਪੰਜਾਬ ਵਿਧਾਨ ਸਭਾ ਤੇ ਪੰਜਾਬ ਸਰਕਾਰ ਮੁਬਾਰਕ ਦੀ ਹੱਕਦਾਰ ਹੈ।

# ਪੰਜ ਸਾਲਾਂ ਵਿੱਚ 1.67 ਲੱਖ ਭਾਰਤੀ ਵਿਦੇਸ਼ਾਂ ਤੋਂ ਡਿਪੋਰਟ

**ਪੰਜਾਬੀ ਪਰਵਾਜ਼ ਬਿਊਰੋ**

## *ਜਾਲਸਾਜ਼ ਏਜੰਟਾਂ ਤੇ ਗੈਰ-ਕਾਨੂੰਨੀ ਮਾਈਗ੍ਰੇਸ਼ਨ ਦਾ ਵਧਦਾ ਸੰਕਟ



ਪਿਛਲੇ ਪੰਜ ਸਾਲਾਂ ਦੌਰਾਨ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵੱਲੋਂ 1.67 ਲੱਖ ਤੋਂ ਵੱਧ ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕਰ ਕੇ ਵਾਪਸ ਭਾਰਤ ਭੇਜਿਆ ਗਿਆ ਹੈ। ਇਹ ਜਾਣਕਾਰੀ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਸੰਸਦ ਵਿੱਚ ਦਿੱਤੇ ਗਏ ਅੰਕੜਿਆਂ ਤੋਂ ਸਾਹਮਣੇ ਆਈ ਹੈ। ਇਨ੍ਹਾਂ ਡਿਪੋਰਟ ਕੀਤੇ ਗਏ ਲੋਕਾਂ ਵਿੱਚ ਸਭ ਤੋਂ ਵੱਡੀ ਗਿਣਤੀ ਉਨ੍ਹਾਂ ਦੀ ਹੈ ਜੋ ਨੌਕਰੀ, ਵਧੀਆ ਜੀਵਨ ਜਾਂ ਵਿਦੇਸ਼ ਵਿੱਚ ਸਥਾਈ ਨਿਵਾਸ ਦੇ ਸੁਪਨੇ ਨਾਲ਼ ਗਏ ਸਨ, ਪਰ ਗ਼ੈਰ-ਕਾਨੂੰਨੀ ਤਰੀਕਿਆਂ ਜਾਂ ਜਾਲਸਾਜ਼ ਏਜੰਟਾਂ ਦੇ ਠੱਗੀ ਜਾਲ਼ ਵਿੱਚ ਫਸ ਗਏ।

ਸੰਸਦ ਵਿੱਚ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਦੱਸਿਆ ਕਿ ਸਭ ਤੋਂ ਵੱਧ 1.21 ਲੱਖ ਭਾਰਤੀ ਨਾਗਰਿਕਾਂ ਨੂੰ ਸਾਊਦੀ ਅਰਬ ਨੇ ਡਿਪੋਰਟ ਕੀਤਾ। ਇਹ ਕੁੱਲ ਡਿਪੋਰਟ ਕੀਤੇ ਗਏ ਲੋਕਾਂ ਦਾ ਲਗਭਗ 72 ਫੀਸਦੀ ਹੈ। ਇਸ ਤੋਂ ਬਾਅਦ ਸੰਯੁਕਤ ਅਰਬ ਅਮੀਰਾਤ (22,209), ਮਲੇਸ਼ੀਆ (6,743), ਕਤਰ (5,319), ਅਮਰੀਕਾ (4,375) ਅਤੇ ਮਿਆਂਮਾਰ (2,180) ਵਰਗੇ ਦੇਸ਼ਾਂ ਦਾ ਨੰਬਰ ਆਉਂਦਾ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਮੱਧ-ਪੂਰਬ ਦੇ ਦੇਸ਼ਾਂ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਕਾਫ਼ੀ ਵੱਧ ਹੈ।

ਵਿਦੇਸ਼ ਮਾਹਿਰਾਂ ਅਨੁਸਾਰ ਭਾਰਤ ਦੁਨੀਆ ਦੇ ਸਭ ਤੋਂ ਵੱਡੇ ਪਰਵਾਸੀ ਦੇਸ਼ਾਂ ਵਿੱਚੋਂ ਇੱਕ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਮੁਤਾਬਕ 2020 ਤੱਕ ਲਗਭਗ 1.8 ਕਰੋੜ ਭਾਰਤੀ ਵਿਦੇਸ਼ਾਂ ਵਿੱਚ ਰਹਿ ਰਹੇ ਸਨ, ਜੋ ਦੁਨੀਆ ਦੀ ਸਭ ਤੋਂ ਵੱਡੀ ਪਰਵਾਸੀ ਜਨਸੰਖਿਆ ਹੈ। ਹਰ ਸਾਲ ਲੱਖਾਂ ਨੌਜਵਾਨ ਰੁਜ਼ਗਾਰ ਲਈ ਖ਼ਾਸ ਕਰ ਕੇ ਗਲਫ਼ ਦੇਸ਼ਾਂ ਵੱਲ ਜਾਂਦੇ ਹਨ; ਪਰ ਇਨ੍ਹਾਂ ਵਿੱਚੋਂ ਕਈ ਲੋਕ ਗ਼ੈਰ-ਕਾਨੂੰਨੀ ਤਰੀਕਿਆਂ ਜਾਂ ਫਰਜ਼ੀ ਦਸਤਾਵੇਜ਼ਾਂ ਨਾਲ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਡਿਪੋਰਟ ਕਰ ਦਿੱਤਾ ਜਾਂਦਾ ਹੈ।

ਪਿਛਲੇ ਸਾਲ ਅਮਰੀਕਾ ਵੱਲੋਂ ਕੁਝ ਭਾਰਤੀ ਨਾਗਰਿਕਾਂ ਨੂੰ ਜੰਜੀਰਾਂ ਵਿੱਚ ਬੰਨ੍ਹ ਕੇ ਡਿਪੋਰਟ ਕਰਨ ਦੀ ਘਟਨਾ ਨੇ ਵੱਡਾ ਵਿਵਾਦ ਖੜਾ ਕੀਤਾ ਸੀ। ਇਸ ਘਟਨਾ ਨੇ ਗ਼ੈਰ-ਕਾਨੂੰਨੀ ਮਾਈਗ੍ਰੇਸ਼ਨ ਦੇ ਖ਼ਤਰੇ ਅਤੇ ਵਿਦੇਸ਼ਾਂ ਵਿੱਚ ਭਾਰਤੀਆਂ ਨਾਲ ਹੋਣ ਵਾਲੇ ਵਤੀਰੇ ਬਾਰੇ ਗੰਭੀਰ ਸਵਾਲ ਖੜੇ ਕੀਤੇ। ਖ਼ਾਸ ਕਰ ਕੇ ਪੰਜਾਬ, ਹਰਿਆਣਾ ਅਤੇ ਗੁਜਰਾਤ ਵਰਗੇ ਰਾਜਾਂ ਦੇ ਨੌਜਵਾਨ 'ਡੰਕੀ ਰੂਟ' ਰਾਹੀਂ ਅਮਰੀਕਾ ਜਾਂ ਯੂਰਪ ਜਾਣ ਦੀ ਕੋਸ਼ਿਸ਼ ਕਰਦੇ ਹਨ। ਇਸ ਰਾਹ ਵਿੱਚ ਉਨ੍ਹਾਂ ਨੂੰ ਮੈਕਸਿਕੋ, ਮੱਧ ਅਮਰੀਕਾ ਜਾਂ ਹੋਰ ਖ਼ਤਰਨਾਕ ਇਲਾਕਿਆਂ ਰਾਹੀਂ ਲਿਜਾਇਆ ਜਾਂਦਾ ਹੈ, ਜਿੱਥੇ ਕਈ ਵਾਰ ਉਹ ਗ੍ਰਿਫ਼ਤਾਰ ਹੋ ਜਾਂਦੇ ਹਨ ਅਤੇ ਕਈ ਨੌਜਵਾਨ ਜਾਨ ਵੀ ਗੁਆ ਬੈਠਦੇ ਹਨ।

ਸਰਕਾਰੀ ਜਾਣਕਾਰੀ ਮੁਤਾਬਕ ਜਨਵਰੀ 2026 ਤੱਕ 3,505 ਗ਼ੈਰ-ਰਜਿਸਟਰਡ ਟਰੈਵਲ ਅਤੇ ਇਮੀਗ੍ਰੇਸ਼ਨ ਏਜੰਟਾਂ ਖ਼ਿਲਾਫ਼ ਸ਼ਿਕਾਇਤਾਂ ਦਰਜ ਹੋਈਆਂ ਹਨ। ਇਨ੍ਹਾਂ ਦੀ ਸੂਚੀ ਸਰਕਾਰ ਦੇ e-Migrate ਪੋਰਟਲ 'ਤੇ ਜਾਰੀ ਕੀਤੀ ਗਈ ਹੈ ਤਾਂ ਜੋ ਲੋਕ ਸੁਚੇਤ ਰਹਿ ਸਕਣ। ਪੰਜਾਬ ਪੁਲਿਸ ਅਤੇ ਹੋਰ ਰਾਜਾਂ ਵਿੱਚ ਵੀ ਪਿਛਲੇ ਕੁਝ ਸਾਲਾਂ ਦੌਰਾਨ ਸੈਂਕੜੇ ਮਾਮਲੇ ਦਰਜ ਕੀਤੇ ਗਏ ਹਨ। ਪੰਜਾਬ ਪੁਲਿਸ ਦੇ ਅੰਕੜਿਆਂ ਮੁਤਾਬਕ ਹਰ ਸਾਲ ਦਰਜਨਾਂ ਟਰੈਵਲ ਏਜੰਟਾਂ ਖ਼ਿਲਾਫ਼ ਮਨੁੱਖੀ ਤਸਕਰੀ ਅਤੇ ਧੋਖਾਧੜੀ ਦੇ ਕੇਸ ਦਰਜ ਹੁੰਦੇ ਹਨ।

ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਬੇਰੁਜ਼ਗਾਰੀ, ਘੱਟ ਤਨਖ਼ਾਹ ਅਤੇ ਵਿਦੇਸ਼ੀ ਜੀਵਨ ਦੀ ਖਿੱਚ ਇਸ ਸਮੱਸਿਆ ਦੇ ਮੁੱਖ ਕਾਰਨ ਹਨ। ਭਾਰਤ ਵਿੱਚ ਬੇਰੁਜ਼ਗਾਰੀ ਦਰ 2023-24 ਦੌਰਾਨ ਲਗਭਗ 7-8 ਫੀਸਦੀ ਰਹੀ, ਜਦਕਿ ਨੌਜਵਾਨਾਂ ਵਿੱਚ ਇਹ ਦਰ ਹੋਰ ਵੱਧ ਹੈ। ਇਸ ਕਰ ਕੇ ਕਈ ਨੌਜਵਾਨ ਖ਼ਤਰੇ ਸਹੇੜ ਲੈ ਕੇ ਵੀ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ।

ਇਸ ਸਮੱਸਿਆ ਦਾ ਇੱਕ ਹੋਰ ਪੱਖ ਮਨੁੱਖੀ ਅਧਿਕਾਰਾਂ ਨਾਲ ਜੁੜਿਆ ਹੈ। ਕਈ ਡਿਪੋਰਟ ਕੀਤੇ ਗਏ ਲੋਕ ਵਿਦੇਸ਼ਾਂ ਵਿੱਚ ਕਈ ਮਹੀਨੇ ਜੇਲ੍ਹਾਂ ਜਾਂ ਡਿਟੇਨਸ਼ਨ ਸੈਂਟਰਾਂ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਮਨੋਵਿਗਿਆਨਕ ਤਣਾਅ, ਆਰਥਿਕ ਨੁਕਸਾਨ ਅਤੇ ਸਮਾਜਿਕ ਬਦਨਾਮੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਪਰਿਵਾਰ ਆਪਣੀ ਜ਼ਮੀਨ ਜਾਂ ਘਰ ਵੇਚ ਕੇ ਏਜੰਟਾਂ ਨੂੰ 10 ਤੋਂ 30 ਲੱਖ ਰੁਪਏ ਤੱਕ ਦੇ ਦਿੰਦੇ ਹਨ, ਪਰ ਬਦਲੇ ਵਿੱਚ ਉਨ੍ਹਾਂ ਨੂੰ ਧੋਖਾ ਮਿਲਦਾ ਹੈ।

ਸਰਕਾਰ ਵੱਲੋਂ ਇਸ ਸਮੱਸਿਆ ਨੂੰ ਰੋਕਣ ਲਈ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। e-Migrate ਪੋਰਟਲ ਰਾਹੀਂ ਲੋਕਾਂ ਨੂੰ ਸਹੀ ਜਾਣਕਾਰੀ ਦਿੱਤੀ ਜਾਂਦੀ ਹੈ ਅਤੇ ਰਜਿਸਟਰਡ ਏਜੰਟਾਂ ਦੀ ਸੂਚੀ ਵੀ ਜਾਰੀ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਵਿਦੇਸ਼ ਮੰਤਰਾਲਾ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਲੋਕਾਂ ਨੂੰ ਚੇਤਾਵਨੀ ਦਿੰਦਾ ਰਹਿੰਦਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਇਸ ਸਮੱਸਿਆ ਦਾ ਹੱਲ ਸਿਰਫ਼ ਕਾਨੂੰਨੀ ਕਾਰਵਾਈ ਨਾਲ ਨਹੀਂ ਸਗੋਂ ਦੇਸ਼ ਵਿੱਚ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਨਾਲ ਹੀ ਸੰਭਵ ਹੈ। ਜਦ ਤੱਕ ਨੌਜਵਾਨਾਂ ਨੂੰ ਆਪਣੇ ਦੇਸ਼ ਵਿੱਚ ਹੀ ਵਧੀਆ ਮੌਕੇ ਨਹੀਂ ਮਿਲਦੇ ਤਦ ਤੱਕ ਗ਼ੈਰ-ਕਾਨੂੰਨੀ ਮਾਈਗ੍ਰੇਸ਼ਨ ਅਤੇ ਡਿਪੋਰਟ ਹੋਣ ਦੀ ਸਮੱਸਿਆ ਜਾਰੀ ਰਹੇਗੀ। ਇਸ ਲਈ ਜ਼ਰੂਰੀ ਹੈ ਕਿ ਸਰਕਾਰ ਸਖ਼ਤ ਕਾਰਵਾਈ ਦੇ ਨਾਲ-ਨਾਲ ਨੌਜਵਾਨਾਂ ਨੂੰ ਸਹੀ ਰਸਤਾ ਅਤੇ ਰੁਜ਼ਗਾਰ ਦੇ ਮੌਕੇ ਵੀ ਮੁਹੱਈਆ ਕਰਵਾਏ।

## 'ਹੁਣ' ਦੀ ਸੰਪਾਦਕੀ

**ਸੁਸ਼ੀਲ ਦੁਸਾਂਝ**

# ਸਾਹਿਤ ਸਵਾਦ ਨਹੀਂ, ਸੱਤਾ ਲਈ ਵੰਗਾਰ ਹੈ

## ਸਾਹਿਤ– ਸੱਤਾ ਅਤੇ ਚੁੱਪ ਦੇ ਖ਼ਿਲਾਫ਼

ਜਦੋਂ ਸਾਹਿਤ ਸਵਾਲ ਪੁੱਛਣਾ ਛੱਡ ਦਿੰਦਾ ਹੈ, ਸੱਤਾ ਬੇਖ਼ੌਫ਼ ਹੋ ਜਾਂਦੀ ਹੈ।

'ਹੁਣ' ਮਤਲਬ ਹੁਣ; ਇਸੇ ਪਲ।

'ਹੁਣ' ਕਿਸੇ ਸਮੇਂ ਦੀ ਉਡੀਕ ਨਹੀਂ ਕਰਦਾ।

'ਹੁਣ' ਕਿਸੇ ਸੁਖਦਾਈ ਭਵਿੱਖ ਦਾ ਵਾਅਦਾ ਜਾਂ ਦਾਅਵਾ ਨਹੀਂ।

'ਹੁਣ' ਟਾਲਮਟੋਲ ਤੋਂ, ਸਹੂਲਤ ਤੋਂ ਅਤੇ ਖ਼ਾਮੋਸ਼ੀ ਤੋਂ ਸਪਸ਼ਟ ਇਨਕਾਰ ਹੈ।

ਅਸੀਂ ਅੱਜ ਅਜਿਹੇ ਦੌਰ ਵਿੱਚ ਖੜ੍ਹੇ ਹਾਂ, ਜਿੱਥੇ ਸ਼ਬਦ ਬਹੁਤ ਹਨ ਪਰ ਸ਼ਬਦਾਂ ਵਿੱਚੋਂ ਸੇਕ ਗ਼ਾਇਬ ਹੋ ਗਿਆ ਹੈ। ਲਿਖਿਆ ਸਭ ਕੁਝ ਜਾ ਰਿਹਾ ਹੈ ਪਰ ਕਿਹਾ ਸਭ ਕੁਝ ਨਹੀਂ ਜਾ ਰਿਹਾ। ਸਾਹਿਤ ਮੌਜੂਦ ਹੈ, ਪਰ ਇਸ ਦੀ ਧਾਰ ਨਰਮ ਹੋ ਰਹੀ ਹੈ।

'ਹੁਣ' ਇਸ ਨਰਮੀ ਦੇ ਖ਼ਿਲਾਫ਼ ਹੈ।

ਅੱਜ ਦਾ ਸਾਹਿਤ ਪੀੜ ਤਾਂ ਲਿਖਦਾ ਹੈ, ਪਰ ਪੀੜ ਪੈਦਾ ਕਰਨ ਵਾਲੇ ਹਾਲਾਤ ਤੋਂ ਅੱਖਾਂ ਮੀਟ ਲੈਂਦਾ ਹੈ। ਕਿਸਾਨ ਦੀ ਤਬਾਹੀ ਲਿਖਤ ਦਾ ਵਿਸ਼ਾ ਬਣਦੀ ਹੈ ਪਰ ਉਹ ਖੇਤੀ ਨੀਤੀਆਂ ਗਾਇਬ ਰਹਿੰਦੀਆਂ ਹਨ, ਜੋ ਉਸਨੂੰ ਕਰਜ਼ੇ ਅਤੇ ਬੇਬਸੀ ਵੱਲ ਧੱਕਦੀਆਂ ਹਨ।

ਮਜ਼ਦੂਰ ਮਰਦਾ ਹੈ ਪਰ ਉਹ ਪ੍ਰਣਾਲੀ ਅਦ੍ਰਿਸ਼ ਰਹਿੰਦੀ ਹੈ, ਜੋ ਉਸ ਦੀ ਮਿਹਨਤ ਨੂੰ ਸਸਤੇ ਸੌਦੇ ਵਿੱਚ ਤਬਦੀਲ ਕਰ ਦਿੰਦੀ ਹੈ। ਔਰਤ ਦੀ ਪੀੜ ਦਰਜ ਹੁੰਦੀ ਹੈ ਪਰ ਪਿਤ੍ਰਸੱਤਾ ਦੀ ਬਣਤਰ 'ਤੇ ਸਿੱਧਾ ਵਾਰ ਨਹੀਂ ਹੁੰਦਾ।

ਬਹੁਤਾ ਸਾਹਿਤ ਦਰਦ ਨੂੰ ਵਿਅਕਤੀਗਤ ਕਰਦਾ ਹੈ, ਰਾਜਨੀਤਕ ਨਹੀਂ ਬਣਾਉਂਦਾ। ਇਹੀ ਸਹੂਲਤ ਦੀ ਪਹਿਲੀ ਸ਼ਰਤ ਹੈ।


ਸਾਡਾ ਮੰਨਣਾ ਹੈ- ਜੋ ਸਾਹਿਤ ਕਾਰਨ ਨਹੀਂ ਪੁੱਛਦਾ, ਉਹ ਸੰਵੇਦਨਾ ਨਹੀਂ; ਸਜਾਵਟ ਹੈ। ਜੋ ਲਿਖਤ ਸੱਤਾ ਦਾ ਨਾਂ ਲੈਣ ਤੋਂ ਡਰਦੀ ਹੈ, ਉਹ ਕਲਾ ਨਹੀਂ; ਸਹਿਮਤੀ ਹੈ।

ਅੱਜ ਦੀ ਸੱਤਾ ਹੁਕਮ ਨਹੀਂ ਦਿੰਦੀ; ਉਹ ਮਾਹੌਲ ਬਣਾਉਂਦੀ ਹੈ। ਇਨਾਮ, ਗ੍ਰਾਂਟਾਂ, ਯੂਨੀਵਰਸਿਟੀਆਂ, ਸਿਲੇਬਸ ਅਤੇ ਸਰਕਾਰੀ, ਅਰਧ-ਸਰਕਾਰੀ ਸਾਹਿਤਕ ਤੇ ਸਭਿਆਚਾਰਕ ਅਦਾਰੇ ਮਿਲ ਕੇ ਅਜਿਹਾ ਜਾਲ਼ ਬੁਣਦੇ ਹਨ ਕਿ ਲੇਖਕ ਲਿਖਣ ਤੋਂ ਪਹਿਲਾਂ ਹੀ ਸੋਚਣ ਲੱਗ ਪੈਂਦਾ ਹੈ-

"ਕਿਤੇ ਇਹ ਜ਼ਿਆਦਾ ਤਾਂ ਨਹੀਂ?"

"ਕਿਤੇ ਇਹ ਲਿਖਤ ਮੇਰੇ ਮੌਕੇ ਤਾਂ ਨਹੀਂ ਘਟਾ ਦੇਵੇਗੀ?"

ਇਹ ਸੋਚ ਹੀ ਲੇਖਕ ਲਈ ਸਭ ਤੋਂ ਵੱਡੀ ਜ਼ਿਹਨੀ ਸੈਂਸਰਸ਼ਿੱਪ ਹੈ।




ਅੰਦਰੂਨੀ ਡਰ ਦਾ ਨਤੀਜਾ 'ਸੁਰੱਖਿਅਤ ਸਾਹਿਤ' ਹੁੰਦਾ ਹੈ।

ਐਸੀ ਲਿਖਤ ਜੋ ਕਿਸੇ ਨੂੰ ਨਾਰਾਜ਼ ਨਹੀਂ ਕਰਦੀ। ਜੋ ਪਾਠਕ ਨੂੰ ਕੁਝ ਪਲਾਂ ਲਈ ਛੂਹ ਲੈਂਦੀ ਹੈ ਪਰ ਹਿਲਾਉਂਦੀ ਨਹੀਂ, ਜਗਾਉਂਦੀ ਨਹੀਂ।

ਅਸੀਂ ਸਮਝਦੇ ਹਾਂ- ਅੰਦਰੂਨੀ ਸੈਂਸਰਸ਼ਿੱਪ ਬਾਹਰੀ ਜਬਰ ਨਾਲੋਂ ਜ਼ਿਆਦਾ ਖ਼ਤਰਨਾਕ ਹੁੰਦੀ ਹੈ। ਜੋ ਸਾਹਿਤ ਆਪਣੇ ਆਪ ਨੂੰ ਆਪ ਹੀ ਨਰਮ ਕਰ ਲੈਂਦਾ ਹੈ, ਉਹ ਸੱਤਾ ਲਈ ਸਭ ਤੋਂ ਸੁਖਾਵਾਂ ਹੁੰਦਾ ਹੈ।

ਨਿਰਪੱਖਤਾ ਕੁਝ ਨਹੀਂ ਹੁੰਦੀ।

ਅੱਜ 'ਨਿਰਪੱਖਤਾ' ਦੇ ਨਾਂ ਹੇਠ ਚੁੱਪ ਨੂੰ ਨੈਤਿਕਤਾ ਬਣਾਇਆ ਜਾ ਰਿਹਾ ਹੈ ਪਰ ਜਦੋਂ ਸਮਾਜ ਅਨਿਆਂ, ਗ਼ੈਰ-ਬਰਾਬਰੀ ਅਤੇ ਹਿੰਸਾ ਨਾਲ ਭਰਿਆ ਹੋਵੇ, ਉਸ ਵੇਲੇ ਨਿਰਪੱਖ ਰਹਿਣਾ ਇੱਕ ਪੱਖ ਚੁਣਨਾ ਹੀ ਹੁੰਦਾ ਹੈ ਅਤੇ ਉਹ ਪੱਖ ਸੱਤਾ ਦਾ ਹੁੰਦਾ ਹੈ।

ਦਰਅਸਲ ਚੁੱਪ ਰਹਿਣਾ ਨਿਰਪੱਖਤਾ ਨਹੀਂ; ਸਾਂਝ ਹੈ।

ਚੁੱਪ ਕੋਈ ਮਾਸੂਮ ਹਾਲਾਤ ਨਹੀਂ।

ਚੁੱਪ ਸੱਤਾ ਦੀ ਸਾਥੀ ਹੁੰਦੀ ਹੈ।

ਇਨਾਮਾਂ ਅਤੇ ਸਨਮਾਨਾਂ ਨੇ ਸਾਹਿਤ ਨੂੰ ਮੰਚ ਤਾਂ ਦਿੱਤਾ ਹੈ ਪਰ ਨਾਲ ਹੀ ਉਸਨੂੰ ਹੱਦਾਂ ਵਿੱਚ ਵੀ ਬੰਨ੍ਹ ਦਿੱਤਾ ਹੈ। ਸਭ ਤੋਂ 'ਸੁਚੱਜੀ', ਸਭ ਤੋਂ 'ਕਬੂਲਯੋਗ' ਲਿਖਤ ਸਨਮਾਨਿਤ ਹੁੰਦੀ ਹੈ। ਜੋ ਇਸ ਹੱਦ ਨੂੰ ਲੰਘਦਾ ਹੈ, ਉਸਨੂੰ 'ਵਿਵਾਦਪੂਰਨ' ਕਹਿ ਕੇ ਟੈਗ ਕਰ ਦਿੱਤਾ ਜਾਂਦਾ ਹੈ ਅਤੇ ਇਹ ਟੈਗ ਹੀ ਸਜ਼ਾ ਬਣ ਜਾਂਦੇ ਹਨ।

ਸਾਹਿਤ ਦੀ ਕਦਰ ਇਨਾਮਾਂ ਨਾਲ ਨਹੀਂ, ਉਸ ਵਿਚਲੇ ਲੋਕ-ਸਰੋਕਾਰਾਂ ਨਾਲ ਹੁੰਦੀ ਹੈ।

ਸਾਹਿਤ ਸਿਰਫ਼ ਅਨੰਦ ਹੀ ਨਹੀਂ।

ਸਾਹਿਤ ਉਹ ਹੈ ਜੋ ਅਸਹਿਜ ਕਰੇ, ਬੇਚੈਨ ਕਰੇ।

ਜੋ ਤਾੜੀਆਂ ਨਹੀਂ, ਸਵਾਲ ਪੈਦਾ ਕਰੇ।

ਜੋ ਸੱਤਾ ਨੂੰ ਸਿਰਫ਼ ਸ਼ੀਸ਼ਾ ਨਹੀਂ, ਅੱਗ ਵੀ ਦਿਖਾਏ।

ਸਾਹਿਤ ਦਾ ਕੰਮ ਹਾਲਾਤ ਨੂੰ 'ਜਿਵੇਂ ਨੇ' ਤਿਵੇਂ ਦਿਖਾਉਣਾ ਨਹੀਂ।

ਸਾਹਿਤ ਦਾ ਕੰਮ ਪੁੱਛਣਾ ਹੈ; ਹਾਲਾਤ ਐਸੇ ਕਿਉਂ ਹਨ?

ਜਦੋਂ ਸਾਹਿਤ ਇਹ ਸਵਾਲ ਛੱਡ ਦਿੰਦਾ ਹੈ, ਉਹ ਆਪਣੀ ਇਤਿਹਾਸਕ ਜ਼ਿੰਮੇਵਾਰੀ ਗੁਆ ਬੈਠਦਾ ਹੈ।

ਸਾਹਿਤ ਜਾਂ ਤਾਂ ਖ਼ਿਲਾਫ਼ਤ ਹੋਵੇਗਾ ਜਾਂ ਸਜਾਵਟ ਅਤੇ ਦਿਖਾਵਟ। ਦਰਮਿਆਨ ਕੁਝ ਨਹੀਂ।

ਇਸ ਲਈ 'ਹੁਣ' ਲੇਖਕਾਂ ਨੂੰ ਨਹੀਂ, ਲਿਖਤ ਨੂੰ ਸੱਦਾ ਦਿੰਦਾ ਹੈ।

ਉਹ ਲਿਖਤ ਜੋ ਸੁਰੱਖਿਅਤ ਨਹੀਂ।

ਉਹ ਲਿਖਤ ਜੋ ਸੰਤੁਲਿਤ ਨਹੀਂ।

ਉਹ ਲਿਖਤ ਜੋ ਡਰਦੀ ਨਹੀਂ।

ਪਾਠਕ ਦਾ ਕੰਮ ਵੀ ਸਿਰਫ਼ ਦਰਸ਼ਕ ਬਣਨਾ ਨਹੀਂ।

ਅਸੀਂ ਪਾਠਕਾਂ ਨੂੰ ਵੀ ਸੱਦਾ ਦਿੰਦੇ ਹਾਂ- ਸਿਰਫ਼ ਪੜ੍ਹੋ ਨਹੀਂ, ਟਕਰਾਓ।

ਉਸ ਸਾਹਿਤ ਨੂੰ ਰੱਦ ਕਰੋ ਜੋ ਤੁਹਾਨੂੰ ਮੱਠੀ-ਮੱਠੀ ਨੀਂਦ ਵੱਲ ਲੈ ਕੇ ਜਾਂਦਾ ਹੈ।

ਉਸ ਲਿਖਤ ਨਾਲ ਖੜ੍ਹੇ ਹੋਵੋ ਜੋ ਤੁਹਾਨੂੰ ਬੇਚੈਨ ਕਰਦੀ ਹੈ।

ਅਸੀਂ ਕੱਲ੍ਹ ਦੀ ਉਡੀਕ ਨਹੀਂ ਕਰਾਂਗੇ।

ਸੱਚ ਕੱਲ੍ਹ ਨਹੀਂ ਲਿਖਿਆ ਜਾਂਦਾ।

ਸੱਚ ਹੁਣ ਲਿਖਿਆ ਜਾਂਦਾ ਹੈ।

ਅਸੀਂ ਇਹ ਗੱਲ ਇਸ ਯਕੀਨ ਨਾਲ ਕਹਿ ਰਹੇ ਹਾਂ-

ਜਿਸ ਦਿਨ ਸਾਹਿਤ ਨੇ ਸਵਾਲ ਪੁੱਛਣ ਛੱਡ ਦਿੱਤੇ, ਉਸ ਦਿਨ ਤੋਂ ਸਮਾਜ ਨੇ ਆਪਣੀ ਆਵਾਜ਼ ਗੁਆ ਬੈਠਣੀ ਹੈ।

ਅਤੇ ਜਦੋਂ ਸਾਹਿਤ ਚੁੱਪ ਹੋ ਜਾਂਦਾ ਹੈ, ਸੱਤਾ ਬੇਖ਼ੌਫ਼ ਹੋ ਜਾਂਦੀ ਹੈ।

ਬੇਖ਼ੌਫ਼ ਸੱਤਾ ਮਨੁੱਖੀ ਸਮਾਜ ਲਈ ਸਭ ਤੋਂ ਵੱਡਾ ਖ਼ਤਰਾ ਹੁੰਦੀ ਹੈ।

ਸੋ,

ਹੁਣ ਚੁੱਪ ਦੀ ਰਾਤ ਨਹੀਂ, ਸਵਾਲਾਂ ਦੀ ਸਵੇਰ ਹੈ।

ਹੁਣ ਸਹੂਲਤ ਜਾਂ ਸਮਝੌਤਾ ਨਹੀਂ, ਸੱਚ ਦੀ ਜ਼ਿੰਮੇਵਾਰੀ ਹੈ।

ਹੁਣ ਦੇ ਲਫ਼ਜ਼ ਸਜਾਵਟ ਨਹੀਂ; ਵਿਰੋਧ ਦਾ ਹਥਿਆਰ ਹਨ।

ਸਾਹਿਤ ਸਵਾਦ ਨਹੀਂ।

ਸਾਹਿਤ ਸੱਤਾ ਲਈ ਵੰਗਾਰ ਹੈ।

## ਅਧਿਆਤਮਕ

ਡਾ. ਅਰਵਿੰਦਰ ਸਿੰਘ ਭੱਲਾ*
ਫੋਨ: +91-9463062603



# ਸਜਦੇ ਵਿੱਚ ਝੁਕੀ ਦੇਹ ਅਤੇ ਅੰਦਰ ਦਾ ਚੋਰ

***ਸਜਦੇ ਵਿੱਚ ਝੁਕੀ ਹੋਈ ਦੇਹ ਕਦੇ ਵੀ ਇਸ ਗੱਲ ਦੀ ਪੁਸ਼ਟੀ ਹਰਗਿਜ਼ ਨਹੀਂ ਕਰਦੀ ਹੈ ਕਿ ਇਨਸਾਨ ਦੇ ਅੰਦਰ ਹੁਣ ਕੋਈ ਚੋਰ ਨਹੀਂ ਹੈ। ਇਨਸਾਨ ਹਰ ਪਲ ਆਪ ਹੀ ਗੁਨਾਹ ਕਰਕੇ ਆਪਣੇ ਆਪ ਨੂੰ ਹਰ ਗੁਨਾਹ ਤੋਂ ਬਰੀ ਕਰਨ ਦੀ ਵਿਅਰਥ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਉਹ ਇਹ ਅਕਸਰ ਭੁੱਲ ਜਾਂਦਾ ਹੈ ਕਿ ਤੋਬਾ ਕੇਵਲ ਇੱਕ ਸ਼ਬਦ ਹੀ ਨਹੀਂ, ਸਗੋਂ ਅਹਿਸਾਸ-ਏ-ਜ਼ੁਰਮ ਤੋਂ ਨਿਜ਼ਾਤ ਪਾਉਣ ਅਤੇ ਅੱਗੋਂ ਵਾਸਤੇ ਗੁਨਾਹਾਂ ਦੇ ਰਸਤੇ ਦਾ ਤਿਆਗ ਕਰਨ ਲਈ ਖੁਦ ਨੂੰ ਤਿਆਰ-ਬਰ-ਤਿਆਰ ਰੱਖਣ ਦਾ ਇੱਕ ਰੂਹਾਨੀ ਅਭਿਆਸ ਵੀ ਹੈ।***



ਮੁਰੀਦ ਨੇ ਆਪਣੇ ਮੁਰਸ਼ਦ ਅੱਗੇ ਅਰਜ਼ੋਈ ਕਰਦਿਆਂ ਕਿਹਾ ਕਿ ਆਇਨੇ ਦੇ ਸਾਹਮਣੇ ਖੜ੍ਹਾ ਉਹ ਖੁਦ ਨੂੰ ਦੇਖ ਕੇ ਸੋਚਦਾ ਹੈ ਕਿ ਆਖਿਰ ਪਰਵਦਗਾਰ ਦੇ ਦਰ ਉੱਪਰ ਮੇਰੀ ਇਬਾਦਤ ਕਬੂਲ ਕਿਉਂ ਨਹੀਂ ਹੁੰਦੀ? ਕਿਉਂ ਮੇਰੇ ਪਛਤਾਵੇ ਵਿੱਚ ਵਹਿੰਦੇ ਮੇਰੇ ਹੰਝੂ ਮੇਰੇ ਐਬਾਂ ਨੂੰ ਆਪਣੇ ਨਾਲ ਨਹੀਂ ਵਹਾ ਕੇ ਲੈ ਜਾਂਦੇ? ਕਿਉਂ ਸਿਜਦੇ ਵਿੱਚ ਝੁਕ ਕੇ ਵੀ ਮੇਰੇ ਮਨ ਦੀ ਮੈਲ ਨਹੀਂ ਲਹਿੰਦੀ? ਤੋਬਾ ਕਰ ਕੇ ਵੀ ਮਨ ਗੁਨਾਹਾਂ ਦੇ ਰਾਹ ਵਲ ਵਾਰ-ਵਾਰ ਕਿਉਂ ਮੁੜਦਾ ਹੈ? ਕਿਉਂ ਪਾਕਦਾਮਨ ਰਹਿਣ ਦੀ ਖਾਹਿਸ਼ ਆਪਣੇ ਅੰਦਰ ਛੁਪੇ ਸ਼ੈਤਾਨ ਦੇ ਭਰਮਾਉਣ ਕਾਰਨ ਦਮ ਤੋੜ ਦਿੰਦੀ ਹੈ? ਕਿਉਂ ਮੇਰੇ ਸੋਹਣੇ ਰੱਬ ਦੀ ਨਜ਼ਰ-ਏ-ਅਨਾਇਤ ਮੇਰੇ ਉਤੇ ਨਹੀਂ ਹੁੰਦੀ? ਕਿਉਂ ਪਾਪਾਂ ਦੇ ਰਾਹਾਂ ਦਾ ਆਕਰਸ਼ਣ ਮੈਨੂੰ ਹਰ ਪਲ ਭਰਮਾਉਂਦਾ ਹੈ? ਕਿਉਂ ਜ਼ਿੰਦਗੀ ਦਾ ਪੈਂਡਾ ਪਗਡੰਡੀਆਂ ਵਿੱਚ ਹੀ ਉਲਝ ਕੇ ਰਹਿ ਜਾਂਦਾ ਹੈ ਅਤੇ ਮੈਂ ਕਿਸੇ ਸ਼ਾਹਰਾਹ ਦੀ ਤਲਾਸ਼ ਨਹੀਂ ਕਰ ਪਾਉਂਦਾ ਹਾਂ? ਕਿਉਂ ਜ਼ਿੰਦਗੀ ਦੇ ਸਫ਼ਰ ਦੌਰਾਨ ਹਰ ਚੌਰਾਹੇ ਉਤੇ ਪੁੱਜ ਕੇ ਹੋਣੀ ਮੇਰੇ ਜਰਫ ਅਤੇ ਸਬਰ ਦਾ ਇਮਤਿਹਾਨ ਲੈਂਦੀ ਹੈ? ਕਿਉਂ ਮੈਂ ਖੁਦ ਨਾਲ ਕੀਤੇ ਕੌਲ ਨਹੀਂ ਪੁਗਾ ਪਾਉਂਦਾ ਹਾਂ? ਕਿਉਂ ਆਪਣੀ ਮੰਜ਼ਿਲ ਨੂੰ ਸਾਹਮਣੇ ਦੇਖ ਕੇ ਵੀ ਮੈਂ ਆਪਣੀ ਮੰਜ਼ਿਲ ਨੂੰ ਪਾਉਣ ਤੋਂ ਖੁੰਝ ਜਾਂਦਾ ਹਾਂ? ਕਿਉਂ ਜ਼ਿੰਦਗੀ ਦੇ ਦੁਸ਼ਵਾਰ ਰਾਹਾਂ ਦੀ ਕਸਕ ਤੋਂ ਮੈਨੂੰ ਨਿਜ਼ਾਤ ਹਾਸਲ ਨਹੀਂ ਹੁੰਦੀ? ਕਿਉਂ ਸਭ ਕੁਝ ਜਾਣਦਿਆਂ ਬੁਝਦਿਆਂ ਵੀ ਮੈਂ ਆਪਣੇ ਨੁਕਤਾ-ਏ-ਨਿਗਾਹ ਨੂੰ ਦਰੁਸਤ ਨਹੀਂ ਕਰ ਪਾਉਂਦਾ ਹਾਂ? ਕਿਉਂ ਜ਼ਿੰਦਗੀ ਨੂੰ ਕਿਸੇ ਅਲੱਗ ਜ਼ਾਵੀਏ ਤੋਂ ਗੁਜ਼ਾਰਨ ਦੀ ਕੋਸ਼ਿਸ਼ ਕਰਦਿਆਂ ਮੈਨੂੰ ਕਾਮਯਾਬੀ ਨਹੀਂ ਮਿਲਦੀ? ਕਿਉਂ ਵਜੂਦ ਨੂੰ ਅਲੱਗ ਪਛਾਣ ਦੁਆਉਣ ਦੀ ਹਰ ਕੋਸ਼ਿਸ਼ ਕੋਈ ਮੁਨਫ਼ਰਿਦ ਮੁਕਾਮ ਦੁਆਉਣ ਦੀ ਬਜਾਏ ਮੈਨੂੰ ਭੀੜ ਦਾ ਹਿੱਸਾ ਬਣਾ ਦਿੰਦੀ ਹੈ? ਕਿਉਂ ਜ਼ਿੰਦਗੀ ਦਾ ਪੈਂਡਾ ਤੈਅ ਕਰਦਿਆਂ ਮੈਨੂੰ ਇੱਕ ਤੋਂ ਬਾਅਦ ਇੱਕ ਅੱਗ ਦਾ ਦਰਿਆ ਪਾਰ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ?

ਮੁਰਸ਼ਦ ਨੇ ਆਪਣੇ ਮੁਰੀਦ ਦੀ ਜ਼ਿਹਨੀ ਕੈਫ਼ੀਅਤ ਨੂੰ ਸਮਝਿਆ ਅਤੇ ਫ਼ਰਮਾਇਆ ਕਿ ਯਾਦ ਰੱਖੋ! ਜ਼ਿੰਦਗੀ ਵਿੱਚ ਇਹ ਕਦੇ ਵੀ ਦਾਅਵਾ ਨਾ ਕਰੋ ਕਿ ਤੁਸੀਂ ਸੱਚੇ ਦਿਲੋਂ ਕਦੇ ਇਬਾਦਤ ਕੀਤੀ, ਕਿਉਂਕਿ ਤੁਹਾਡੇ ਦਿਲ ਦਾ ਹਾਲ ਤੁਹਾਡੇ ਤੋਂ ਬਹੁਤ ਬੇਹਤਰ ਉਹ ਪਰਵਦਗਾਰ ਜਾਣਦਾ ਹੈ। ਜੇਕਰ ਤੁਸੀਂ ਆਪਣੇ ਐਬਾਂ ਤੇ ਗੁਨਾਹਾਂ ਦਾ ਪਛਤਾਵਾ ਦਿਲੋਂ ਨਹੀਂ ਕੀਤਾ ਹੈ ਅਤੇ ਤੁਹਾਡਾ ਪਛਤਾਵਾ ਕੁੱਝ ਪਲਾਂ ਤੱਕ ਹੀ ਮਹਿਦੂਦ ਹੈ ਤਾਂ ਪਛਤਾਵੇ ਵਿੱਚ ਤੁਹਾਡੀਆਂ ਸਿਲੀਆਂ ਅੱਖਾਂ ਤੁਹਾਨੂੰ ਕਦੇ ਵੀ ਤੁਹਾਨੂੰ ਆਪਣੇ ਜ਼ਮੀਰ ਦੀ ਅਦਾਲਤ ਵਿੱਚ ਸੁਰਖ਼ੁਰੂ ਨਹੀਂ ਹੋਣ ਦੇਣਗੀਆਂ। ਇਸ ਨੂੰ ਮਨੁੱਖ ਦੀ ਬੁਨਿਆਦੀ ਫ਼ਿਤਰਤ ਕਹਿਣਾ ਹੀ ਠੀਕ ਹੋਵੇਗਾ ਕਿ ਮਨੁੱਖ ਆਪਣੇ ਵੱਲੋਂ ਬੁਣੇ ਖਿਆਲਾਂ ਦੇ ਸੰਸਾਰ ਵਿੱਚ ਖੁਦ ਨੂੰ ਹਮੇਸ਼ਾ ਦੂਸਰਿਆਂ ਦੇ ਮੁਕਾਬਲੇ ਬਹੁਤ ਬੇਹਤਰ, ਪਾਕ ਸਾਫ਼, ਜ਼ਹੀਨ, ਮਾਸੂਮ, ਨਿਰਛਲ ਅਤੇ ਨਿਸ਼ਪਾਪ ਸਮਝਣ ਦੀ ਹਮੇਸ਼ਾ ਭੁੱਲ ਕਰਦਾ ਹੈ।

ਮਨੁੱਖ ਇਹ ਸੋਚਦਾ ਹੈ ਕਿ ਜਿਵੇਂ ਇਬਾਦਤ ਕੋਈ ਅਜਿਹਾ ਲਿਬਾਸ ਹੈ, ਜਿਸ ਨੂੰ ਪਹਿਣ ਕੇ ਉਹ ਆਪਣੇ ਸੋਹਣੇ ਰੱਬ ਦੀ ਦਰਗਾਹ ਉੱਪਰ ਸੁਰਖ਼ੁਰੂ ਹੋ ਜਾਵੇਗਾ। ਉਹ ਇਹ ਸਮਝਣ ਤੋਂ ਵੀ ਅਸਮਰਥ ਰਹਿੰਦਾ ਹੈ ਕਿ ਇਬਾਦਤ ਕੋਈ ਲਿਬਾਸ ਨਹੀਂ, ਬਲਕਿ ਇੱਕ ਅਭਿਆਸ ਹੈ, ਇੱਕ ਅਨੁਭਵ ਹੈ ਅਤੇ ਆਪਣੇ ਆਪ ਵਿੱਚ ਇੱਕ ਮੁਕੰਮਲ ਤਰਜ਼-ਏ-ਜ਼ਿੰਦਗੀ ਹੈ। ਸਿਜਦੇ ਵਿੱਚ ਝੁਕੀ ਹੋਈ ਦੇਹ ਕਦੇ ਵੀ ਇਸ ਗੱਲ ਦੀ ਪੁਸ਼ਟੀ ਹਰਗਿਜ਼ ਨਹੀਂ ਕਰਦੀ ਹੈ ਕਿ ਇਨਸਾਨ ਦੇ ਅੰਦਰ ਹੁਣ ਕੋਈ ਚੋਰ ਨਹੀਂ ਹੈ। ਇਨਸਾਨ ਹਰ ਪਲ ਆਪ ਹੀ ਗੁਨਾਹ ਕਰਕੇ ਆਪਣੇ ਆਪ ਨੂੰ ਹਰ ਗੁਨਾਹ ਤੋਂ ਬਰੀ ਕਰਨ ਦੀ ਵਿਅਰਥ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਉਹ ਇਹ ਅਕਸਰ ਭੁੱਲ ਜਾਂਦਾ ਹੈ ਕਿ ਤੋਬਾ ਕੇਵਲ ਇੱਕ ਸ਼ਬਦ ਹੀ ਨਹੀਂ, ਸਗੋਂ ਅਹਿਸਾਸ-ਏ-ਜ਼ੁਰਮ ਤੋਂ ਨਿਜ਼ਾਤ ਪਾਉਣ ਅਤੇ ਅੱਗੋਂ ਵਾਸਤੇ ਗੁਨਾਹਾਂ ਦੇ ਰਸਤੇ ਦਾ ਤਿਆਗ ਕਰਨ ਲਈ ਖੁਦ ਨੂੰ ਤਿਆਰ-ਬਰ-ਤਿਆਰ ਰੱਖਣ ਦਾ ਇੱਕ ਰੂਹਾਨੀ ਅਭਿਆਸ ਵੀ ਹੈ। ਮੁਰਸ਼ਦ ਨੇ ਫ਼ਰਮਾਇਆ ਕਿ ਇਹ ਵੀ ਯਾਦ ਰੱਖੋ ਕਿ ਮੰਜ਼ਿਲ ਦੀ ਖਾਹਿਸ਼ ਰੱਖਦੇ ਹੋਏ ਜਿਉਂਦੇ ਜੀਅ ਇਨਸਾਨ ਲਈ ਰਾਹਾਂ ਦੀ ਕਸਕ ਤੋਂ ਪੱਲਾ ਬਚਾਉਣਾ ਕਦੇ ਵੀ ਸੰਭਵ ਨਹੀਂ। ਉਸ ਲਈ ਆਪਣਾ ਹਰ ਐਬ ਛੁਪਾਉਂਦੇ ਹੋਏ ਖੁਦ ਨੂੰ ਮਾਸੂਮ ਕਰਾਰ ਦੇਣਾ ਵੀ ਮੁਨਾਸਿਬ ਨਹੀਂ। ਜ਼ਿੰਦਗੀ ਦੇ ਸਫ਼ਰ ਦੌਰਾਨ ਹਰ ਅਜ਼ਮਾਇਸ਼ ਵਿੱਚੋਂ ਸੁਰਖ਼ੁਰੂ ਹੋਣ ਦਾ ਖ਼ਵਾਬ ਦੇਖਣ ਵਾਲਿਆਂ ਲਈ ਅੱਗ ਦੇ ਦਰਿਆ ਪਾਰ ਕਰਨ ਤੋਂ ਝਿਜਕਣਾ ਵੀ ਕਿਸੇ ਪੱਖੋਂ ਵਾਜਿਬ ਨਹੀਂ। ਉਸ ਲਈ ਆਪਣੇ ਵਜੂਦ ਨੂੰ ਅਲੱਗ ਪਛਾਣ ਦੁਆਉਣ ਦੀ ਕੋਸ਼ਿਸ਼ ਕਰਦੇ ਸਮੇਂ ਭੀੜ ਵੱਲੋਂ ਆਮ ਤੌਰ ਉੱਪਰ ਅਖਤਿਆਰ ਕੀਤੇ ਜਾਣ ਵਾਲੇ ਹੱਥਕੰਡੇ ਅਪਣਾਉਣਾ ਵੀ ਉਚਿਤ ਨਹੀਂ।

ਮੁਰਸ਼ਦ ਨੇ ਇਹ ਵੀ ਫ਼ੁਰਮਾਇਆ ਕਿ ਆਪਣੀ ਹਯਾਤੀ ਦੇ ਸਫ਼ਰ ਦੌਰਾਨ ਕੇਵਲ ਨੇਕ ਇਰਾਦਿਆਂ ਨਾਲ ਇਨਸਾਨ ਦਾ ਬੇੜਾ ਕਦੇ ਪਾਰ ਨਹੀਂ ਹੁੰਦਾ ਹੈ। ਜਦੋਂ ਤੱਕ ਅਮਲ ਦੇ ਪੱਧਰ ਉੱਪਰ ਤੁਹਾਡੇ ਨੇਕ ਖ਼ਿਆਲ ਹਰ ਇਮਤਿਹਾਨ ਵਿੱਚੋਂ ਨਹੀਂ ਗੁਜ਼ਰਦੇ ਹਨ, ਤਦ ਤੱਕ ਤੁਹਾਡੇ ਨੇਕ ਅਤੇ ਪਾਕ ਦਾਮਨ ਹੋਣ ਦੀ ਪ੍ਰੋੜਤਾ ਨਹੀਂ ਕੀਤੀ ਜਾ ਸਕਦੀ ਹੈ। ਮੁਰਸ਼ਦ ਨੇ ਫ਼ਰਮਾਇਆ ਕਿ ਤੁਹਾਡੇ ਬਹੁਤੇ ਮਸਲੇ ਕਿਸੇ ਵਰਤਾਰੇ, ਸ਼ਖਸ ਜਾਂ ਮੁੱਦੇ ਬਾਰੇ ਤੁਹਾਡੇ ਨੁਕਤਾ-ਏ-ਨਿਗਾਹ ਅਤੇ ਤੁਹਾਡੀ ਤਰਜ਼-ਏ-ਜ਼ਿੰਦਗੀ ਦੇ ਦਰੁਸਤ ਨਾ ਹੋਣ ਕਾਰਨ ਪੈਦਾ ਹੁੰਦੇ ਹਨ।

ਜੇਕਰ ਤੁਸੀਂ ਆਪਣੇ ਜ਼ਾਵੀਏ ਦੀ ਨਿਰਪੱਖ ਰਹਿੰਦੇ ਹੋਏ ਪੜਚੋਲ ਕਰੋ ਤਾਂ ਤੁਹਾਨੂੰ ਸਹਿਜੇ ਹੀ ਇਹ ਮਹਿਸੂਸ ਹੋਵੇਗਾ ਕਿ ਜ਼ਿੰਦਗੀ ਨੂੰ ਸਮਝਣ ਅਤੇ ਇਸ ਸੰਸਾਰ ਨੂੰ ਜਾਣਨ ਲਈ ਤੁਹਾਨੂੰ ਆਪਣੇ ਦ੍ਰਿਸ਼ਟੀਕੋਣ ਨੂੰ ਬਦਲਣ ਦੀ ਕਿੰਨੀ ਜ਼ਿਆਦਾ ਲੋੜ ਹੈ। ਲਿਹਾਜ਼ਾ ਇਹ ਮੰਨ ਕੇ ਚੱਲੋ ਕਿ ਜ਼ਿੰਦਗੀ ਵਿੱਚ ਆਪਣੇ ਅਮਲਾਂ ਉਤੇ ਪਹਿਰਾ ਦੇਣ ਦੀ ਤੁਹਾਨੂੰ ਲੋੜ ਹੁੰਦੀ ਹੈ, ਕਿਉਂਕਿ ਕੇਵਲ ਤੁਹਾਡੇ ਵੱਲੋਂ ਕੀਤੇ ਜਾਣ ਵਾਲੇ ਵੱਡੇ-ਵੱਡੇ ਦਾਅਵਿਆਂ ਨਾਲ ਜ਼ਿੰਦਗੀ ਵਿੱਚ ਕੋਈ ਵੀ ਸਕਾਰਾਤਮਕ, ਰਚਨਾਤਮਕ ਜਾਂ ਸਾਰਥਿਕ ਪਰਿਵਰਤਨ ਨਹੀਂ ਆਉਂਦਾ ਹੈ। ਜਿੱਥੋਂ ਤੱਕ ਸੰਭਵ ਹੋ ਸਕੇ ਆਪਣੀ ਕਥਨੀ ਤੇ ਕਰਨੀ ਵਿਚਲੇ ਫ਼ਾਸਲੇ ਨੂੰ ਮਿਟਾਉਣ ਦਾ ਨਿਰੰਤਰ ਅਭਿਆਸ ਕਰਦੇ ਰਹੋ। ਉਸ ਪਰਵਦਗਾਰ ਦੀ ਨਜ਼ਰ-ਏ-ਕਰਮ ਅਤੇ ਰਹਿਮਤ ਦਾ ਪਾਤਰ ਬਣਨ ਲਈ ਸਬਰ, ਸ਼ੁਕਰ ਅਤੇ ਨੇਕੀ ਦਾ ਪੱਲਾ ਘੁੱਟ ਕੇ ਫੜੀ ਰੱਖੋ। ਉਸ ਨਿਰੰਕਾਰ ਕੋਲੋਂ ਛਿੰਨ ਮਾਤਰ ਲਾਲਚ ਵਸ ਕੀਤੀ ਗਈ ਇਬਾਦਤ ਦੇ ਇਵਜ਼ ਵਿੱਚ ਨਿਗੁਣੀਆਂ ਸ਼ੈਆਂ ਨਾ ਮੰਗੋ। ਦਿਖਾਵੇ ਲਈ ਕੀਤੇ ਨੇਕ ਅਮਲਾਂ ਦੀ ਨੁਮਾਇਸ਼ ਲਗਾ ਕੇ ਦੂਜਿਆਂ ਦੇ ਮੁਕਾਬਲੇ ਕਾਬਿਲ-ਏ-ਮੁਹਤਰਮ ਜਾਂ ਮੋਹਤਬਰ ਹੋਣ ਦਾ ਢੌਂਗ ਰਚਾਉਣ ਤੋਂ ਪਹਿਲਾਂ ਆਪਣੇ ਗਿਰੇਬਾਨ ਵਿੱਚ ਹਰ ਰੋਜ਼ ਇੱਕ ਵਾਰ ਝਾਤ ਜ਼ਰੂਰ ਮਾਰਿਆ ਕਰੋ!

*(*ਪ੍ਰਿੰਸੀਪਲ, ਗੁਰੂ ਨਾਨਕ ਖਾਲਸਾ ਕਾਲਜ, ਯਮੁਨਾ ਨਗਰ, ਹਰਿਆਣਾ)*


**ਬੱਚੇ ਆਨਲਾਈਨ... ਜ਼ਿੰਦਗੀ ਆਫ਼ਲਾਈਨ**

# ਸਕਰੀਨਾਂ ਦੀ ਚਮਕ ਵਿੱਚ ਧੁੰਦਲਾਅ ਰਿਹਾ ਬਚਪਨ

**ਕਮਲ ਦੁਸਾਂਝ**

## *16 ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਲਗੇਗੀ ਪਾਬੰਦੀ?

ਬੱਚੇ ਦੇ ਜਾਗਣ ਤੋਂ ਲੈ ਕੇ ਸੌਣ ਤਕ ਭਾਵ ਉਸ ਦੀ ਹਰ ਕਿਰਿਆ ਸੋਸ਼ਲ ਮੀਡੀਆ ਕੰਟਰੋਲ ਕਰਦਾ ਹੈ। ਦਾਦੀਆਂ-ਨਾਨੀਆਂ ਦੀਆਂ ਕਵਿਤਾ, ਕਹਾਣੀਆਂ, ਲੋਰੀਆਂ ਦੀ ਥਾਂ ਸੋਸ਼ਲ ਮੀਡੀਆ ਬੱਚਿਆਂ ਨੂੰ 'ਕਾਰਟੂਨ' ਬਣਾ ਰਿਹਾ ਹੈ। ਮਾਪਿਆਂ ਦੀ ਤੇਜ਼-ਰਫ਼ਤਾਰ ਜ਼ਿੰਦਗੀ ਨੇ ਮਾਸੂਮਾਂ ਨੂੰ ਇਨ੍ਹਾਂ ਉਤੇ ਪੂਰੀ ਤਰ੍ਹਾਂ ਨਿਰਭਰ ਕਰ ਦਿਤਾ ਹੈ। ਇਸ ਨਾਲ ਆਏ ਵੱਡੇ ਵਿਕਾਰਾਂ ਮਗਰੋਂ ਹੁਣ ਇਸ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਪਰ ਇਹ ਬਹੁਤ ਵੱਡੀ ਚੁਣੌਤੀ ਬਣ ਕੇ ਸਾਡੇ ਸਾਰਿਆਂ ਸਾਹਮਣੇ ਖੜੀ ਹੈ। ਭਾਰਤ



ਸਰਕਾਰ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾਉਣ ਬਾਰੇ ਚਰਚਾ ਕਰ ਰਹੀ ਹੈ। ਭਾਰਤ ਦੇ ਸੂਚਨਾ ਤਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਐਲਾਨ ਕੀਤਾ ਕਿ ਭਾਰਤ ਸੋਸ਼ਲ ਮੀਡੀਆ ਕੰਪਨੀਆਂ ਨਾਲ ਉਮਰ-ਆਧਾਰਤ ਪਾਬੰਦੀਆਂ 'ਤੇ ਚਰਚਾ ਕਰ ਰਿਹਾ ਹੈ। ਹਾਲ ਹੀ ਵਿੱਚ ਆਸਟਰੇਲੀਆ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾ ਦਿਤੀ ਹੈ। ਫਰਾਂਸ ਅਤੇ ਯੂਨਾਈਟਿਡ ਕਿੰਗਡਮ ਨੇ ਮਾਪਿਆਂ ਦੀ ਸਹਿਮਤੀ ਅਤੇ ਉਮਰ ਸੀਮਾਵਾਂ ਸਬੰਧੀ ਸਖ਼ਤ ਕਾਨੂੰਨ ਬਣਾਏ ਹਨ। ਭਾਰਤ ਵਿੱਚ ਵੀ ਇਸੇ ਤਰ੍ਹਾਂ ਦੀ ਪਾਬੰਦੀ ਬਾਰੇ ਚਰਚਾ ਸ਼ੁਰੂ ਹੋ ਗਈ ਹੈ।

ਨਵੀਂ ਦਿੱਲੀ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਸੰਮੇਲਨ ਦੌਰਾਨ ਬੋਲਦਿਆਂ ਕੇਂਦਰੀ ਮੰਤਰੀ ਵੈਸ਼ਨਵ ਨੇ ਡੀਪਫੇਕ 'ਤੇ ਸਖ਼ਤ ਨਿਯਮਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਅਤੇ ਅਗਲੇ ਦੋ ਸਾਲਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਵਿੱਚ ਅੰਦਾਜ਼ਨ 200 ਅਰਬ ਡਾਲਰ ਨਿਵੇਸ਼ ਦੀ ਪ੍ਰਸ਼ੰਸਾ ਕੀਤੀ। ਵੈਸ਼ਨਵ ਨੇ ਕਿਹਾ, "ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪਾਬੰਦੀ ਲਗਾਉਣਾ ਅਜਿਹਾ ਮੁੱਦਾ ਹੈ, ਜਿਸ ਨੂੰ ਬਹੁਤ ਸਾਰੇ ਦੇਸ਼ ਹੁਣ ਪਛਾਣ ਰਹੇ ਹਨ ਅਤੇ ਸੋਚ ਰਹੇ ਹਨ ਕਿ ਉਮਰ-ਆਧਾਰਤ ਪਾਬੰਦੀਆਂ ਦੀ ਲੋੜ ਹੈ। ਅਸੀਂ ਇਸ ਸਮੇਂ ਡੀਪਫੇਕਸ ਅਤੇ ਉਮਰ-ਆਧਾਰਤ ਪਾਬੰਦੀਆਂ ਬਾਰੇ ਕਈ ਸੋਸ਼ਲ ਮੀਡੀਆ ਪਲੈਟਫਾਰਮਾਂ ਨਾਲ ਚਰਚਾ ਕਰ ਰਹੇ ਹਾਂ ਅਤੇ ਇਸ ਮੁੱਦੇ ਨੂੰ ਹੱਲ ਕਰਨ ਲਈ ਢੁਕਵੀਂ ਪਹੁੰਚ ਦੀ ਪੜਚੋਲ ਕਰ ਰਹੇ ਹਾਂ।"

ਇਹ ਚਰਚਾ ਸਿਰਫ਼ ਭਾਰਤ ਤੱਕ ਸੀਮਿਤ ਨਹੀਂ ਹੈ। ਦੁਨੀਆ ਭਰ ਵਿੱਚ ਸਰਕਾਰਾਂ ਅਤੇ ਮਾਹਰ ਇਸ ਗੱਲ ਨੂੰ ਲੈ ਕੇ ਚਿੰਤਿਤ ਹਨ ਕਿ ਸੋਸ਼ਲ ਮੀਡੀਆ ਬੱਚਿਆਂ ਦੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ। ਯੂਨੀਸੇਫ਼ ਦੀ ਇੱਕ ਰਿਪੋਰਟ ਅਨੁਸਾਰ ਦੁਨੀਆ ਭਰ ਵਿੱਚ ਲਗਭਗ 33 ਫ਼ੀਸਦੀ ਇੰਟਰਨੈੱਟ ਵਰਤੋਂਕਾਰ ਬੱਚੇ ਹਨ। ਭਾਰਤ ਵਿੱਚ ਹੀ ਲਗਭਗ 85 ਕਰੋੜ ਇੰਟਰਨੈੱਟ ਵਰਤੋਂਕਾਰ ਹਨ ਅਤੇ ਉਨ੍ਹਾਂ ਵਿੱਚੋਂ ਵੱਡੀ ਗਿਣਤੀ ਨਾਬਾਲਗਾਂ ਦੀ ਹੈ। ਇੱਕ ਹਾਲੀਆ ਸਰਵੇਖਣ ਮੁਤਾਬਕ ਭਾਰਤ ਵਿੱਚ 13 ਤੋਂ 17 ਸਾਲ ਦੇ ਲਗਭਗ 75 ਫ਼ੀਸਦੀ ਬੱਚੇ ਰੋਜ਼ਾਨਾ ਸੋਸ਼ਲ ਮੀਡੀਆ ਵਰਤਦੇ ਹਨ ਅਤੇ ਉਨ੍ਹਾਂ ਵਿੱਚੋਂ 40 ਫ਼ੀਸਦੀ ਬੱਚੇ ਦਿਨ ਵਿੱਚ 4 ਘੰਟਿਆਂ ਤੋਂ ਵੱਧ ਸਮਾਂ ਸਕਰੀਨ 'ਤੇ ਬਿਤਾਉਂਦੇ ਹਨ।

ਕੋਵਿਡ-19 ਮਹਾਂਮਾਰੀ ਤੋਂ ਬਾਅਦ ਇਹ ਰੁਝਾਨ ਹੋਰ ਵਧ ਗਿਆ ਹੈ। ਆਨਲਾਈਨ ਪੜ੍ਹਾਈ ਦੇ ਨਾਂ 'ਤੇ ਬੱਚਿਆਂ ਦੇ ਹੱਥ ਵਿੱਚ ਮੋਬਾਈਲ ਆ ਗਿਆ ਅਤੇ ਹੌਲੀ-ਹੌਲੀ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਗਿਆ। ਅੱਜ ਬਹੁਤ ਸਾਰੇ ਬੱਚੇ ਸਵੇਰੇ ਉੱਠਦਿਆਂ ਹੀ ਮੋਬਾਈਲ ਦੇਖਦੇ ਹਨ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਵੀ ਉਹੀ ਕਰਦੇ ਹਨ। ਇਸ ਨਾਲ ਉਨ੍ਹਾਂ ਦੀ ਸਰੀਰਕ ਗਤੀਵਿਧੀ ਘੱਟ ਹੋ ਰਹੀ ਹੈ ਅਤੇ ਉਹ ਖੇਡਾਂ, ਕਿਤਾਬਾਂ ਅਤੇ ਪਰਿਵਾਰਕ ਗੱਲਬਾਤ ਤੋਂ ਦੂਰ ਹੋ ਰਹੇ ਹਨ।

### ਭਾਰਤੀ ਮਾਹਰਾਂ ਮੁਤਾਬਕ ਮੁੱਖ ਚੁਣੌਤੀਆਂ

ਭਾਰਤੀ ਮਾਹਰਾਂ ਮੁਤਾਬਕ ਸਭ ਤੋਂ ਵੱਡੀ ਮੁਸ਼ਕਲ ਤਾਂ ਉਮਰ ਦੀ ਪੁਸ਼ਟੀ ਕਰਨਾ ਹੈ। ਪਲੈਟਫਾਰਮਾਂ ਨੂੰ ਲਾਜ਼ਮੀ ਬਣਾਉਣਾ ਪਵੇਗਾ ਕਿ ਉਹ ਬੱਚਿਆਂ ਦੀ ਉਮਰ ਚੈੱਕ ਕਰਨ, ਪਰ ਇਹ ਟੈਕਨਾਲੋਜੀ ਅਜੇ ਪੂਰੀ ਤਰ੍ਹਾਂ ਭਰੋਸੇਯੋਗ ਨਹੀਂ। ਫੇਸ ਸਕੈਨ ਜਾਂ ਏ.ਆਈ. ਐਸਟੀਮੇਸ਼ਨ ਵਿੱਚ 25-35 ਫ਼ੀਸਦ ਗ਼ਲਤੀਆਂ ਹੁੰਦੀਆਂ ਹਨ; ਖਾਸ ਕਰ ਕੇ 10-15 ਸਾਲ ਵਾਲਿਆਂ ਵਿੱਚ। ਭਾਰਤ ਵਿੱਚ ਬਹੁਤ ਸਾਰੇ ਅਕਾਊਂਟਸ ਫੈਮਿਲੀ ਮੈਂਬਰ ਜਾਂ ਦੋਸਤਾਂ ਨਾਲ਼ ਬਣਾਏ ਜਾਂਦੇ ਹਨ। ਬੱਚੇ ਵੀ.ਪੀ.ਐਨ., ਫੇਕ ਬਰਥਡੇਅ, ਨਵੇਂ ਅਕਾਊਂਟਸ ਜਾਂ ਅਣ-ਰੈਗੂਲੇਟਿਡ ਐਪਸ ਜਾਂ ਅਣਜਾਣ ਪਲੈਟਫਾਰਮ ਵਰਤ ਕੇ ਬੈਨ ਤੋੜ ਲੈਣਗੇ। ਆਸਟਰੇਲੀਆ ਵਿੱਚ ਵੀ ਇਹੀ ਹੋ ਰਿਹਾ ਹੈ ਅਤੇ ਭਾਰਤ ਵਿੱਚ ਤਾਂ ਵੀ.ਪੀ.ਐਨ. ਬਹੁਤ ਆਸਾਨੀ ਨਾਲ ਮਿਲ ਜਾਂਦੇ ਨੇ। ਇਸ ਨਾਲ ਬੱਚੇ ਹੋਰ ਅਸੁਰੱਖਿਅਤ ਥਾਵਾਂ 'ਤੇ ਚਲੇ ਜਾਣਗੇ, ਜਿੱਥੇ ਨਿਗਰਾਨੀ ਘੱਟ ਹੈ। ਉਮਰ ਚੈੱਕ ਲਈ ਆਧਾਰ ਕਾਰਡ, ਫੇਸ ਸਕੈਨ ਜਾਂ ਹੋਰ ਆਈ.ਡੀ. ਮੰਗਣ ਨਾਲ ਬੱਚਿਆਂ ਦਾ ਸੈਂਸੇਟਿਵ ਡਾਟਾ ਖ਼ਤਰੇ ਵਿੱਚ ਪੈ ਸਕਦਾ ਹੈ। ਭਾਰਤ ਵਿੱਚ ਪਹਿਲਾਂ ਹੀ ਡਾਟਾ ਬ੍ਰੀਚ ਦੀਆਂ ਘਟਨਾਵਾਂ ਬਹੁਤ ਹਨ। ਇਸ ਤੋਂ ਇਲਾਵਾ ਕਾਨੂੰਨੀ ਅਤੇ ਸੰਵਿਧਾਨਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ (NCRB) ਦੇ ਅੰਕੜਿਆਂ ਮੁਤਾਬਕ ਭਾਰਤ ਵਿੱਚ ਸਾਈਬਰ ਅਪਰਾਧਾਂ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ। 2022 ਵਿੱਚ ਲਗਭਗ 65,000 ਸਾਈਬਰ ਅਪਰਾਧ ਦਰਜ ਹੋਏ, ਜਿਨ੍ਹਾਂ ਵਿੱਚ ਵੱਡੀ ਗਿਣਤੀ ਨੌਜਵਾਨਾਂ ਅਤੇ ਬੱਚਿਆਂ ਨਾਲ ਜੁੜੀ ਸੀ। ਇਹ ਦਰਸਾਉਂਦਾ ਹੈ ਕਿ ਆਨਲਾਈਨ ਦੁਨੀਆ ਬੱਚਿਆਂ ਲਈ ਕਿੰਨੀ ਖ਼ਤਰਨਾਕ ਹੋ ਸਕਦੀ ਹੈ।

### ਸਮਾਜਕ ਅਤੇ ਮਾਨਸਿਕ ਪ੍ਰਭਾਵ

ਬੱਚੇ ਇਕੱਲਤਾ ਮਹਿਸੂਸ ਕਰ ਸਕਦੇ ਹਨ, ਦੋਸਤਾਂ ਨਾਲ ਸੰਪਰਕ ਟੁੱਟ ਸਕਦੇ ਹਨ ਜਾਂ ਸਟੱਡੀ/ਇਨਫਰਮੇਸ਼ਨ ਗਰੁੱਪਸ ਤੋਂ ਵਾਂਝੇ ਰਹਿ ਸਕਦੇ ਹਨ। ਕੁਝ ਮਾਹਰ ਕਹਿੰਦੇ ਹਨ ਕਿ ਇਹ ਬੱਚਿਆਂ ਨੂੰ ਸਹਿਣਸ਼ੀਲਤਾ ਸਿੱਖਣ ਤੋਂ ਵਾਂਝਾ ਕਰ ਦੇਵੇਗਾ। ਭਾਰਤ ਵਿੱਚ ਨਾਬਾਲਗਾਂ ਨੇ ਪਹਿਲਾਂ ਹੀ ਕਿਹਾ ਹੈ ਕਿ ਉਹ ਇਸ ਨੂੰ ਬਾਈਪਾਸ ਕਰ ਲੈਣਗੇ। ਪਲੈਟਫਾਰਮਾਂ (ਮੈਟਾ, ਗੂਗਲ ਆਦਿ) ਨੂੰ ਭਾਰੀ ਜੁਰਮਾਨੇ ਲੱਗ ਸਕਦੇ ਹਨ, ਪਰ ਉਹ ਕਹਿੰਦੇ ਨੇ ਕਿ ਇਹ ਬਹੁਤ ਮੁਸ਼ਕਲ ਹੈ। ਭਾਰਤ ਦੀ ਵੱਡੀ ਮਾਰਕੀਟ ਵਿੱਚ ਇਹ ਲਾਗੂ ਕਰਨਾ ਆਸਟਰੇਲੀਆ ਨਾਲੋਂ ਵੀ ਵੱਡੀ ਚੁਣੌਤੀ ਹੈ। ਜ਼ਿਆਦਾਤਰ ਮਾਹਰ ਕਹਿੰਦੇ ਹਨ ਕਿ ਸਿਰਫ਼ ਪਾਬੰਦੀ ਨਾਲ ਨਹੀਂ ਚੱਲੇਗਾ, ਬਲਕਿ ਬਿਹਤਰ ਸਿੱਖਿਆ, ਮਾਪਿਆਂ ਦਾ ਕੰਟਰੋਲ ਅਤੇ ਪਲੈਟਫਾਰਮਾਂ 'ਤੇ ਜ਼ਿੰਮੇਵਾਰੀ ਵਧਾਉਣ ਨਾਲ ਵਧੇਰੇ ਫ਼ਾਇਦਾ ਹੋਵੇਗਾ।

ਮਨੋਵਿਗਿਆਨਕ ਮਾਹਰਾਂ ਮੁਤਾਬਕ ਸੋਸ਼ਲ ਮੀਡੀਆ ਦੀ ਜ਼ਿਆਦਾ ਵਰਤੋਂ ਨਾਲ ਬੱਚਿਆਂ ਵਿੱਚ ਚਿੰਤਾ, ਡਿਪ੍ਰੈਸ਼ਨ ਅਤੇ ਆਤਮ-ਵਿਸ਼ਵਾਸ ਦੀ ਘਾਟ ਵੱਧ ਰਹੀ ਹੈ। ਭਾਰਤ ਦੀ ਇੱਕ ਮਨੋਵਿਗਿਆਨਕ ਸੰਸਥਾ ਦੇ ਅਧਿਐਨ ਅਨੁਸਾਰ ਲਗਭਗ 30 ਫ਼ੀਸਦੀ ਗਭਰੇਟਾਂ ਨੇ ਮੰਨਿਆ ਕਿ ਸੋਸ਼ਲ ਮੀਡੀਆ ਉਨ੍ਹਾਂ ਦੇ ਮਨ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ। ਇਸ ਤੋਂ ਇਲਾਵਾ ਅੱਖਾਂ ਦੀਆਂ ਸਮੱਸਿਆਵਾਂ, ਨੀਂਦ ਦੀ ਘਾਟ ਅਤੇ ਸਰੀਰਕ ਕਮਜ਼ੋਰੀ ਵੀ ਵੱਧ ਰਹੀ ਹੈ।

ਵਿਸ਼ਵ ਸਿਹਤ ਸੰਸਥਾ (WHO) ਮੁਤਾਬਕ 5 ਤੋਂ 17 ਸਾਲ ਦੇ ਬੱਚਿਆਂ ਨੂੰ ਹਰ ਰੋਜ਼ ਘੱਟੋ-ਘੱਟ ਇੱਕ ਘੰਟਾ ਸਰੀਰਕ ਗਤੀਵਿਧੀ ਕਰਨੀ ਚਾਹੀਦੀ ਹੈ, ਪਰ ਅੱਜ ਦੇ ਬੱਚੇ ਜ਼ਿਆਦਾਤਰ ਸਮਾਂ ਸਕਰੀਨ ਦੇ ਸਾਹਮਣੇ ਬਿਤਾਉਂਦੇ ਹਨ। ਇਸ ਨਾਲ ਉਨ੍ਹਾਂ ਦੀ ਸਿਹਤ 'ਤੇ ਲੰਬੇ ਸਮੇਂ ਦਾ ਅਸਰ ਪੈ ਸਕਦਾ ਹੈ।

### ਸੰਤੁਲਨ ਦੀ ਲੋੜ ਅਤੇ ਭਵਿੱਖ ਦੀ ਚੁਣੌਤੀ

ਇਹ ਸੱਚ ਹੈ ਕਿ ਤਕਨਾਲੋਜੀ ਨੂੰ ਪੂਰੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ। ਇਹ ਅੱਜ ਦੇ ਸਮੇਂ ਦੀ ਲੋੜ ਹੈ; ਪਰ ਇਸ ਦੀ ਵਰਤੋਂ 'ਤੇ ਕੰਟਰੋਲ ਬਹੁਤ ਜ਼ਰੂਰੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਸਕਰੀਨ ਸਮੇਂ 'ਤੇ ਨਿਗਰਾਨੀ ਰੱਖਣ ਅਤੇ ਉਨ੍ਹਾਂ ਨੂੰ ਖੇਡਾਂ, ਕਿਤਾਬਾਂ ਅਤੇ ਸਮਾਜਕ ਗਤੀਵਿਧੀਆਂ ਵੱਲ ਪ੍ਰੇਰਿਤ ਕਰਨ।

ਸਰਕਾਰਾਂ ਲਈ ਵੀ ਇਹ ਇੱਕ ਵੱਡੀ ਚੁਣੌਤੀ ਹੈ ਕਿ ਉਹ ਤਕਨਾਲੋਜੀ ਦੇ ਫ਼ਾਇਦਿਆਂ ਨੂੰ ਕਾਇਮ ਰੱਖਦੇ ਹੋਏ ਬੱਚਿਆਂ ਨੂੰ ਇਸ ਦੇ ਨੁਕਸਾਨ ਤੋਂ ਕਿਵੇਂ ਬਚਾਉਣ। ਆਸਟਰੇਲੀਆ ਤੇ ਯੂਰਪ ਦੇ ਕਦਮ ਦਰਸਾਉਂਦੇ ਹਨ ਕਿ ਦੁਨੀਆ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਭਾਰਤ ਵੀ ਇਸ ਦਿਸ਼ਾ ਵਿੱਚ ਕਦਮ ਚੁੱਕ ਰਿਹਾ ਹੈ।

ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਬੱਚਿਆਂ ਨੂੰ ਤਕਨਾਲੋਜੀ ਦੇ ਗੁਲਾਮ ਬਣਨ ਤੋਂ ਬਚਾਈਏ ਅਤੇ ਉਨ੍ਹਾਂ ਨੂੰ ਅਸਲ ਜ਼ਿੰਦਗੀ ਨਾਲ ਜੋੜੀਏ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਬੱਚੇ ਪੂਰੀ ਤਰ੍ਹਾਂ ਆਨਲਾਈਨ ਹੋ ਜਾਣਗੇ ਅਤੇ ਉਨ੍ਹਾਂ ਦੀ ਜ਼ਿੰਦਗੀ ਆਫ਼ਲਾਈਨ ਰਹਿ ਜਾਵੇਗੀ। ਸਕਰੀਨਾਂ ਦੀ ਚਮਕ ਵਿੱਚ ਬਚਪਨ ਦੀ ਅਸਲੀ ਰੌਸ਼ਨੀ ਧੁੰਦਲੀ ਹੋਣ ਤੋਂ ਬਚਾਉਣਾ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।

# ਮਨੁੱਖੀ ਅਧਿਕਾਰਾਂ ਅਤੇ ਨਿਆਂ ਨੂੰ ਵਪਾਰ ਦੇ ਮੁਕਾਬਲੇ ਪਹਿਲ ਦੇਣ ਦੀ ਲੋੜ

**ਸਫਾ ਇੱਕ ਦੀ ਬਾਕੀ...**

ਡੋਨਾਲਡ ਟਰੰਪ ਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਆਖ ਦਿੱਤਾ ਸੀ ਅਤੇ ਉਸ ਸਮੇਂ ਦੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਕੈਨੇਡਾ ਦਾ ਗਵਰਨਰ ਆਖ ਕੇ ਬੁਲਾਇਆ ਸੀ। ਪਹਿਲਾਂ ਪਹਿਲ ਸਭ ਨੇ ਇਸ ਨੂੰ ਇੱਕ ਤਰ੍ਹਾਂ ਦਾ ਮਜ਼ਾਕ ਸਮਝਿਆ, ਪਰ ਪਿੱਛੇ ਜਿਹੇ ਜਦੋਂ ਅਮਰੀਕੀ ਰਾਸ਼ਟਰਪਤੀ ਨੇ ਗਰੀਨਲੈਂਡ ਵੀ ਅਮਰੀਕਾ ਦੇ ਹਵਾਲੇ ਕਰ ਦੇਣ ਵਾਲੀ ਗੱਲ ਕੀਤੀ ਤਾਂ ਇੰਗਲੈਂਡ ਤੇ ਕੈਨੇਡਾ ਸਮੇਤ ਸਾਰੇ ਯੂਰਪ ਦੇ ਕੰਨ ਖੜ੍ਹੇ ਹੋ ਗਏ।

ਇਸ ਤੋਂ ਬਾਅਦ ਯੂਰਪੀਅਨ ਯੂਨੀਅਨ, ਕੈਨੇਡਾ ਅਤੇ ਇੰਗਲੈਂਡ- ਸਭਨਾਂ ਨੇ ਅਮਰੀਕਾ ਤੋਂ ਦੂਰੀ ਬਣਾਉਣੀ ਆਰੰਭ ਕਰ ਦਿੱਤੀ। ਇਸ ਤੋਂ ਇਹ ਵੀ ਸਾਹਮਣੇ ਆ ਗਿਆ ਕਿ ਅਮਰੀਕਾ ਨੇ ਟਰੰਪ ਦੀ ਅਗਵਾਈ ਵਿੱਚ ਇੱਕ ਵਿਸ਼ਵ ਤਾਕਤ ਦੀ ਥਾਂ ਉੱਤਰੀ ਅਰਧ ਗੋਲੇ ਵਿੱਚ ਆਪਣਾ ਦਬਦਬਾ ਬਣਾਉਣ ਦੀ ਨੀਤੀ ਅਪਣਾ ਲਈ ਹੈ। ਵੈਨੇਜ਼ੂਏਲਾ ਵਾਲੀ ਕਾਰਵਾਈ ਤੋਂ ਬਾਅਦ ਅਮਰੀਕਾ ਦੀ ਖੇਤਰੀ ਪਸਾਰਵਾਦੀ ਨੀਤੀ ਸਾਹਮਣੇ ਆ ਗਈ, ਜਿਹੜੀ ਦੂਜੀ ਸੰਸਾਰ ਜੰਗ ਤੋਂ ਬਾਅਦ ਲਗਪਗ ਉਸ ਨੇ ਤਿਆਗ ਹੀ ਰੱਖੀ ਸੀ। ਮੁਲਕਾਂ 'ਤੇ ਸਿੱਧੇ ਕਬਜ਼ਿਆਂ ਦੀ ਬਜਾਏ ਨਵਬਸਤੀਵਾਦੀ ਨੀਤੀ ਅਪਣਾ ਰੱਖੀ ਸੀ। ਖੇਤਰੀ ਪਸਾਰਵਾਦ ਦੀ ਨੀਤੀ ਸਾਊਥਰਨ ਹੈਮੀਸਫੀਅਰ ਵਾਲੇ ਪਾਸੇ ਰੂਸ ਅਤੇ ਚੀਨ ਨੇ ਪਹਿਲਾਂ ਹੀ ਅਪਣਾਈ ਹੋਈ ਹੈ। ਰੂਸ ਅਤੇ ਚੀਨ ਨੇ ਇਹ ਛੇਤੀ ਸਮਝ ਲਿਆ ਸੀ ਕਿ ਅਮਰੀਕਾ ਦੀ ਨੀਤੀ ਵੱਡੇ ਮੁਲਕਾਂ ਨੂੰ ਤੋੜ ਕੇ ਛੋਟੇ ਮੁਲਕ ਕਾਇਮ ਕਰਨਾ ਅਤੇ ਫਿਰ ਉਨ੍ਹਾਂ 'ਤੇ ਆਪਣੀ ਅਸਿੱਧੀ ਸਰਦਾਰੀ ਕਾਇਮ ਰੱਖਣਾ ਹੈ। ਇਸੇ ਲਈ ਇਨ੍ਹਾਂ ਮੁਲਕਾਂ ਨੇ ਆਪਣੀ ਸੁਰੱਖਿਆ ਕਿਸੇ ਦੂਜੇ ਦੇ ਆਸਰੇ ਨਹੀਂ ਛੱਡੀ।



**ਮਾਰਕ ਕਾਰਨੀ**

ਇਸ ਮਾਮਲੇ ਵਿੱਚ ਯੂਰਪ ਅਤੇ ਕੈਨੇਡਾ ਪੂਰੀ ਤਰ੍ਹਾਂ ਨਾਟੋ ਅਤੇ ਨਾਟੋ ਰਾਹੀਂ ਅਮਰੀਕਾ 'ਤੇ ਮੁਨੱਸਰ ਹੋ ਗਏ ਸਨ। ਰੂਸ ਨੇ ਆਪਣਾ ਪਸਾਰਵਾਦ ਯੂਕਰੇਨ ਸਮੇਤ ਪੂਰਬੀ ਯੂਰਪ ਦੇ ਦੇਸ਼ਾਂ ਵੱਲ ਸ਼ੁਰੂ ਕੀਤਾ ਹੋਇਆ ਹੈ। ਚੀਨ ਇਸ ਮਾਮਲੇ ਪੈਰ-ਪੈਰ ਪਸਾਰਾ ਕਰਨ ਦੀ ਨੀਤੀ ਅਪਣਾ ਰਿਹਾ ਹੈ; ਜਦਕਿ ਤਾਈਵਾਨ ਖਿਲਾਫ ਉਹ ਖੁਲ੍ਹੀਆਂ ਮਸ਼ਕਾਂ ਕਰਦਾ ਹੈ। ਅਕਾਰ ਪੱਖੋਂ ਵੱਡੇ ਮੁਲਕ ਬਣਨ ਦਾ ਰਿਵਾਜ਼ ਅਸਲ ਵਿੱਚ ਯੂਰਪੀਅਨ ਯੂਨੀਅਨ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਉਭਰਨਾ ਸ਼ੁਰੂ ਹੋ ਗਿਆ ਸੀ; ਪਰ ਯੂਰਪ ਦੇ ਮਾਮਲੇ ਵਿੱਚ ਇਹ ਪੱਖ ਨਿਆਰਾ ਹੈ ਕਿ ਇਸ ਵਿੱਚ ਵੱਖ-ਵੱਖ ਕੌਮਾਂ ਨੇ ਆਪਣੀ ਆਜ਼ਾਦ ਹਸਤੀ ਕਾਇਮ ਰੱਖ ਕੇ ਮਰਜ਼ੀ ਨਾਲ ਸ਼ਾਮੂਲੀਅਤ ਕੀਤੀ ਹੈ। ਇਸ ਲਈ ਘੱਟਗਿਣਤੀ ਅਤੇ ਬਹੁਗਿਣਤੀ ਦੇ ਮਾਮਲੇ ਇਨ੍ਹਾਂ ਮੁਲਕਾਂ ਵਿੱਚ ਹਾਲ ਦੀ ਘੜੀ ਉਭਰਵੇਂ ਨਹੀਂ ਹਨ। ਆਪੋ ਆਪਣੀ ਆਜ਼ਾਦੀ ਦਾ ਅਹਿਸਾਸ ਕਾਇਮ ਹੈ। ਜਦਕਿ ਭਾਰਤ, ਚੀਨ ਅਤੇ ਰੂਸ ਦੇ ਮਾਮਲੇ ਵਿੱਚ ਇਹ ਮਸਲੇ ਜਿਉਂ ਦੇ ਤਿਉਂ ਕਾਇਮ ਹਨ। ਇਸੇ ਲਈ ਕੌਮੀ ਆਜ਼ਾਦੀ ਅਤੇ ਆਪਸੀ ਸਹਿਚਾਰ ਪੱਖੋਂ ਯੂਰਪ ਹੀ ਅੱਜ ਬਾਕੀਆਂ ਦੇ ਮੁਕਾਬਲੇ ਸ਼ਾਂਤ ਹੈ।

ਇਸ ਸਥਿਤੀ ਵਿੱਚ ਕੈਨੇਡਾ ਦਾ ਯੂਰਪ ਵੱਲ ਝੁਕਣਾ ਅਤੇ ਪੂਰਬ ਦੇ ਮੁਲਕਾਂ ਨਾਲ ਵਪਾਰ ਕਰਨ ਲਈ ਤਾਂਘਣਾ ਕੁਦਰਤੀ ਹੈ। ਕੈਨੇਡਾ ਨੇ ਹਮੇਸ਼ਾ ਹੀ ਮਨੁੱਖੀ ਮਸਲਿਆਂ ਅਤੇ ਅਧਿਕਾਰਾਂ ਨੂੰ ਵਪਾਰਕ ਹਿੱਤਾਂ ਦੇ ਮੁਕਾਬਲੇ ਜ਼ਿਆਦਾ ਤਰਜੀਹ ਦਿੱਤੀ ਹੈ। ਇਸੇ ਲਈ ਕੈਨੇਡਾ ਨੂੰ ਲੋਕ ਇੱਕ ਅਸਲ ਬਹੁ-ਸਭਿਆਚਾਰਕ/ਬਹੁ-ਨਸਲੀ ਮੁਲਕ ਵਜੋਂ ਵੇਖਣ ਲੱਗੇ ਸਨ। ਭਾਰਤ, ਜਪਾਨ ਅਤੇ ਆਸਟਰੇਲੀਆ ਆਦਿ ਮੁਲਕਾਂ ਨਾਲ ਵਪਾਰ ਦੇ ਮਸਲੇ ਤੈਅ ਕਰਦਿਆਂ ਕੈਨੇਡਾ ਨੂੰ ਮਨੁੱਖੀ ਅਧਿਕਾਰਾਂ ਅਤੇ ਨਿਆਂ ਦੇ ਮਸਲਿਆਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਇੱਕ ਬਹੁ-ਸਭਿਆਚਰਕ ਸਮਾਜ ਦੇ ਵਿਕਾਸ ਵਿੱਚੋਂ ਹੀ ਕੈਨੇਡਾ ਦੁਨੀਆਂ ਦੀ ਵੱਡੀ ਤਾਕਤ ਬਣ ਸਕਦਾ ਹੈ। ਖਾਸ ਕਰਕੇ ਉਦੋਂ, ਜਦੋਂ ਅਮਰੀਕਾ ਨਸਲੀ ਭੇਦਭਾਵ ਵਿੱਚ ਪਿਛਾਂਹ ਵੱਲ ਖਿਸਕ ਗਿਆ। ਮਹੱਤਵਪੂਰਨ ਸਮਾਜ/ਦੇਸ਼, ਸਰਮਾਏ, ਹਥਿਆਰਾਂ ਫੌਜਾਂ ਵਿੱਚੋਂ ਨਹੀਂ, ਮਨੁੱਖੀ ਸਭਿਅਤਾ ਦੇ ਵਿਕਾਸ ਨੂੰ ਅੱਗੇ ਵਧਾਉਣ ਵਿੱਚੋਂ ਬਣਦੇ ਹਨ। ਇਸ ਦ੍ਰਿਸ਼ਟੀ ਤੋਂ ਕੈਨੇਡਾ ਅਮਰੀਕਾ ਦਾ ਉਤਰਾਧਿਕਾਰੀ ਬਣਨ ਦੀ ਸਮਰੱਥਾ ਰੱਖਦਾ ਹੈ।

# ਆਮ ਇਜਲਾਸ ਦੌਰਾਨ ਸੰਗਤ ਦੀ ਨਾਦਾਰਦਗੀ

**ਸਫਾ 6 ਦੀ ਬਾਕੀ...**

ਰਹਿੰਦੇ ਪੰਜਾਬੀ ਬਜ਼ੁਰਗਾਂ ਲਈ ਗੁਰਦੁਆਰਾ ਸਾਹਿਬ ਦੀ ਦੇਖ-ਰੇਖ ਹੇਠ ਇੱਕ ਕਮਿਊਨਿਟੀ ਸੈਂਟਰ ਬਣਾਏ ਜਾਣ ਦਾ ਸੁਝਾਅ ਦਿੱਤਾ। ਗੁਰਪ੍ਰੀਤ ਸਿੰਘ ਨੇ ਵੀ ਕੁਝ ਵਿਚਾਰ ਪ੍ਰਗਟਾਏ, ਜਿਨ੍ਹਾਂ ਵਿੱਚ ਇੱਕ ਗੁਰੂਘਰ ਦੇ ਗ੍ਰੰਥੀ/ਕੀਰਤਨੀ ਜਥਿਆਂ ਦੀ ਤਨਖਾਹ ਵਿੱਚ ਵਾਧਾ ਕੀਤੇ ਜਾਣ ਦਾ ਸੁਝਾਅ ਵੀ ਸ਼ਾਮਲ ਸੀ। ਮੀਟਿੰਗ ਦੇ ਅਖੀਰ ਵਿੱਚ ਪਿਛਲੇ ਸਾਲ ਦੀ ਜਨਰਲ ਬਾਡੀ ਮੀਟਿੰਗ ਦੌਰਾਨ ਜਿਹੜੇ ਸੁਝਾਅ ਜਾਂ ਸਵਾਲ ਆਏ ਸਨ, ਉਨ੍ਹਾਂ ਦਾ ਰੀਕੈਪ ਗੁਰੂਘਰ ਦੇ ਕਾਰਜਕਾਰੀ ਸਕੱਤਰ ਅੱਛਰ ਸਿੰਘ ਨੇ ਕੀਤਾ।

ਆਮ ਇਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਚੋਣ ਕਮੇਟੀ ਦੇ ਚੇਅਰਮੈਨ ਹਰਵਿੰਦਰ ਸਿੰਘ ਘੋਤੜਾ ਨੇ ਚੋਣਾਂ ਲਈ ਉਮੀਦਵਾਰਾਂ ਦੀ ਸੂਚੀ ਅਤੇ ਨਾਮਜ਼ਦਗੀ ਕਾਗਜ਼ ਵਾਪਸ ਲੈਣ ਵਾਲਿਆਂ ਦੇ ਨਾਂ ਦਾ ਵੇਰਵਾ ਸੰਗਤ ਨਾਲ ਸਾਂਝਾ ਕਰਦਿਆਂ ਦੱਸਿਆ ਕਿ ਬੋਰਡ ਆਫ ਟਰੱਸਟੀ (ਬੀ.ਓ.ਟੀ.) ਲਈ ਕੁਲ 25 ਉਮੀਦਵਾਰਾਂ ਨੇ ਨਾਮਜ਼ਦਗੀ ਕਾਗਜ਼ ਭਰੇ ਸਨ, ਪਰ ਪਿਛਲੇ ਐਤਵਾਰ 15 ਜਣਿਆਂ ਨੇ ਕਾਗਜ਼ ਵਾਪਸ ਲੈ ਲਏ। ਇਸੇ ਤਰ੍ਹਾਂ ਸੰਵਿਧਾਨ ਅਮਲ ਕਮੇਟੀ (ਸੀ.ਆਈ.ਸੀ.) ਲਈ ਛੇ ਉਮੀਦਵਾਰ ਸਨ, ਉਨ੍ਹਾਂ ਵਿੱਚੋਂ ਚਾਰ ਨੇ ਨਾਂ ਵਾਪਸ ਲੈ ਲਏ ਹਨ। ਨਾਮਜ਼ਦਗੀਆਂ ਦੇ ਰਿਵਿਊ ਦੀ ਪ੍ਰਕ੍ਰਿਆ ਦੌਰਾਨ ਇੱਕ ਉਮੀਦਵਾਰ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ ਅਤੇ ਇੱਕ ਹੋਰ ਬਾਰੇ ਫੈਸਲਾ ਬੁੱਧਵਾਰ (ਅਖਬਾਰ ਛਪਣ ਤੋਂ ਬਾਅਦ) ਤੱਕ ਰਾਖਵਾਂ ਰੱਖਿਆ ਗਿਆ ਹੈ। ਚੋਣ ਕਮੇਟੀ ਦੇ ਚੇਅਰਮੈਨ ਅਨੁਸਾਰ ਆਉਂਦੇ ਦਿਨਾਂ ਵਿੱਚ ਅੰਤਿਮ ਸੂਚੀ ਵਿੱਚ ਰਹਿ ਗਏ ਉਮੀਦਵਾਰਾਂ ਦੀ ਇੱਕ ਮੀਟਿੰਗ ਬੁਲਾਈ ਜਾਵੇਗੀ, ਜੋ ਆਪਸੀ ਵਿਚਾਰ-ਵਟਾਂਦਰਾ ਕਰਨਗੇ। ਮੀਟਿੰਗ ਦੌਰਾਨ ਜੇ ਸਹਿਮਤੀ ਨਹੀਂ ਬਣਦੀ ਤਾਂ ਚੋਣਾਂ ਦੀ ਮਿਤੀ 5 ਅਪਰੈਲ 2026, ਐਤਵਾਰ ਨੂੰ ਤੈਅ ਹੈ; ਕਿਉਂਕਿ ਬੋਰਡ ਦੀ ਚੋਣ ਲਈ ਇਲੈਕਸ਼ਨ ਆਖਰੀ ਪੜਾਅ ਹੈ।

# ਫਿਰ ਲਾਹੌਰ ਦੀਆਂ ਗਲੀਆਂ ਵਿੱਚ

## ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸ਼ਹਿਜ਼ਾਦੀ ਬੰਬਾ, 'ਉਮੀਦ ਦੇ ਸ਼ਾਇਰ' ਫ਼ੈਜ਼ ਅਹਿਮਦ ਫ਼ੈਜ਼ ਅਤੇ ਅਕਬਰ ਦੇ ਦਰਬਾਰ ਨੂੰ ਭਾਜੜਾਂ ਪਾਉਣ ਵਾਲੇ ਨਾਬਰ ਯੋਧੇ ਦੁੱਲਾ ਭੱਟੀ ਦੀ ਕਬਰ ਉੱਪਰ ਵੀ ਅਕੀਦਤ ਦੇ ਫੁੱਲ ਭੇਟ ਕਰਦਿਆਂ...

*ਜਾਣੇ-ਪਛਾਣੇ ਸ਼ਾਇਰ ਅਤੇ ਲੇਖਕ ਰਵਿੰਦਰ ਸਹਿਰਾਅ ਵੱਲੋਂ ਪਾਕਿਸਤਾਨ ਦੀਆਂ ਦੋ ਯਾਤਰਾਵਾਂ 'ਤੇ ਆਧਾਰਤ 'ਲਾਹੌਰ ਨਾਲ਼ ਗੱਲਾਂ' ਸਫਰਨਾਮਾ ਸਾਨੂੰ ਸਾਂਝੇ ਲਾਹੌਰ ਭਾਵ ਏਧਰਲੇ ਤੇ ਓਧਰਲੇ ਪੰਜਾਬ ਨਾਲ਼ ਜੋੜਦਾ ਹੈ। ਲਾਹੌਰ ਨਾਲ ਸਿੱਖ/ਪੰਜਾਬੀ ਭਾਈਚਾਰੇ ਦੀ ਸਾਂਝ ਜੁੜੀ ਹੋਈ ਹੈ। ਇਹ ਸਫ਼ਰਨਾਮਾ ਇਤਿਹਾਸਕ ਪਿਛੋਕੜ ਦੇ ਵੇਰਵਿਆਂ ਨਾਲ ਵੀ ਭਰਪੂਰ ਹੈ ਅਤੇ ਪਾਠਕ ਦੀਆਂ ਬਾਹਵਾਂ ਦਾ ਮੁਹੱਬਤੀ ਕਲਾਵਾ ਮੋਕਲਾ ਕਰਦਾ ਹੈ। ਪੇਸ਼ ਹੈ ਦਸਵੀਂ ਕਿਸ਼ਤ, ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸ਼ਹਿਜ਼ਾਦੀ ਬੰਬਾ, 'ਉਮੀਦ ਦੇ ਸ਼ਾਇਰ' ਫ਼ੈਜ਼ ਅਹਿਮਦ ਫ਼ੈਜ਼ ਅਤੇ ਅਕਬਰ ਦੇ ਦਰਬਾਰ ਨੂੰ ਭਾਜੜਾਂ ਪਾਉਣ ਵਾਲੇ ਨਾਬਰ ਯੋਧੇ ਦੁੱਲਾ ਭੱਟੀ ਦੀ ਕਬਰ ਉੱਪਰ ਅਕੀਦਤ ਦੇ ਫੁੱਲ ਭੇਟ ਕਰਨ ਦਾ ਜ਼ਿਕਰ ਹੈ। ਇਸ ਤੋਂ ਇਲਾਵਾ ਇਤਿਹਾਸਕ ਡੀ.ਏ.ਵੀ. ਕਾਲਜ ਤੇ ਮਕਸੂਦ ਸਾਕਿਬ ਦੇ ਦਫ਼ਤਰ ਦੀ ਫੇਰੀ ਦਾ ਸੰਖੇਪ ਵੇਰਵਾ ਦਰਜ ਹੈ...*



**ਰਵਿੰਦਰ ਸਹਿਰਾਅ**
ਫੋਨ: 219-900-1115



ਮਕਸੂਦ ਸਾਕਿਬ ਦੀ ਕਿਤਾਬਗਾਹ ਵਿੱਚ ਤਾਹਿਰ ਸੰਧੂ ਤੇ ਬਾਬਾ ਨਜ਼ਮੀ ਨਾਲ

27 ਫਰਵਰੀ ਦਾ ਦਿਨ ਫੇਰ ਲਾਹੌਰ ਵਿੱਚ ਹੀ ਗੁਜ਼ਰਿਆ। ਅਸੀਂ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸ਼ਹਿਜ਼ਾਦੀ ਬੰਬਾ ਦੀ ਸਮਾਧ 'ਤੇ ਗਏ, ਜੋ ਸਾਡੇ ਹੋਟਲ ਤੋਂ ਭਾਵੇਂ ਤੁਰ ਕੇ ਜਾਣ ਦਾ ਵਕਫ਼ਾ ਹੀ ਸੀ ਪਰ ਅਸੀਂ ਡਰਾਈਵਰ ਨੂੰ ਮੰਗਵਾ ਰੱਖਿਆ ਸੀ। ਮਹਾਰਾਜਾ ਦਲੀਪ ਸਿੰਘ ਦੀ ਪੁੱਤਰੀ ਸ਼ਹਿਜ਼ਾਦੀ ਬੰਬਾ ਦਾ ਜੀਵਨ ਵੀ ਦੁੱਖਾਂ ਭਰਿਆ ਸੀ। ਉਸਦਾ ਜਨਮ 29 ਸਤੰਬਰ 1869 ਨੂੰ ਲੰਡਨ ਵਿੱਚ ਹੋਇਆ ਸੀ। ਉਸਦਾ ਪੂਰਾ ਨਾਮ 'ਬੰਬਾ ਸੋਫ਼ੀਆ ਜ਼ਿੰਦਾਂ ਦਲੀਪ ਸਿੰਘ' ਰੱਖਿਆ ਦੱਸਿਆ ਜਾਂਦਾ ਹੈ। ਉਹ ਬਹੁਤ ਖ਼ੂਬਸੂਰਤ ਸੀ। ਆਪਣੇ ਬਾਪ ਦੀ ਤਰ੍ਹਾਂ ਉਹਦੇ ਦਿਲ 'ਚ ਵੀ ਆਪਣੇ ਪੁਰਖਿਆਂ ਦੇ ਖੁੱਸੇ ਰਾਜ ਪ੍ਰਤੀ ਬਹੁਤ ਤੇਹ ਸੀ। ਉਸਨੇ ਪੰਜਾਬ ਆ ਕੇ ਵਸਣ ਦਾ ਫ਼ੈਸਲਾ ਕਰ ਲਿਆ। 1915 ਵਿੱਚ ਉਹਨੇ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਮਿਸਟਰ ਡੇਵਿਡ ਨਾਲ਼ ਵਿਆਹ ਵੀ ਕਰਵਾਇਆ ਦੱਸਿਆ ਜਾਂਦਾ ਹੈ। ਉਹ ਸ਼ਾਹੀ ਕਿਲ੍ਹੇ ਨੂੰ ਦੇਖਦੀ ਜਿੱਥੇ ਮਹਾਰਾਜਾ ਰਣਜੀਤ ਸਿੰਘ ਦਰਬਾਰੇ-ਆਮ ਲਗਾਇਆ ਕਰਦੇ ਸਨ ਤਾਂ ਉਹਦੇ ਕਾਲਜੇ ਵਿੱਚੋਂ ਇੱਕ ਲੰਮੀ ਹੂਕ ਨਿਕਲਦੀ। ਪੰਜਾਬ ਨੂੰ ਆਜ਼ਾਦ ਦੇਖਣ ਦੀ ਤਾਂਘ ਦਿਲ ਵਿੱਚ ਲੈ ਕੇ ਉਹ ਲਾਹੌਰ ਵਿੱਚ 10 ਮਾਰਚ 1957 ਨੂੰ ਆਪਣਾ ਸਰੀਰ ਤਿਆਗ ਦਿੱਤਾ। ਇਹ ਕਬਰਸਤਾਨ ਹੁਣ 'ਗੋਰਿਆਂ ਦਾ ਕਬਰਸਤਾਨ' ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ।

ਅੱਗੇ ਅਸੀਂ ਫ਼ੈਜ਼ ਅਹਿਮਦ ਫ਼ੈਜ਼ ਦੀ ਸਮਾਧ ਨੂੰ ਦੇਖਣਾ ਸੀ, ਜੋ ਕਿ ਲਾਹੌਰ ਦੇ ਮਾਡਲ ਟਾਊਨ ਏਰੀਏ ਵਿੱਚ ਪੈਂਦੀ ਹੈ। ਸਾਡਾ ਡਰਾਈਵਰ ਰਾਹ ਵਿੱਚ ਰੁਕ-ਰੁਕ ਕੇ ਕਬਰਸਤਾਨ ਦਾ ਟਿਕਾਣਾ ਪੁੱਛ ਰਿਹਾ ਸੀ। ਆਖ਼ਰ ਅਸੀਂ ਉਹ ਟਿਕਾਣਾ ਲੱਭ ਹੀ ਲਿਆ। ਗੇਟ 'ਤੇ ਬੈਠੇ ਕਬਰਸਤਾਨ ਦੇ ਰਖਵਾਲੇ ਨੂੰ ਅਸੀਂ ਪੁੱਛਿਆ ਕਿ ਫ਼ੈਜ਼ ਸਾਹਿਬ ਦੀ ਕਬਰ ਕਿੱਥੇ ਹੈ ਤਾਂ ਉਹ ਸਾਨੂੰ ਇੱਕ ਕੋਨੇ ਵਿੱਚ ਬਣੀਆਂ ਦੋ ਸਮਾਧਾਂ ਕੋਲ ਲੈ ਗਿਆ, ਜੋ ਫ਼ੈਜ਼ ਸਾਹਿਬ ਅਤੇ ਉਨ੍ਹਾਂ ਦੀ ਬੇਗ਼ਮ ਐਲਿਸ ਫੈਜ਼ ਦੀਆਂ ਸਨ। ਫ਼ੈਜ਼ ਸਾਹਿਬ ਏਸ਼ੀਆ ਦੇ ਪ੍ਰਸਿੱਧ ਸ਼ਾਇਰ ਸਨ। ਉਨ੍ਹਾਂ ਨੂੰ ਲੰਮਾ ਸਮਾਂ ਆਪਣੀ ਸ਼ਾਇਰੀ ਕਾਰਨ ਜੇਲ੍ਹ 'ਚ ਵੀ ਰਹਿਣਾ ਪਿਆ। ਉਨ੍ਹਾਂ ਦਾ ਜਨਮ 13 ਫਰਵਰੀ 1911 ਨੂੰ ਹੋਇਆ ਅਤੇ 20 ਨਵੰਬਰ 1984 ਨੂੰ ਉਨ੍ਹਾਂ ਦੁਨੀਆਂ ਤੋਂ ਰੁਖ਼ਸਤ ਲਈ। ਉਨ੍ਹਾਂ ਦੀ ਸਾਰੀ ਸ਼ਾਇਰੀ ਹਕੂਮਤਾਂ ਨੂੰ ਵੰਗਾਰਦੀ ਸੀ। ਮੁਹੱਬਤ ਦੀਆਂ ਗ਼ਜ਼ਲਾਂ ਵੀ ਕਮਾਲ ਦੀਆਂ ਲਿਖੀਆਂ। ਉਨ੍ਹਾਂ ਦੀ ਗ਼ਜ਼ਲ 'ਗੁਲੋਂ ਮੇਂ ਰੰਗ ਭਰੇ ਵਾਦੇ ਨੌ ਬਹਾਰ ਚਲੇ' ਮਹਿੰਦੀ ਹਸਨ ਨੇ ਬਾਕਮਾਲ ਗਾਈ ਤੇ ਹੁਣ ਤੱਕ ਬੜੀ ਚਰਚਾ ਵਿੱਚ ਹੈ। ਉਹ ਅਮਨ ਲਹਿਰ ਦੇ ਮੋਢੀ ਮੈਂਬਰ ਸਨ। ਉਨ੍ਹਾਂ ਨੇ ਅੰਗਰੇਜ਼ੀ ਤੇ ਅਰਬੀ ਦੀ ਐਮ.ਏ. ਵੀ ਕੀਤੀ ਅਤੇ ਕਾਲਜ ਵਿੱਚ ਅੰਗਰੇਜ਼ੀ ਦੇ ਲੈਕਚਰਾਰ ਵੀ ਰਹੇ। ਉਨ੍ਹਾਂ ਨੂੰ ਉਮੀਦ ਦਾ ਸ਼ਾਇਰ (Poet of hope) ਵੀ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਵੀ ਉਨ੍ਹਾਂ ਦਾ ਕਲਾਮ ਮਿਲਦਾ ਹੈ, ਪਰ ਉਹ ਜ਼ਿਆਦਾ ਮਾਤਰਾ ਵਿੱਚ ਨਹੀਂ ਹੈ। ਉਨ੍ਹਾਂ ਪਾਕਿਸਤਾਨ ਟਾਈਮਜ਼ ਦੀ ਸੰਪਾਦਨਾ ਵੀ ਕੀਤੀ। 9 ਮਾਰਚ 1951 ਨੂੰ ਉਨ੍ਹਾਂ ਨੂੰ ਦੇਸ਼ ਧ੍ਰੋਹੀ ਦੇ ਮੁਕੱਦਮੇ ਥੱਲੇ ਜੇਲ੍ਹ ਵਿੱਚ ਡੱਕ ਦਿੱਤਾ ਗਿਆ ਸੀ। ਉਨ੍ਹਾਂ ਦਾ ਕਾਵਿ ਸੰਗ੍ਰਹਿ 'ਦਸਤੇ ਸਬਾ' ਅਤੇ 'ਜ਼ਿੰਦਾ ਨਾਮਾ' ਜੇਲ੍ਹ ਦੀਆਂ ਕਵਿਤਾਵਾਂ ਹੀ ਹਨ। ਉਨ੍ਹਾਂ ਦੀਆਂ ਕਵਿਤਾਵਾਂ ਨੂੰ ਦੁਨੀਆਂ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਗਿਆ। 1978 ਤੋਂ 1982 ਤੱਕ ਉਹ ਦੇਸ਼ ਨਿਕਾਲੇ 'ਤੇ ਰਹੇ। ਉਨ੍ਹਾਂ ਦੀ ਮਸ਼ਹੂਰ ਨਜ਼ਮ 'ਹਮ ਦੇਖੇਂਗੇ' ਭਾਰਤ 'ਚ ਚਲੇ ਅੰਦੋਲਨਾਂ ਵਿੱਚ ਗੂੰਜਦੀ ਰਹੀ, ਜਿਸਨੂੰ ਮੋਦੀ ਸਰਕਾਰ ਨੇ ਹਿੰਦੂਆਂ ਦੇ ਖ਼ਿਲਾਫ਼ ਲਿਖੀ ਗਰਦਾਨਿਆ।

ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ
ਵੋ ਦਿਨ ਕਿ ਜਿਸਕਾ ਵਾਦਾ ਹੈ।

ਮਸਨਦ ਪੇ ਬਿਠਾਏ ਜਾਏਂਗੇ
ਜਬ ਤਾਜ ਉਛਾਲੇ ਜਾਏਂਗੇ
ਜਬ ਤਖ਼ਤ ਗਿਰਾਏ ਜਾਏਂਗੇ

ਹਮ ਮਹਿਕੂਮੋਂ ਕੇ ਪਾਵ ਤਲੇ
ਜਬ ਧਰਤੀ ਧੜ ਧੜ ਧੜਕੇਗੀ
ਜਬ ਬਿਜਲੀ ਕੜ ਕੜ ਕੜਕੇਗੀ...।

ਉਨ੍ਹਾਂ ਦਾ ਪੰਜਾਬੀ ਗੀਤ ਅੱਜ ਵੀ ਓਨਾ ਹੀ ਚਰਚਾ ਵਿੱਚ ਹੈ:

ਕਿੱਧਰੇ ਨਾ ਪੈਂਦੀਆਂ ਦੱਸਾਂ, ਵੇ ਪਰਦੇਸੀਆ ਤੇਰੀਆਂ
ਕਾਗ ਉਡਾਵਾਂ ਸ਼ਗਨ ਮਨਾਵਾਂ
ਵਗਦੀ ਵਾਅ ਦੇ ਤਰਲੇ ਪਾਵਾਂ
ਤੇਰੀ ਯਾਦ ਪਵੇ ਤੇ ਰੋਵਾਂ, ਤੇਰਾ ਜ਼ਿਕਰ ਕਰਾਂ ਤੇ ਹੱਸਾਂ,
ਵੇ ਪਰਦੇਸੀਆ ਤੇਰੀਆਂ, ਕਿੱਧਰੇ ਨਾ ਪੈਂਦੀਆਂ ਦੱਸਾਂ।

ਜ਼ੁਬੈਰ ਅਹਿਮਦ ਅਨੁਸਾਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਹਾਡੀ ਮਾਂ-ਬੋਲੀ ਕਿਹੜੀ ਹੈ ਤਾਂ ਉਨ੍ਹਾਂ ਕਿਹਾ, 'ਪੰਜਾਬੀ'। ਪਰ ਉਦੋਂ ਉਨ੍ਹਾਂ ਦੀ ਪੰਜਾਬੀ ਵਿੱਚ ਕੋਈ ਲਿਖਤ ਨਹੀਂ ਸੀ, ਫੇਰ ਉਨ੍ਹਾਂ ਪੰਜਾਬੀ ਵਿੱਚ ਵੀ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਦੀ ਪੰਜਾਬੀ ਨਜ਼ਮ 'ਅੱਜ ਦੌਲਤਾਂ ਸਾਡੇ ਘਰ ਆਈਆਂ' ਵੀ ਮਸ਼ਹੂਰ ਹੋਈ।

ਲੰਮੀ ਰਾਤ ਸੀ ਦਰਦ ਫ਼ਿਰਾਕ ਵਾਲੀ
ਤੇਰੇ ਕੌਲ ਤੇ ਅਸਾਂ ਵਿਸਾਹ ਕਰਕੇ
ਕੌੜਾ ਘੁੱਟ ਕੀਤਾ ਮਿੱਠੜੇ ਯਾਰ ਮੇਰੇ
ਮਿੱਠੜੇ ਯਾਰ ਮੇਰੇ ਜਾਨੀ ਯਾਰ ਮੇਰੇ

ਝਾਂਜਰਾਂ ਵਾਂਗ ਜ਼ੰਜੀਰਾਂ ਛਣਕਾਈਆਂ ਨੇ
ਕਦੀ ਪੈਰੀਂ ਬੇੜੀਆਂ ਚਾਈਆਂ ਨੇ
ਕਦੀ ਕੰਨੀਂ ਮੁੰਦਰਾਂ ਪਾਈਆਂ ਨੇ।

ਸਾਨੂੰ ਦੱਸਿਆ ਗਿਆ ਸੀ ਕਿ ਅੱਜ ਕੱਲ੍ਹ ਉਨ੍ਹਾਂ ਦੀ ਬੇਟੀ ਸਲੀਮਾ ਹਾਸ਼ਮੀ ਉਨ੍ਹਾਂ ਦੇ ਘਰ ਰਹਿੰਦੀ ਹੈ, ਜੋ ਮਾਡਲ ਟਾਊਨ ਵਿੱਚ ਹੀ ਸੀ। ਸਾਡੀ ਗ਼ਲਤੀ ਇਹ ਹੋਈ ਕਿ ਅਸੀਂ ਉਨ੍ਹਾਂ ਨੂੰ ਆਪਣੇ ਆਉਣ ਦੀ ਇਤਲਾਹ ਪਹਿਲਾਂ ਨਾ ਦੇ ਸਕੇ। ਘਰ ਗਏ ਤਾਂ ਪਤਾ ਲੱਗਾ ਕਿ ਉਹ ਕੁਝ ਸਮੇਂ ਲਈ ਡੁਬਈ ਗਏ ਹੋਏ ਹਨ। ਅਸੀਂ ਘਰ ਮੂਹਰੇ ਹੀ ਤਸਵੀਰਾਂ ਲੈ ਕੇ ਫਿਰ ਕਦੇ ਆਉਣ ਦਾ ਆਖ ਚਲੇ ਗਏ।

ਕਬਰਸਤਾਨ ਦੇ ਪ੍ਰਬੰਧਕ ਨੇ ਸਾਨੂੰ ਦੱਸਿਆ ਕਿ ਇਸੇ ਥਾਂ ਹੋਰ ਲੇਖਕਾਂ ਦੀਆਂ ਵੀ ਕਬਰਾਂ ਹਨ। ਉਸਨੇ ਸਾਨੂੰ ਸੈਫੂਦੀਨ ਸੈਫ਼, ਇਸ਼ਫ਼ਾਕ ਮੁਹੰਮਦ ਦੀਆਂ ਕਬਰਾਂ ਵੀ ਦਿਖਾਈਆਂ, ਜਿਨ੍ਹਾਂ ਦੀ ਹਾਲਤ ਮਾੜੀ ਸੀ ਤੇ ਕਬਰਾਂ ਉੱਪਰ ਘਾਹ ਨੇ ਝੁਰਮਟ ਪਾਇਆ ਹੋਇਆ ਸੀ। ਭਾਵੇਂ ਕਿ ਉੱਥੋਂ ਦੇ ਕਰਿੰਦੇ ਸਾਂਭ-ਸੰਭਾਲ ਦਾ ਪੂਰਾ ਖ਼ਿਆਲ ਰੱਖਦੇ ਹਨ। ਅਸੀਂ ਉਸ ਕਾਮੇ ਦਾ ਸ਼ੁਕਰਾਨਾ ਕੀਤਾ ਤੇ ਕੁਝ ਰਕਮ ਵੀ ਧੰਨਵਾਦ ਵਜੋਂ ਦਿੱਤੀ।

ਉਧਰ ਪ੍ਰੋ. (ਡਾ.) ਕਲਿਆਣ ਸਿੰਘ ਕਲਿਆਣ ਸਾਨੂੰ ਗੌਰਮਿੰਟ ਕਾਲਜ ਯੂਨੀਵਰਸਿਟੀ ਵਿੱਚ ਉਡੀਕ ਰਹੇ ਸਨ। ਤਾਹਿਰ ਨਾਲ਼ ਉਹ ਲਗਾਤਾਰ ਸੰਪਰਕ ਵਿੱਚ ਸਨ। ਅਸੀਂ ਗਏ ਤਾਂ ਸਾਨੂੰ ਵਾਈਸ ਚਾਂਸਲਰ ਜਨਾਬ ਅਹਿਮਦ ਅਲੀ ਨਾਲ਼ ਮਿਲਵਾਇਆ। ਕੁਝ ਤਸਵੀਰਾਂ ਵੀ ਲਈਆਂ ਗਈਆਂ। ਪ੍ਰੋ. ਕਲਿਆਣ ਸਿੰਘ ਨੇ ਘਰ ਆਉਣ ਦੀ ਦਾਅਵਤ ਵੀ ਦਿੱਤੀ ਜੋ ਅਸੀਂ ਠੁਕਰਾ ਨਾ ਸਕੇ ਤੇ ਕੁਝ ਸਮਾਂ ਉਨ੍ਹਾਂ ਦੇ ਖ਼ੂਬਸੂਰਤ ਘਰ ਵਿੱਚ ਬਿਤਾਇਆ। ਕਿਤਾਬਾਂ ਦਾ ਲੈਣ-ਦੇਣ ਵੀ ਹੋਇਆ। ਉਨ੍ਹਾਂ ਦੀ ਬੇਗ਼ਮ ਨੇ ਸਾਡੇ ਲਈ ਚਾਹ-ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ। ਉੱਥੇ ਹੀ ਪਤਾ ਲੱਗਾ ਕਿ ਉਸਦੀ ਛੋਟੀ ਭੈਣ ਸਤਵੰਤ ਕੌਰ, ਜੋ ਕਾਲਜ ਵਿੱਚ ਲੈਕਚਰਾਰ ਹੈ, ਨੂੰ ਪਾਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਕੱਤਰ ਬਣਾ ਦਿੱਤਾ ਗਿਆ ਹੈ। ਤਾਹਿਰ ਸੰਧੂ ਨੇ ਅਤੇ ਅਸੀਂ ਉਸ ਨੂੰ ਵਧਾਈ ਦਿੱਤੀ ਤੇ ਅਗਲੇ ਪੜਾਅ ਲਈ ਰੁਖ਼ਸਤ ਹੋਏ।



ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਸ਼ਹਿਜ਼ਾਦੀ ਬੰਬਾ ਦੀ ਸਮਾਧ 'ਤੇ ਅਕੀਦਤ ਦੇ ਫੁੱਲ ਭੇਟ ਕਰਦਿਆਂ

ਤਾਹਿਰ ਨੇ ਪਰਬੀਨ ਆਪਾ ਨੂੰ ਫ਼ੋਨ ਕੀਤਾ, ਜੋ ਪੰਜਾਬੀ ਅਦਬੀ ਬੋਰਡ ਦੇ ਸਕੱਤਰ ਸਨ। ਉਨ੍ਹਾਂ ਕਿਹਾ ਕਿ ਮੈਂ ਦਫ਼ਤਰ ਵਿੱਚ ਹੀ ਆਂ, ਤੁਸੀਂ ਆ ਜਾਉ। ਉੱਥੇ ਹੀ ਮੁਸ਼ਤਾਕ ਸੂਫ਼ੀ ਜੀ ਨਾਲ਼ ਵੀ ਮੁਲਾਕਾਤ ਹੋ ਗਈ। ਚਾਹ ਨਾਲ਼ ਗੱਲਾਂ-ਬਾਤਾਂ ਤੇ ਫ਼ੋਟੋਆਂ ਦਾ ਦੌਰ ਵੀ ਚੱਲਿਆ। ਪਰਬੀਨ ਆਪਾ ਬਹੁਤ ਹੀ ਸਲੀਕੇ ਵਾਲੀ ਤੇ ਮਿੱਠ ਬੋਲੜੀ ਖ਼ਾਤੂਨ ਹੈ। ਫਿਰ ਉਸ ਤੋਂ ਬਾਅਦ ਅਸੀਂ ਸੂਫ਼ੀ ਜੀ ਦੇ ਘਰ ਵੀ ਗਏ। ਉਨ੍ਹਾਂ ਸਾਡੀ ਬੜੀ ਆਓ-ਭਗਤ ਕੀਤੀ ਅਤੇ ਸਾਡਾ ਸਨਮਾਨ ਵੀ ਕੀਤਾ। ਅਸੀਂ ਉਨ੍ਹਾਂ ਦਾ ਸ਼ੁਕਰੀਆ ਕਰ ਕੇ ਵਿਦਾ ਲਈ।

ਤਾਹਿਰ ਅੱਜ ਦੇ ਦਿਨ ਦਾ ਪੂਰਾ ਲਾਹ ਲੈਣਾ ਚਾਹੁੰਦਾ ਸੀ ਤੇ ਉਸਨੇ ਆਪਣੇ ਉਸਤਾਦ ਜਮੀਲ ਪਾਲ ਜੀ ਨੂੰ ਕਿਹਾ ਕਿ ਉਹ ਤੁਹਾਨੂੰ ਮਿਲਣ ਲਈ ਆ ਰਹੇ ਹਨ। ਘਰ ਗਏ ਤਾਂ ਤਾਹਿਰ ਦਾ ਜਮਾਤੀ ਤੇ ਪਾਲ ਹੋਰਾਂ ਦਾ ਜਵਾਈ ਪ੍ਰੋ. (ਡਾ.) ਇਜਾਜ਼ ਵੀ ਘਰ ਹੀ ਸੀ। ਉੱਥੇ ਵੀ ਕਿਤਾਬਾਂ ਦਾ ਲੈਣ-ਦੇਣ ਹੋਇਆ। ਅਸੀਂ ਉਨ੍ਹਾਂ ਨੂੰ 'ਹੁਣ' ਦਾ ਅੱਠਤਾਲੀਵਾ ਅੰਕ ਵੀ ਦਿੱਤਾ, ਜਿਸਦੇ ਉਹ ਪੱਕੇ ਪਾਠਕ ਸਨ। ਇਹ ਮਿਲਣੀ ਵੀ ਬੜੀ ਸਾਰਥਿਕ ਰਹੀ।

ਅੱਜ ਹੀ ਅਸੀਂ ਨਾਬਰੀ ਦੇ ਵੱਡੇ ਯੋਧੇ 'ਦੁੱਲਾ ਭੱਟੀ' ਦੀ ਕਬਰ ਉੱਪਰ ਵੀ ਅਕੀਦਤ ਦੇ ਫੁੱਲ ਭੇਟ ਕੀਤੇ। ਦੁੱਲਾ ਭੱਟੀ ਦੀ ਕਬਰ ਮਿਆਣੀ ਸਾਹਿਬ ਕਬਰਸਤਾਨ ਵਿੱਚ ਹੈ, ਜੋ ਏਸ਼ੀਆ ਦਾ ਸਭ ਤੋਂ ਵੱਡਾ ਹੈ। ਇਹ ਕਬਰਸਤਾਨ ਕਿੰਨੇ ਹੀ ਏਕੜਾਂ ਵਿੱਚ ਫੈਲਿਆ ਹੋਇਆ ਹੈ। ਸਾਨੂੰ ਦੁੱਲੇ ਭੱਟੀ ਦੀ ਕਬਰ ਲੱਭਣ ਵਿੱਚ ਥੋੜ੍ਹੀ ਮੁਸ਼ਕਲ ਆਈ, ਪਰ ਉਥੇ ਰਹਿੰਦੇ ਪ੍ਰਬੰਧਕਾਂ ਨੇ ਸਾਡੀ ਕਾਫ਼ੀ ਮਦਦ ਕੀਤੀ। ਸਾਨੂੰ ਇਸ ਗੱਲ ਦਾ ਦੁੱਖ ਵੀ ਹੋਇਆ ਜਦੋਂ ਮੈਂ ਉੱਥੇ ਕੰਮ ਕਰਦੇ ਕਾਮਿਆਂ ਨੂੰ ਦੁੱਲਾ ਭੱਟੀ ਦੇ ਬਾਰੇ ਪੁੱਛਿਆ ਕਿ ਤੁਹਾਨੂੰ ਪਤਾ ਇਹ ਕੌਣ ਸੀ ਤਾਂ ਉਨ੍ਹਾਂ ਦਾ ਜਵਾਬ ਨਾਂਹ ਵਿੱਚ ਸੀ। ਉਹ ਯੋਧਾ ਜਿਹਨੇ ਅਕਬਰ ਦੇ ਦਰਬਾਰ ਨੂੰ ਭਾਜੜਾਂ ਪਾਈ ਰੱਖੀਆਂ, ਅੱਜ ਬੇਨਾਮੀ ਦੇ ਆਲਮ ਵਿੱਚ ਸੁੱਤਾ ਪਿਆ ਸੀ। ਅੱਜ ਦਾ ਦਿਨ ਬੜਾ ਹੀ ਰੁਝੇਵੇਂ ਭਰਿਆ ਤਾਂ ਸੀ, ਪਰ ਅਸੀਂ ਖ਼ੁਸ਼ ਵੀ ਬਹੁਤ ਸਾਂ ਕਿ ਏਨੀਆਂ ਇਤਿਹਾਸਕ ਥਾਵਾਂ ਦੇਖਣ ਦਾ ਮੌਕਾ ਮਿਲਿਆ।

### ਇਤਿਹਾਸਕ ਡੀ.ਏ.ਵੀ. ਕਾਲਜ ਅਤੇ ਮਕਸੂਦ ਸਾਹਿਬ ਦੇ ਦਫ਼ਤਰ ਵਿੱਚ

28 ਫਰਵਰੀ 2024 ਦਾ ਦਿਨ ਅਸੀਂ ਪ੍ਰੋ. ਇਜਾਜ਼ ਨਾਲ਼ ਡੀ.ਏ.ਵੀ. ਕਾਲਜ ਦਾ ਚੱਕਰ ਲਾਉਣਾ ਸੀ। ਤਾਹਿਰ ਸੰਧੂ ਨੇ ਪਹਿਲਾਂ ਹੀ ਪ੍ਰੋ. ਇਜਾਜ਼ ਨੂੰ ਜੋ ਉੱਥੇ ਪ੍ਰੋਫ਼ੈਸਰ ਸਨ, ਨੂੰ ਸਾਡੀ ਫੇਰੀ ਬਾਰੇ ਦੱਸ ਰੱਖਿਆ ਸੀ। ਪ੍ਰੋ. ਇਜਾਜ਼ ਆਪਣੇ ਦੂਜੇ ਸਹਿਕਰਮੀਆਂ ਨਾਲ਼ ਸਾਡੀ ਉਡੀਕ ਕਰ ਰਿਹਾ ਸੀ। ਉਸ ਦੀਆਂ ਕਲਾਸਾਂ ਅੱਜ ਛੇਤੀ ਖ਼ਤਮ ਹੋ ਗਈਆਂ ਸਨ। ਇਸ ਕਾਲਜ ਦੀ ਇਮਾਰਤ ਇੱਕ ਮਹਾਂਦਾਨੀ ਰਾਏ ਬਹਾਦਰ ਗੰਗਾ ਰਾਮ ਨੇ 1886 ਵਿੱਚ 50,000 ਰੁਪਏ ਇਕੱਠੇ ਕਰਕੇ ਤਾਮੀਰ ਕਰਵਾਈ ਸੀ। 1947-48 ਵਿੱਚ ਭਾਰਤ-ਪਾਕਿ ਵੰਡ ਤੋਂ ਬਾਅਦ ਇਸ ਦਾ ਨਾਂ ਗੌਰਮਿੰਟ ਇਸਲਾਮੀਆ ਕਾਲਜ ਰੱਖ ਦਿੱਤਾ ਗਿਆ ਸੀ। ਪੁਰਾਣਾ ਕਾਲਜ ਅੰਬਾਲੇ ਬਦਲ ਦਿੱਤਾ ਗਿਆ ਸੀ।

ਸਾਡੇ ਲਈ ਇਸ ਇਤਿਹਾਸਕ ਕਾਲਜ ਦੀ ਖਿੱਚ ਹੋਰ ਕਾਰਨ ਕਰਕੇ ਸੀ। ਇਹ ਕਾਲਜ ਸਿਵਲ ਲਾਈਨਜ਼ ਦੇ ਬਿਲਕੁਲ ਸਾਹਮਣੇ ਹੈ। ਇਸ ਕਾਲਜ ਦੇ ਮੁੱਖ ਗੇਟ ਕੋਲ ਸ਼ਰੀਂਹ ਦਾ ਉਹ ਰੁੱਖ ਅਜੇ ਵੀ ਖੜ੍ਹਾ ਹੈ, ਜਿੱਥੇ ਖਲੋ ਕੇ ਭਗਤ ਸਿੰਘ ਹੋਰੀਂ ਸਾਹਮਣੇ ਸਿਵਲ ਲਾਈਨਜ਼ 'ਚੋਂ ਨਿਕਲਦੇ ਸਾਂਡਰਸ ਉੱਪਰ ਗੋਲੀਆਂ ਚਲਾ ਕੇ ਉਹਦਾ ਖ਼ਾਤਮਾ ਕੀਤਾ ਸੀ। ਫਿਰ ਉਹ ਕਾਲਜ ਦੇ ਵਿੱਚੋਂ ਹੁੰਦੇ ਹੋਏ ਪਿੱਛੇ ਬਣੇ ਹੋਸਟਲ ਵਿੱਚ ਜਾ ਛੁਪੇ ਸਨ ਤੇ ਫਿਰ ਸਟੂਡੈਂਟ ਯੂਨੀਅਨ ਦੇ ਸਾਥੀਆਂ ਕੋਲੋਂ ਸਾਈਕਲ ਲੈ ਕੇ ਹੋਸਟਲ ਦੀ ਕੰਧ ਟੱਪ ਕੇ ਫ਼ਰਾਰ ਹੋ ਗਏ ਸਨ। ਭਗਤ ਸਿੰਘ ਹੋਰੀਂ ਕਿਉਂਕਿ ਸਕੂਲ ਵੇਲੇ ਇੱਥੇ ਪੜ੍ਹਦੇ ਵੀ ਰਹੇ ਸਨ, ਇਸ ਕਰਕੇ ਇਸ ਥਾਂ ਤੋਂ ਭਲੀ-ਭਾਂਤ ਵਾਕਿਫ਼ ਸਨ। ਉਹ ਇੱਥੋਂ ਨਿਕਲਣ ਵਿੱਚ ਬਿਨਾ ਕਿਸੇ ਮੁਸੀਬਤ ਤੋਂ ਨਿਕਲ ਗਏ ਸਨ।

ਪ੍ਰੋ. ਇਜਾਜ਼ ਨਾਲ਼ ਫ਼ਾਰਸੀ ਦੇ ਪ੍ਰੋ. ਯਾਸੀਨ ਵੀ ਸਾਡੇ ਨਾਲ਼ ਨਾਲ਼ ਰਹੇ। ਉਨ੍ਹਾਂ ਸਾਨੂੰ ਉਹ ਪੁਰਾਣਾ ਹੋਸਟਲ ਵੀ ਦਿਖਾਇਆ ਤੇ ਉਹ ਕਮਰੇ ਵੀ ਜਿੱਥੇ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀ ਆਉਂਦੇ ਰਹਿੰਦੇ ਸਨ। ਉਨ੍ਹਾਂ ਕਮਰਿਆਂ ਦੀ ਹਾਲਤ ਹੁਣ ਬਹੁਤਾ ਖ਼ਸਤਾ ਹੋ ਚੁੱਕੀ ਸੀ ਤੇ ਉੱਥੇ ਨਾਲ਼ ਹੀ ਨਵਾਂ ਹੋਸਟਲ ਵੀ ਬਣਾ ਦਿੱਤਾ ਗਿਆ ਸੀ। ਉਨ੍ਹਾਂ ਹੋਸਟਲ ਦੇ ਵਾਰਡਨ ਨਾਲ਼ ਵੀ ਮਿਲਾਇਆ। ਉਸਨੇ ਵੀ ਪੁਰਾਣੇ ਇਤਿਹਾਸਕ ਹੋਸਟਲ ਬਾਰੇ ਕਾਫ਼ੀ ਗੱਲਾਂ ਕੀਤੀਆਂ। ਸਾਨੂੰ ਕਾਲਜ ਦੇ ਪ੍ਰਿੰਸੀਪਲ ਜਨਾਬ ਅਖ਼ਤਰ ਹੁਸੈਨ ਸੰਧੂ ਨਾਲ਼ ਵੀ ਮਿਲਾਇਆ ਗਿਆ। ਉਨ੍ਹਾਂ ਦੇ ਦਫ਼ਤਰ ਵਿੱਚ ਅਸੀਂ ਗੱਲਬਾਤ ਕਰ ਹੀ ਰਹੇ ਸੀ ਕਿ ਤਾਹਿਰ ਸੰਧੂ ਵੀ ਉੱਥੇ ਹੀ ਆ ਗਿਆ। ਪ੍ਰਿੰਸੀਪਲ ਸਾਹਿਬ ਦੀ ਨਮਾਜ਼ ਦਾ ਵਕਤ ਹੋ ਗਿਆ ਸੀ ਤੇ ਉਨ੍ਹਾਂ ਸਾਨੂੰ ਥੋੜ੍ਹੀ ਦੇਰ ਹੋਰ ਰੁਕਣ ਲਈ ਕਿਹਾ। ਅਸੀਂ ਚਾਹ ਦੀਆਂ ਚੁਸਕੀਆਂ ਨਾਲ਼ ਗੱਲੀਂ-ਬਾਤੀਂ ਰੁੱਝੇ ਰਹੇ। ਇਸੇ ਸਮੇਂ ਕੁਝ ਹੋਰ ਅਦੀਬ ਵੀ ਆਉਂਦੇ ਜਾਂਦੇ ਰਹੇ। ਪ੍ਰੋ. ਇਜਾਜ਼ ਨੇ ਨਮਾਜ਼ ਅਦਾ ਕਰਕੇ ਆਏ ਪ੍ਰਿੰਸੀਪਲ ਸਾਹਿਬ ਤੋਂ ਜਾਣ ਦੀ ਇਜਾਜ਼ਤ ਲਈ। ਸੰਧੂ ਹੋਰੀਂ ਸਾਨੂੰ ਕੁਝ ਕਿਤਾਬਾਂ ਵੀ ਦਿੱਤੀਆਂ। ਸ਼ਾਹਜੇਬ ਸਾਡੀਆਂ ਫ਼ੋਟੋਆਂ ਖਿੱਚਦਾ ਰਿਹਾ।

ਰਸਤੇ ਵਿੱਚ ਆਉਂਦੇ ਸਮੇਂ ਤਾਹਿਰ ਕਹਿੰਦਾ ਚਲੋ ਮਕਸੂਦ ਸਾਕਿਬ ਨੂੰ ਵੀ ਮਿਲ ਚੱਲੀਏ। ਇੱਕ ਤੰਗ ਗਲੀ ਦੇ ਚੁਬਾਰੇ ਨੁਮਾ ਇਮਾਰਤ ਵਿੱਚ ਉਨ੍ਹਾਂ ਦਾ ਪ੍ਰਕਾਸ਼ਨ ਹਾਊਸ ਹੈ। ਆਲ਼ੇ-ਦੁਆਲ਼ੇ ਕਿਤਾਬਾਂ ਹੀ ਕਿਤਾਬਾਂ। ਕੁਝ ਗੁਰਮੁਖੀ ਤੋਂ ਸ਼ਾਹਮੁਖੀ ਵਿੱਚ ਉਲਥਾਈਆਂ ਕਿਤਾਬਾਂ ਵੀ ਉਨ੍ਹਾਂ ਸਾਨੂੰ ਦਿਖਾਈਆਂ, ਜਿਨ੍ਹਾਂ ਵਿੱਚ ਡਾ. ਜਗਤਾਰ ਤੇ ਵਰਿਆਮ ਸੰਧੂ ਦੀਆਂ ਕਿਤਾਬਾਂ ਅਤੇ ਹੋਰ ਵੀ ਕਈ ਸਨ। ਬਾਬਾ ਨਜ਼ਮੀ ਵੀ ਉੱਥੇ ਹੀ ਆ ਗਏ। ਮੈਂ ਉਨ੍ਹਾਂ ਨੂੰ ਆਪਣੀ ਵਾਰਤਕ ਦੀ ਕਿਤਾਬ 'ਸੁਰਖ਼ ਰਾਹਾਂ ਦੇ ਹਮਸਫ਼ਰ' ਭੇਟ ਕੀਤੀ। ਮਕਸੂਦ ਸਾਕਿਬ ਇੱਕ ਦਰਵੇਸ਼ ਲਿਖਾਰੀ ਤੇ ਪ੍ਰਕਾਸ਼ਕ ਹਨ। ਨਫ਼ੇ, ਮੁਨਾਫ਼ੇ ਦੀ ਪ੍ਰਵਾਹ ਨਾ ਕਰਦਿਆਂ ਉਹ ਲਗਾਤਾਰ ਦੋਹਾਂ ਪੰਜਾਬਾਂ ਦੇ ਤਰੱਕੀ ਪਸੰਦ ਲੇਖਕਾਂ ਨੂੰ ਛਾਪ ਰਹੇ ਹਨ। ਅਜਿਹੇ ਦਰਵੇਸ਼ ਲੇਖਕ ਬੜੇ ਘੱਟ ਮਿਲਦੇ ਹਨ ਅੱਜਕੱਲ੍ਹ। ਉਨ੍ਹਾਂ ਕਿਹਾ ਕਿ ਮੇਰਾ ਸਹਾਇਕ ਕਾਮਾ ਬੜੀ ਸੁਆਦਲੀ ਚਾਹ ਬਣਾਉਂਦਾ ਹੈ, ਤੁਸੀਂ ਜ਼ਰੂਰ ਪੀ ਕੇ ਜਾਇਓ। ਚਾਹ ਵਾਕਈ ਬਹੁਤ ਸੁਆਦਲੀ ਸੀ। ਸ਼ਾਮ ਢਲ਼ ਰਹੀ ਸੀ ਤੇ ਅਸੀਂ ਇਜਾਜ਼ਤ ਲੈ ਕੇ ਆਪਣੇ ਹੋਟਲ ਲਈ ਚਾਲੇ ਪਾਏ।

ਤਜਰਬਾ

ਨਿੰਮਾ ਡੱਲੇਵਾਲਾ
ਫੋਨ: 513-432-9754



# ਜ਼ਿੰਦਗੀ ਤੋਂ ਵੱਡਾ ਕੋਈ ਸਕੂਲ ਨਹੀਂ

*ਇਹ ਸੱਚ ਹੈ ਕਿ ਜ਼ਿੰਦਗੀ ਦੇ ਪੜ੍ਹਾਏ ਹੋਏ ਸਬਕ ਬੰਦੇ ਨੂੰ ਤਾਉਮਰ ਯਾਦ ਰਹਿੰਦੇ ਹਨ, ਤੇ ਇਹੋ ਉਹਦੀ ਸਫਲਤਾ ਲਈ ਪੌੜੀ ਵੀ ਬਣਦੇ ਹਨ। ਜ਼ਿੰਦਗੀ ਦੇ ਸਬਕਾਂ ਨਾਲ ਹੀ ਇਨਸਾਨ ਕੁਠਾਲੀ ਪਏ ਸੋਨੇ ਵਾਂਗ ਸ਼ੁੱਧ ਯਾਨੀ ਚਮਕਦਾਰ ਹੋ ਜਾਂਦਾ ਹੈ। ਅਜਿਹੇ ਮਿਲਦੇ-ਜੁਲਦੇ ਵਿਚਾਰਾਂ ਦਾ ਪ੍ਰਗਟਾਵਾ ਹੀ ਹੈ ਹਥਲਾ ਲੇਖ...*

ਸਕੂਲ, ਜਿਸ ਨੂੰ ਅਸੀਂ ਸਿੱਖਿਆ ਦਾ ਕੇਂਦਰ ਮੰਨਦੇ ਹਾਂ, ਮੁਢਲੀ ਕਿਤਾਬੀ ਸਿੱਖਿਆ ਦਾ ਅਰੰਭ ਇੱਥੋਂ ਹੀ ਹੁੰਦਾ ਹੈ। ਦੂਣੀ ਦਾ ਪਹਾੜਾ ਤੇ ਤੋਤਲੇ ਬੋਲਾਂ ਨਾਲ 'ੳ', 'ਅ' ਬੋਲਣਾ ਅਤੇ ਫੱਟੀ/ਸਲੇਟ ਉਤੇ ਲਿਖਣਾ ਸਿੱਖਣਾ ਹਰ ਇੱਕ ਨੂੰ ਪ੍ਰਾਇਮਰੀ ਸਕੂਲ ਦੀ ਹੀ ਦੇਣ ਹੈ। ਲਿਖਣਾ ਅਤੇ ਸਿੱਖਣਾ ਸਕੂਲ ਤੋਂ ਸ਼ੁਰੂ ਹੋ ਕੇ ਕਾਲਜਾਂ, ਯੂਨੀਵਰਸਿਟੀਆਂ ਤੋਂ ਹੁੰਦਾ ਹੋਇਆ ਕਿਤਾਬੀ ਗਿਆਨ ਦੇ ਵੱਡੇ ਵੱਡੇ ਭੰਡਾਰ ਹਾਸਲ ਕਰ ਅਨੇਕਾਂ ਤਰ੍ਹਾਂ ਦੀਆਂ ਡਿਗਰੀਆਂ ਬੋਝੇ ਪਾ ਲੈਂਦਾ ਹੈ, ਜੋ ਸਿਰਫ ਕਈ ਤਰ੍ਹਾਂ ਦੀਆਂ ਸਰਕਾਰੀ ਨੌਕਰੀਆਂ ਹਾਸਿਲ ਕਰਨ ਵਿੱਚ ਸਹਾਈ ਹੁੰਦੀਆਂ ਹਨ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਰੋਜ਼ਗਾਰ ਦੇ ਕਾਬਿਲ ਬਣਾ ਦਿੰਦੀਆਂ ਹਨ। ਇਸ ਤੋਂ ਬਾਅਦ ਜ਼ਿੰਦਗੀ ਦਾ ਅਗਲਾ ਪੜਾਅ ਸ਼ੁਰੂ ਹੁੰਦਾ ਹੈ, ਜਿਸ ਦੌਰਾਨ ਜ਼ਿੰਦਗੀ ਦੇ ਅਨੋਖੇ ਰੰਗ ਅਤੇ ਰੰਗ-ਬਰੰਗੇ ਲੋਕ ਤੇ ਰਿਸ਼ਤੇ ਜ਼ਿੰਦਗੀ ਦੇ ਬਣੇ ਮਹਿਲ ਵਿੱਚ ਪ੍ਰਵੇਸ਼ ਕਰਦੇ ਹਨ। ਫਿਰ ਸ਼ੁਰੂ ਹੁੰਦਾ ਹੈ ਜ਼ਿੰਦਗੀ ਵਾਲਾ ਸਕੂਲ, ਜਿਸ ਤੋਂ ਵੱਡਾ ਕੋਈ ਵੀ ਸਕੂਲ ਨਹੀਂ। ਹਥਲੇ ਲੇਖ ਦਾ ਸਿਰਲੇਖ ਵੀ ਇਸੇ ਦੀ ਬਾਤ ਪਾਉਂਦਾ ਹੈ।

ਮੇਰੀ ਕਲਮ ਜੋ ਕਹਿਣ ਲੱਗੀ,
ਇਹੋ ਗੱਲ ਫਜ਼ੂਲ ਨਹੀਂ।
ਬਿਨ ਠੋਕਰ ਅਕਲਾਂ ਦੇਵੇ,
ਜ਼ਿੰਦਗੀ ਦਾ ਰੂਲ ਨਹੀਂ।
ਸਿਰ ਮੱਥੇ ਪੈਣ ਕਬੂਲਣੀਆਂ,
ਭਾਵੇਂ ਲੱਖ ਕਬੂਲ ਨਹੀਂ।
ਬੰਦਾ ਲੱਭਦਾ ਫਿਰੇ ਵਿਆਜਾਂ ਨੂੰ,
ਪੱਲੇ ਪੂਰਾ ਪੈਂਦਾ ਮੂਲ ਨਹੀਂ।
ਉਥੇ ਫੇਲ੍ਹ ਕਰੇਂਦੀ ਪੜ੍ਹਿਆਂ ਨੂੰ,
ਜਿੱਥੇ ਪੱਕਾ ਕੋਈ ਅਸੂਲ ਨਹੀਂ।
'ਨਿੰਮਾ' ਆਖੇ ਵੱਡਾ ਜ਼ਿੰਦਗੀ ਤੋਂ,
ਕਿਧਰੇ ਵੀ ਕੋਈ ਸਕੂਲ ਨਹੀਂ।

"ਜ਼ਿੰਦਗੀ ਤੋਂ ਵੱਡਾ ਕੋਈ ਸਕੂਲ ਨਹੀਂ", ਮੇਰੀ ਇਸ ਲਿਖਤ ਨਾਲ ਉਹ ਹਰ ਪਾਠਕ ਸਹਿਮਤੀ ਜਤਾਏਗਾ, ਜੋ ਹਾਲੇ ਦਾਖਲ ਹੋਇਆ ਜਾਂ ਪੜ੍ਹਾਈਆਂ ਕਰ ਰਿਹਾ ਹੈ; ਤੇ ਬਹੁਤੇ ਇਸ ਸਕੂਲ ਤੋਂ ਕੀਤੀਆਂ ਡਿਗਰੀਆਂ ਵਾਲੇ ਵੀ ਹੋਣਗੇ। ਜ਼ਿੰਦਗੀ ਕੁਦਰਤ ਦਾ ਇੱਕ ਸਭ ਤੋਂ ਵੱਡਾ ਵਰਦਾਨ ਹੈ, ਜਿਸ ਦੀ ਗੱਡੀ 'ਚ ਚਾਲਕ ਵੀ ਓਹੀ ਹੈ; ਤੇ ਅਸੀਂ ਜਦੋਂ ਆਪਣੇ ਹਿਸਾਬ ਨਾਲ ਚਲਾਉਣ ਲੱਗ ਜਾਂਦੇ ਹਾਂ ਤਾਂ ਪੜ੍ਹਨੇ ਪੈ ਜਾਂਦੇ ਹਾਂ; ਇਸਦਾ ਸਕੂਲ ਐਸਾ ਜਿੱਥੇ ਕੋਈ ਦਾਖਲਾ ਫੀਸ ਵੀ ਨਹੀਂ। ਸਖਤਾਈਆਂ ਐਨੀਆਂ ਕਿ ਕਦੇ ਵੀ ਗੈਰ-ਹਾਜ਼ਰ ਹੋ ਹੀ ਨਹੀਂ ਸਕਦੇ। ਜ਼ਿੰਦਗੀ ਜੋ ਪੜ੍ਹਾਉਂਦੀ ਤੇ ਸਿਖਾਉਂਦੀ ਹੈ, ਓਹਦੇ ਮੂਹਰੇ ਸਕੂਲਾਂ-ਕਾਲਜਾਂ ਵਾਲੀਆਂ ਡਿਗਰੀਆਂ ਵੀ ਫੇਲ੍ਹ ਹੋ ਜਾਂਦੀਆਂ ਨੇ। ਜ਼ਿੰਦਗੀ ਵਾਲੇ ਸਕੂਲ ਵਿੱਚ ਹਰ ਦਿਨ ਇਮਤਿਹਾਨ ਹੁੰਦਾ ਹੈ ਤੇ ਇਸਦਾ ਅਨੋਖਾ ਰਵੱਈਆ ਵੇਖੋ- ਫੇਲ੍ਹ ਹੋਏ ਨੂੰ ਤਾਂ ਭੱਜਣ ਲਈ ਆਖਦੀ ਹੀ ਹੈ ਤੇ ਪਾਸ ਹੋਏ ਨੂੰ ਦੌੜਨ ਲਾ ਦਿੰਦੀ ਹੈ। ਜ਼ਿੰਦਗੀ ਜੋ ਸਬਕ ਸਿਖਾਉਂਦੀ ਹੈ, ਉਹ ਕਿਸੇ ਵੀ ਸਕੂਲ ਦੇ ਕਾਇਦੇ ਵਿੱਚ ਨਹੀਂ ਅਤੇ ਜੋ ਕਈ ਤਰ੍ਹਾਂ ਦੀਆਂ ਪੜ੍ਹਾਈਆਂ ਅਸੀਂ ਸਕੂਲਾਂ ਵਿੱਚ ਸਿਰਫ ਪਾਸ ਹੋਣ ਲਈ ਪੜ੍ਹਦੇ ਹਾਂ, ਉਹ ਜ਼ਿੰਦਗੀ ਦੇ ਕਿਸੇ ਵੀ ਮੋੜ 'ਤੇ ਬਹੁਤਾ ਕੰਮ ਨਹੀਂ ਆਉਂਦੀਆਂ।

ਜੇ ਜ਼ਿੰਦਗੀ ਡਿੱਗਣਾ ਸਿਖਾਉਂਦੀ ਹੈ ਤਾਂ ਉਠ ਕੇ ਕੱਪੜੇ ਝਾੜ ਕੇ ਦੌੜਨ ਲਈ ਵੀ ਪ੍ਰੇਰਿਤ ਕਰਦੀ ਹੈ। ਜ਼ਿੰਦਗੀ ਸਾਨੂੰ ਅਜਿਹੇ ਕਾਇਦੇ ਪੜ੍ਹਾਉਂਦੀ ਹੈ, ਜਿਨ੍ਹਾਂ ਅੱਗੇ ਪੜ੍ਹੀਆਂ ਕਿਤਾਬਾਂ ਵੀ ਕਿਸੇ ਕੰਮ ਨਹੀਂ ਅਤੇ ਗ੍ਰੰਥਾਂ ਦੇ ਗਿਆਨ ਵਰਗਾ ਸਬਕ ਪੱਲੇ ਪੈ ਜਾਂਦਾ ਹੈ, ਜੋ ਜੀਵਨ ਦੇ ਰਾਹਾਂ ਉਤੇ 'ਕਿਸ ਮੋੜ 'ਤੇ ਕਿਵੇਂ ਬਚਣਾ ਹੈ', ਸਾਨੂੰ ਬਾਹੋਂ ਫੜ੍ਹ ਕੇ ਦੱਸਦਾ ਹੈ। ਜ਼ਿੰਦਗੀ ਵਾਲਾ ਸਫਰ ਆਪਣੇ ਆਪ ਵਿੱਚ ਇੱਕ ਵਿਸ਼ਵ ਵਿਦਿਆਲਿਆ ਹੈ। ਜ਼ਿੰਦਗੀ ਸਾਨੂੰ ਪੜ੍ਹਾਉਂਦੀ ਹੀ ਨਹੀਂ, ਆਪਣੀਆਂ ਲੋੜਾਂ ਨਾਲ ਲੜਾਉਂਦੀ ਵੀ ਹੈ ਤੇ ਸਿਦਕ ਦਾ ਆਸਰਾ ਲੈ ਜਿਤਾਉਂਦੀ ਵੀ ਹੈ। ਜ਼ਿੰਦਗੀ ਵਾਲਾ ਸਕੂਲ ਸਾਨੂੰ ਦੱਸਦਾ ਹੈ ਕਿ ਸਫਲਤਾ ਦਾ ਦੀਦਾਰ ਸਾਨੂੰ ਸੰਘਰਸ਼ ਦੀ ਕਿਸ ਨਦੀ ਦੇ ਪਾਰ ਕਿਨਾਰੇ ਹੋਵੇਗਾ। ਖੁਸ਼ੀਆਂ ਕਿਸ ਦੁਕਾਨੋਂ ਮੁੱਲ ਮਿਲਦੀਆਂ ਨੇ ਤੇ ਕਿਵੇਂ ਵੰਡਣੀਆਂ ਨੇ, ਸਾਨੂੰ ਜ਼ਿੰਦਗੀ ਸਮਝਾਉਂਦੀ ਹੈ। ਦੁੱਖਾਂ ਦੇ ਦਰਿਆ ਅਤੇ ਅੱਗ ਦੇ ਸਾਗਰ ਕਿਵੇਂ ਤੈਰਨੇ ਹਨ ਤੇ ਕਿਵੇਂ ਸੁੱਖਾਂ ਦੇ ਸਵੇਰ ਦਾ ਚੜ੍ਹਦਾ ਸੂਰਜ ਵੇਖਣਾ ਹੈ, ਸਾਨੂੰ ਕਿਤਾਬੀ-ਸਕੂਲ ਨਹੀਂ ਦੱਸਦੇ। ਉਹ ਤਾਂ ਸਿਰਫ ਜਮ੍ਹਾਂ-ਘਟਾਓ ਤੇ ਸ਼ਬਦਾਂ ਨੂੰ ਕਿਵੇਂ ਜੋੜਨਾ, ਦੱਸਦੇ ਹਨ ਪਰ ਜ਼ਿੰਦਗੀ ਵਾਲਾ ਸਕੂਲ ਨਫੇ-ਨੁਕਸਾਨ, ਹਾਸੇ-ਖੁਸ਼ੀਆਂ ਤੇ ਦੁੱਖ-ਸੁੱਖ ਦਾ ਜੋੜ ਘਟਾਓ ਤੋਤੇ ਵਾਂਗੂੰ ਰਟਾਅ ਦਿੰਦਾ ਹੈ। ਜ਼ਿੰਦਗੀ ਵਾਲੇ ਸਕੂਲੋਂ ਜਿਸਨੇ ਵੀ ਪਹਾੜੇ ਸਿੱਖ ਲਏ, ਉਸ ਦੀ ਸੋਚ ਦੇ ਪੱਲੜੇ ਅਮੀਰੀ ਅਤੇ ਗਰੀਬੀ ਨੂੰ ਤੋਲਣਾ ਸਿੱਖ ਜਾਂਦੇ ਹਨ ਤੇ ਨਕਲੀ ਚਿਹਰਿਆਂ ਉਤੇ ਬੇਈਮਾਨੀ ਦੀ ਸਿਆਹੀ ਨਾਲ ਲਿਖਿਆ ਝੂਠ ਵੀ ਪੜ੍ਹ ਲੈਂਦੇ ਹਨ। ਰੋਟੀ ਕਿਵੇਂ ਕਮਾਉਣੀ ਹੀ ਨਹੀਂ, ਕਿਵੇਂ ਪਕਾਉਣੀ ਹੈ, ਉਸਦੇ ਵੀ ਕਾਰੀਗਰ ਬਣਾ ਦਿੰਦੀ ਹੈ। ਖਾਬਾਂ ਨੂੰ ਖੰਭ ਲਾ ਕੇ ਮਿਹਨਤ ਦੇ ਅਸਮਾਨਾਂ ਵਿੱਚ ਕਿਵੇਂ ਉੱਡਣਾ ਤੇ ਸ਼ੁਹਰਤ ਦੀਆਂ ਮੰਜ਼ਿਲਾਂ ਉਤੇ ਕਿਵੇਂ ਅੱਪੜਨਾ, ਇਹ ਸਭ ਦੀ ਤਾਲੀਮ ਦਿੰਦਾ ਹੈ ਜ਼ਿੰਦਗੀ ਵਾਲਾ ਸਕੂਲ। ਜ਼ਿੰਦਗੀ ਵਿੱਚ ਲੱਗਣ ਵਾਲੀਆਂ ਠੋਕਰਾਂ ਹੱਥਾਂ ਉਤੇ ਵੱਜਣ ਵਾਲੇ ਉਹ ਡੰਡੇ ਨੇ, ਜਿਹੜੇ ਹੱਥਾਂ ਦੀਆਂ ਲਕੀਰਾਂ ਅਤੇ ਮੱਥੇ ਦੀਆਂ ਤਕਦੀਰਾਂ ਬਦਲਣ ਦੀ ਤਾਕਤ ਰੱਖਦੇ ਹਨ। ਜਿਵੇਂ ਜਿਵੇਂ ਅਸੀਂ ਜ਼ਿੰਦਗੀ ਵਿੱਚ ਵਿਚਰਦੇ ਹਾਂ, ਤਿਵੇਂ ਤਿਵੇਂ ਤਜਰਬੇ ਨਾਲ ਜੇਬਾਂ ਭਰਦੀਆਂ ਹਨ। ਜਦੋਂ ਕਾਲੇ ਚਿੱਟਿਆਂ ਵਿੱਚ ਤਬਦੀਲ ਹੁੰਦੇ ਹਨ ਤਾਂ ਬਿਨ ਬੋਲਿਆਂ ਹੀ ਦੱਸ ਹੋ ਜਾਂਦਾ ਹੈ ਕਿ ਇਹ ਪੜ੍ਹਿਆ ਹੀ ਨਹੀਂ, ਕੜ੍ਹਿਆ ਹੋਇਆ ਵੀ ਹੈ।

ਜ਼ਿੰਦਗੀ ਵਾਲੀ ਹਥੌੜੀ ਜਦ,
ਬੰਦੇ ਨੂੰ ਚੰਡਦੀ ਹੈ।
ਸਮਝੋ ਮਿਲੀਆਂ ਦਰਦਾਂ 'ਚੋਂ
ਖੁਸ਼ੀਆਂ ਨੂੰ ਛੰਡਦੀ ਹੈ।
ਲੱਗਦਾ ਵੰਡਦੀ ਦੁੱਖਾਂ ਨੂੰ ਪਰ
ਇਹ ਤਾਂ ਸੁੱਖ ਹੀ ਵੰਡਦੀ ਹੈ।
ਕਈ ਵਿਹਲੜ ਇਸ ਨੂੰ ਭੰਡਦੇ
ਪਰ ਇਹ ਨਾ ਕਿਸੇ ਨੂੰ ਭੰਡਦੀ ਹੈ।
ਖੂਬਸੂਰਤ ਜ਼ਿੰਦਗੀ 'ਨਿੰਮਿਆ' ਵੇ
ਖੱਟੇ-ਮਿੱਠੇ ਪਲਾਂ ਨਾਲ ਹੰਢਦੀ ਹੈ।


ਹਰ ਜ਼ਿੰਦਗੀ ਵਾਲੇ ਸਕੂਲ ਦੇ ਅਧਿਆਪਕਾਂ ਉਤੇ ਵੀ ਚਾਨਣਾ ਪਾ ਲਈਏ ਤੇ ਉਹ ਹਨ ਸਾਡੇ ਰਿਸ਼ਤੇਦਾਰ, ਮੁਲਾਹਜ਼ੇਦਾਰ ਤੇ ਦੋਸਤ-ਯਾਰ। ਜਿਹੜੇ ਸਬਕ ਸਾਨੂੰ ਇਹ ਸਿਖਾਉਂਦੇ ਨੇ, ਉਹ ਕਿਸੇ ਵੀ ਕਿਤਾਬ ਦਾ ਸਿਲੇਬਸ ਨਹੀਂ। ਇਨ੍ਹਾਂ ਦਾ ਸਿਖਾਇਆ ਬੰਦਾ ਸਾਰੀ ਉਮਰ ਮਾਰ ਨਹੀਂ ਖਾ ਸਕਦਾ, ਪਰ ਇਨ੍ਹਾਂ ਦੀ ਫੀਸ ਬੜੀ ਮਹਿੰਗੀ ਹੁੰਦੀ ਹੈ। ਇਹ ਪਹਿਲਾਂ ਤੁਹਾਡੇ ਭਰੋਸੇ ਵਾਲੇ ਦੁੱਧ ਵਿੱਚ ਵਿਸ਼ਵਾਸ਼ ਕਰਨ ਵਾਲੀਆਂ ਨੀਂਦ ਦੀਆਂ ਗੋਲੀਆਂ ਮਿਲਾਉਂਦੇ ਨੇ ਤੇ ਮਗਰੋਂ ਵਿਸ਼ਵਾਸ ਦੀ ਨੀਂਦ ਸੁੱਤਿਆਂ ਤੁਹਾਡੇ ਭਰੋਸੇ ਵਾਲੇ ਖਜ਼ਾਨੇ ਨੂੰ ਲੁੱਟ ਕੇ ਕੰਗਾਲ ਕਰਦੇ ਨੇ। ਫਿਰ ਮਤਲਬਪ੍ਰਸਤੀ ਦਾ ਲਿਬਾਸ ਪਾ ਕੇ ਤੁਹਾਨੂੰ ਹੀ ਗਲਤ ਸਾਬਤ ਕਰਨ ਦੀਆਂ ਜੁਗਤਾਂ ਬਣਾਉਂਦੇ ਨੇ। ਇਨ੍ਹਾਂ ਮਤਲਬਖੋਰੀ ਦੀਆਂ ਉਹ ਕਿਤਾਬਾਂ ਵੀ ਪੜ੍ਹੀਆਂ ਹੁੰਦੀਆਂ ਨੇ, ਜਿਹੜੀਆਂ ਅਜੇ ਤੱਕ ਛਪੀਆਂ ਵੀ ਨਹੀਂ ਹੁੰਦੀਆਂ। ਚੰਗੀ ਸੋਚ ਨਾਲ ਕੀਤੀ ਹੋਈ ਮਦਦ ਨੂੰ ਇਹ ਇੱਕ ਗੁਨਾਹ ਬਣਾ ਦਿੰਦੇ ਨੇ। ਇਹ ਬੇਈਮਾਨੀ ਦੇ ਚੁੱਲ੍ਹੇ 'ਤੇ ਐਸਾ ਫਰੇਬੀ ਵਾਲਾ ਦੁੱਧ ਗਰਮ ਕਰਕੇ ਪਿਲਾਉਂਦੇ ਨੇ ਕਿ ਬੰਦਾ ਲੱਸੀ ਨੂੰ ਵੀ ਫੂਕਾਂ ਮਾਰ ਕੇ ਪੀਣ ਲੱਗ ਜਾਂਦਾ! ਐਸੇ ਗੱਦਾਰਾਂ ਹੱਥੋਂ ਡੰਗੇ ਹੋਏ ਨੂੰ ਸ਼ਰੀਫਾਂ ਵਿੱਚੋਂ ਵੀ ਸੱਪ ਨਜ਼ਰ ਆਉਂਦੇ ਨੇ ਤੇ ਸਭਨਾਂ ਉਤੋਂ ਭਰੋਸਾ ਉਠ ਜਾਂਦਾ ਹੈ। ਲਿਖਤ ਨੂੰ ਸਮਾਪਿਤ ਕਰਨ ਲੱਗਿਆਂ ਇਹੋ ਆਖਾਂਗਾ ਕਿ ਸਕੂਲਾਂ ਵਿੱਚ ਨਹੀਂ ਪੜ੍ਹ ਸਕੇ ਕੋਈ ਗੱਲ ਨਹੀਂ, ਪਰ ਜੋ ਜ਼ਿੰਦਗੀ ਵਾਲਾ ਸਕੂਲ ਪੜ੍ਹਾਉਂਦਾ ਹੈ, ਪੜ੍ਹ ਲਿਆ ਕਰੋ; ਕਿਉਂਕਿ ਇਹ ਪੜ੍ਹਾਈ ਹੀ ਇਨਸਾਨ ਨੂੰ ਸਫਲ ਬਣਾਉਂਦੀ ਹੈ। ਖਾਧਾ ਹੋਇਆ ਇੱਕ ਧੋਖਾ ਤੁਹਾਨੂੰ ਕਈ ਧੋਖਿਆਂ ਤੋਂ ਬਚਾਉਂਦਾ ਹੈ।

ਆਪਣੇ ਬੱਚਿਆਂ ਨਾਲ ਵੀ ਜ਼ਿੰਦਗੀ ਵਾਲੇ ਸਕੂਲ ਦੀਆਂ ਬਾਤਾਂ ਪਾਇਆ ਕਰੋ ਤਾਂ ਜੋ ਉਹ ਅਨੇਕ ਤਰ੍ਹਾਂ ਦੇ ਧੋਖਿਆਂ ਤੋਂ ਬਚ ਸਕਣ; ਕਿਉਂਕਿ ਉਹ ਵੀ ਜਿੰਨਿਆਂ ਮਰਜ਼ੀ ਸਕੂਲਾਂ ਵਿੱਚ ਪੜ੍ਹ ਲੈਣ, ਪਰ ਆਖਰ ਅਸਲ ਕਲਾਸਾਂ ਤਾਂ ਜ਼ਿੰਦਗੀ ਵਾਲੇ ਸਕੂਲ ਵਿੱਚ ਹੀ ਲੱਗਣੀਆਂ ਨੇ। ਨਹੀਂ ਤਾਂ ਜਾਣਕਾਰੀਆਂ ਨੂੰ ਕੋਈ ਨਹੀਂ ਪੁੱਛਦਾ ਕਿ ਬਾਬਰ ਨੇ ਪਹਿਲਾ ਹਮਲਾ ਕਦੋਂ ਕੀਤਾ ਸੀ! ਜੀਵਨ ਜਾਚ ਤਾਂ ਜ਼ਿੰਦਗੀ ਵਾਲ ਸਕੂਲ ਹੀ ਸਿਰਜਦਾ ਹੈ।

ਮਰ ਕੇ ਜੀਣਾ ਤੇ ਜੀਅ ਕੇ ਮਰਨਾ,
ਸਿਖਾਉਂਦੀ ਹੈ ਜ਼ਿੰਦਗੀ।
ਤਰ ਕੇ ਡੁੱਬਣਾ ਤੇ ਡੁੱਬ ਕੇ ਤਰਨਾ,
ਸਿਖਾਉਂਦੀ ਹੈ ਜ਼ਿੰਦਗੀ।
ਹਰ ਕੇ ਜਿੱਤਣਾ ਤੇ ਜਿੱਤ ਕੇ ਹਰਨਾ,
ਸਿਖਾਉਂਦੀ ਹੈ ਜ਼ਿੰਦਗੀ।
ਸੁੱਖ ਨੂੰ ਲੱਭਣਾ ਤੇ ਦੁੱਖ ਨੂੰ ਜਰਨਾ,
ਸਿਖਾਉਂਦੀ ਹੈ ਜ਼ਿੰਦਗੀ।
ਕਿੱਦਾਂ ਪੱਗ ਬਣਾਉਣਾ ਪਰਨਾ,
ਸਿਖਾਉਂਦੀ ਹੈ ਜ਼ਿੰਦਗੀ।
'ਨਿੰਮਿਆ' ਕਿਵੇਂ 'ਕੱਲੇ ਦਾ ਸਰਨਾ,
ਸਿਖਾਉਂਦੀ ਹੈ ਜ਼ਿੰਦਗੀ।

ਹੂਕ

ਸੁਖਜੀਤ ਸਿੰਘ ਵਿਰਕ
ਫੋਨ+91-9815897878



# ਲੰਘੇ ਹੋਏ ਪਾਣੀ...

ਬੇਸ਼ੱਕ ਚਾਰ ਦਹਾਕੇ ਬੀਤ ਗਏ ਸਨ, ਪਰ ਇੱਕ ਫੋਨ ਕਾਲ ਨੇ ਚੇਤਿਆਂ ਦੀਆਂ ਖਾਮੋਸ਼ ਪਈਆਂ ਤਾਰਾਂ ਛੇੜ ਦਿੱਤੀਆਂ, ਸਭ ਯਾਦਾਂ ਤਾਜ਼ਾ ਕਰ ਦਿੱਤੀਆਂ। ਹਰਜਿੰਦਰ ਫੋਨ 'ਤੇ ਆਵਾਜ਼ਾਂ ਮਾਰਦਾ ਕਹਿ ਰਿਹਾ ਸੀ, "ਓਏ ਆਜਾ ਆਪਣੇ ਯਾਰਾਂ ਨੂੰ ਨਾਲ ਲੈ ਕੇ... ਮੈਨੂੰ ਪ੍ਰਿੰਸੀਪਲ ਦੀ ਕੁਰਸੀ 'ਤੇ ਬੈਠਾ ਵੇਖ ਜਾ...। ਬਸ ਦਸ ਦਿਨ ਬਾਕੀ ਨੇ... ਮੈਂ 31 ਜਨਵਰੀ ਨੂੰ ਰਿਟਾਇਰ ਹੋ ਜਾਣੈਂ, ਆਜਾ ਲੈ ਲਈਏ ਨਜ਼ਾਰੇ ਜਾਂਦੀ ਵਾਰ ਦੇ।"

ਕਦੇ ਨਹੀਂ ਭੁੱਲਣਾ ਪਿਆਰਾ ਸਮਾਂ ਸਾਲ 1982 ਦਾ, ਜਦੋਂ ਸਰਕਾਰੀ ਨੈਸ਼ਨਲ ਕਾਲਜ ਸਿਰਸਾ ਵਿੱਚ ਪਰੈਪ ਵਿੱਚ ਦਾਖਲਾ ਲਿਆ ਤਾਂ ਜਵਾਨੀ ਦਾ ਜੋਸ਼ ਬੇਲਗਾਮ ਘੋੜੇ ਵਾਂਗ ਸਰਪੱਟ ਦੌੜ ਰਿਹਾ ਸੀ। ਇਸ ਕਾਲਜ ਵਿੱਚ ਅਸੀਂ ਇਕੱਠੇ ਪੜ੍ਹੇ ਸਾਂ, ਫਿਰ ਸਮੇਂ ਦਾ ਸਬੱਬ ਕਿ ਉਚੇਰੀ ਸਿੱਖਿਆ ਉਪਰੰਤ ਹਰਜਿੰਦਰ ਇੱਥੇ ਹੀ ਅੰਗਰੇਜ਼ੀ ਦਾ ਲੈਕਚਰਰ ਲੱਗ ਕੇ ਵਿਭਾਗ ਦਾ ਮੁਖੀ ਬਣਿਆ ਅਤੇ ਫਿਰ ਪ੍ਰਿੰਸੀਪਲ ਦੀ ਕੁਰਸੀ 'ਤੇ ਜਾ ਬੈਠਾ; ਪਰ ਇੱਥੋਂ ਹੀ ਐੱਨ.ਸੀ.ਸੀ. ਦੀ ਪਾਈ ਵਰਦੀ ਦਾ ਸ਼ੌਕ, ਜਨੂਨ ਬਣ ਕੇ ਮੇਰੇ ਅਜਿਹਾ ਸਿਰ ਚੜ੍ਹ ਬੋਲਿਆ ਕਿ ਮੈਂ ਅਫਸਰ ਬਣ ਪੰਜਾਬ ਪੁਲਿਸ ਦੀ ਸਟਾਰਾਂ ਵਾਲੀ ਵਰਦੀ ਦੇ ਕਲਾਵੇ ਵਿੱਚ ਜਾ ਬੈਠਾ ਸਾਂ। ਫਿਰ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕਈ ਕਈ ਵਰ੍ਹਿਆਂ ਬਾਅਦ ਕਦੇ ਕਦਾਈਂ ਵਿਹਲ ਮਿਲਦੀ ਤਾਂ ਹਰਜਿੰਦਰ ਨੂੰ ਮਿਲਣ ਬਹਾਨੇ ਕਾਲਜ ਵੀ ਫੇਰਾ ਪੈ ਜਾਂਦਾ। ਰੰਗਲੇ ਦਿਨਾਂ ਨੂੰ ਯਾਦ ਕਰਕੇ ਰੂਹ ਖਿੜ ਉਠਦੀ, ਪਰ ਅੱਜ ਉਸ ਨੇ ਵੀ ਰੁਖਸਤ ਹੋਣ ਦਾ ਸੁਨੇਹਾ ਦੇ ਦਿੱਤਾ ਸੀ। ਮੈਂ ਬੇਚੈਨ ਹੋ ਗਿਆ ਸਾਂ, 'ਸੱਦੀ ਹੋਈ ਮਿੱਤਰਾਂ ਦੀ ਪੈਰ ਜੁੱਤੀ ਨਾ ਪਾਵਾਂ' ਦੀ ਕਹਾਵਤ ਵਾਂਗ ਉੱਡ ਕੇ ਪਹੁੰਚ ਜਾਣਾ ਚਾਹੁੰਦਾ ਸਾਂ। ਤੇਜ ਰਫਤਾਰ ਕਾਰ ਹਵਾ ਨਾਲ ਗੱਲਾਂ ਕਰਦੀ ਜਾ ਰਹੀ ਸੀ, ਪਰ ਮੋਹਾਲੀ ਤੋਂ ਚਾਰ ਕੁ ਘੰਟਿਆਂ ਵਿੱਚ ਤੈਅ ਹੋ ਜਾਣ ਵਾਲਾ ਸਫਰ ਸੀ ਕਿ ਮੁੱਕ ਹੀ ਨਹੀਂ ਰਿਹਾ ਸੀ, ਇਸ ਉਚੇਚੇ ਸੱਦੇ 'ਤੇ ਆਪਣੇ ਕੁਝ ਕੁ ਪੁਰਾਣੇ ਜੋਟੀਦਾਰਾਂ ਨਿਰਮਲ, ਸੁਖਦੇਵ, ਗੁਰਦੇਵ, ਭਾਅ ਜਿੰਦਾ, ਸਿੰਦਰਪਾਲ ਅਤੇ ਬਲਦੇਵ ਸੰਗ ਸਾਲਾਂ ਬਾਅਦ ਇਕੱਠਿਆਂ ਕਾਲਜ ਦੇ ਗੇਟ 'ਤੇ ਪੁੱਜ ਕੇ ਬੁਲੰਦ ਖੜੀ ਇਮਾਰਤ ਵੱਲ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਦੇ ਹੋਏ ਜਦ ਅੰਦਰ ਪੈਰ ਪਾਇਆ ਤਾਂ ਜਾਪਿਆ ਜਿਵੇਂ ਖੰਭ ਲੱਗ ਗਏ ਹੋਣ, ਜਵਾਨੀ ਮੁੜ ਆਈ ਹੋਵੇ, ਹਵਾਵਾਂ ਗੀਤ ਗਾ ਰਹੀਆਂ ਹੋਣ, ਮਹਿਕਾਂ ਵੰਡ ਰਹੀਆਂ ਹੋਣ, ਜਿਵੇਂ 'ਲੰਘੇ ਹੋਏ ਪਾਣੀ' ਕਿੱਧਰੋਂ ਮੁੜ ਆਏ ਹੋਣ।

ਹਰਜਿੰਦਰ ਵੱਲੋਂ ਅੱਗੋਂ ਆ ਕੇ ਗਰਮ ਜੋਸ਼ੀ ਨਾਲ ਗੁਲਦਸਤੇ ਦੇ ਕੇ ਕੀਤੇ ਸਵਾਗਤ ਨੇ ਝੂਮਣ ਲਾ ਦਿੱਤਾ। ਕਾਲਜ ਦੇ ਕੋਨੇ ਕੋਨੇ ਵਿੱਚ ਆਪਣੇ ਸੰਗੀਆਂ ਸੰਗ ਘੁੰਮਦੇ ਹੋਏ ਪੁਰਾਣੇ ਪਰ ਹੁਣ ਵੀ ਮੌਜੂਦ ਦਰੱਖਤਾਂ, ਕੰਧਾਂ ਕਮਰਿਆਂ ਅਤੇ ਥਮਲਿਆਂ ਨੂੰ ਛੂਹ ਕੇ ਬੀਤੇ ਵਕਤ ਦੀਆਂ ਤਸਵੀਰਾਂ ਚਿਤਵਦੇ ਖਿਆਲਾਂ ਵਿੱਚ ਗੁਆਚ ਗਏ ਸਾਂ। ਜਿਨ੍ਹਾਂ ਬੈਂਚਾਂ 'ਤੇ ਬੈਠ ਕੇ ਕਦੇ ਪੜ੍ਹਦੇ ਰਹੇ ਸਾਂ, ਉਨ੍ਹਾਂ ਬੈਂਚਾਂ 'ਤੇ ਮੁੜ ਮੁੜ ਬੈਠ ਕੇ ਵੇਖਿਆ, ਸਾਨੂੰ ਪੜ੍ਹਾਉਂਦੀਆਂ ਰਹੀਆਂ ਉਸ ਵਕਤ ਦੀਆਂ ਮਹਾਨ ਸ਼ਖਸੀਅਤਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਬੜੇ ਸਨਮਾਨ ਨਾਲ ਨਾਮ ਲੈ ਲੈ ਕੇ ਯਾਦ ਕੀਤਾ। ਬੀਤੇ ਦੀਆਂ ਬਾਤਾਂ ਪਾਉਂਦੇ ਅਸੀਂ ਇੱਕ ਦੂਜੇ ਨਾਲ ਪੁਰਾਣੀਆਂ ਨਿੱਕੀਆਂ ਵੱਡੀਆਂ ਘਟਨਾਵਾਂ ਦੀਆਂ ਯਾਦਾਂ ਤਾਜ਼ਾ ਕਰਦਿਆਂ ਸੁਪਨਿਆਂ ਦੇ ਸਮੁੰਦਰ ਵਿੱਚ ਡੂੰਘੀਆਂ ਤਾਰੀਆਂ ਲਾ ਰਹੇ ਸਾਂ, ਅੱਖਾਂ ਸਾਹਮਣੇ ਸਭ ਦ੍ਰਿਸ਼ ਰੂਪਮਾਨ ਹੋ ਰਹੇ ਸਨ, ਯੁਵਕ ਮੇਲਿਆਂ ਦੇ ਗਿੱਧੇ, ਭੰਗੜੇ, ਨਾਟਕ, ਗੀਤ-ਸੰਗੀਤ ਮੁਕਾਬਲੇ, ਹੋਸਟਲ ਦਾ ਖਾਣਾ, ਕੰਟੀਨ ਦੀ ਚਾਹ, ਰਸਗੁੱਲੇ, ਸਮੋਸੇ, ਖੇਡ ਮੈਦਾਨਾਂ ਵਿੱਚ ਮਾਰੀਆਂ ਮੱਲਾਂ, ਉਸੇ ਹੀ ਸਾਲ ਨੌਕਰੀ ਵਿੱਚ ਆਏ ਡਾ. ਸੁਖਦੇਵ ਸਿੰਘ ਜੋ ਆਪਣੇ ਨਾਮ ਨਾਲ ਤਖੱਲੁਸ 'ਸਿਰਸਾ' ਜੋੜ ਕੇ ਸਦਾ ਲਈ ਡਾ. ਸੁਖਦੇਵ ਸਿੰਘ ਸਿਰਸਾ ਹੋ ਗਏ, ਵੱਲੋਂ ਕਿਸੇ ਨਿੱਜੀ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਆਏ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ ਲਿਆ ਕੇ ਕਰਵਾਏ ਰੂਬਰੂ ਤੇ ਸੰਵਾਦ ਦੀਆਂ ਬੇਬਾਕ ਗੱਲਾਂ ਅਤੇ ਬੜਾ ਕੁਝ ਹੋਰ ਯਾਦ ਕਰਦਿਆਂ ਕਦੇ ਵੀ ਨਾ ਮੁੜਨ ਵਾਲਾ ਬੇਫਿਕਰ ਜਵਾਨੀ ਦਾ ਅੱਖਾਂ ਵਿੱਚ ਉਮੜਿਆ ਜਲੌਅ ਇੱਕ ਵੱਖਰਾ ਸਰੂਰ ਦੇ ਰਿਹਾ ਸੀ। ਇੱਕ ਦੂਜੇ ਦੀਆਂ ਚੁਲਬਲੀਆਂ ਕਿੱਸੇ ਕਹਾਣੀਆਂ ਟਕੋਰਾਂ ਲਾ ਲਾ ਸੁਣਾ ਕੇ ਖੂਬ ਸਵਾਦ ਲਿਆ ਜਾ ਰਿਹਾ ਸੀ।




ਕਾਲਜ ਦੇ ਮੌਜੂਦਾ ਵਿਦਿਆਰਥੀ ਆਪਣੇ ਪ੍ਰਿੰਸੀਪਲ ਨੂੰ ਸਮਕਾਲੀ ਸਾਥੀ ਵਿਦਿਆਰਥੀਆਂ ਭਾਵ ਸਾਡੇ ਨਾਲ ਘੁੰਮਦਿਆਂ ਵੇਖ ਆਪਸ ਵਿੱਚ ਖੁਸਰ-ਮੁਸਰ ਕਰਦੇ ਟੇਢਾ ਟੀਰਾ ਹੋ ਕੇ ਤੱਕ ਰਹੇ ਸਨ। ਅਸੀਂ ਇੱਕ ਦੂਜੇ ਦੇ ਧੌਲਿਆਂ ਭਰੇ ਢਲੇ ਹੋਏ ਚਿਹਰਿਆਂ ਵਿੱਚੋਂ ਜਵਾਨੀ ਦੇ ਰੰਗਾਂ ਵਿੱਚ ਰੰਗੇ ਪਰ ਵਕਤ ਦੀ ਗਰਦਿਸ਼ ਵਿੱਚ ਗੁਆਚ ਗਏ ਨਕਸ਼ ਤਲਾਸ਼ ਰਹੇ ਸਾਂ, ਚੇਤਿਆਂ ਵਿੱਚ ਉਤਰੀਆਂ ਹੋਈਆਂ ਤਸਵੀਰਾਂ ਫਰੋਲਣ ਦਾ ਯਤਨ ਕਰ ਰਹੇ ਸਾਂ। ਸਭ ਪਾਸੇ ਘੁੰਮ ਘੁਮਾ ਕੇ ਪ੍ਰਿੰਸੀਪਲ ਦੇ ਉਸ ਵਿਸ਼ੇਸ਼ ਕਮਰੇ ਵਿੱਚ ਜਾ ਕੇ ਸੋਫਿਆਂ 'ਤੇ ਬਿਰਾਜਮਾਨ ਹੋ ਗਏ ਸਾਂ, ਜਿਸ ਅੰਦਰ ਦਾਖਲ ਹੋਣ ਲਈ ਕਦੇ ਖਾਸ ਹਿੰਮਤ ਜੁਟਾਉਣੀ ਪੈਂਦੀ ਸੀ। ਸਾਡੀ ਉਚੇਚੀ ਮੰਗ 'ਤੇ ਨਾਲ ਲੱਗਦੇ ਲੱਖਾ ਸਿੰਘ ਦੇ ਹੋਟਲ ਤੋਂ ਮੰਗਵਾਏ ਸਮੋਸਿਆਂ ਦੇ ਪੁਰਾਣੇ ਸਵਾਦ ਨੇ ਰੂਹ ਰਾਜੀ ਕਰ ਦਿੱਤੀ। ਕਦੇ ਨਾ ਮੁੱਕਣ ਵਾਲੀਆਂ ਦਿਲਾਂ ਦੇ ਵਲਵਲਿਆਂ ਨਾਲ ਭਰਪੂਰ ਗੱਲਾਂ ਕਰਦਿਆਂ ਚਾਰ ਦਹਾਕਿਆਂ ਬਾਅਦ ਇਕੱਠੇ ਬਿਤਾਏ ਚਾਰ ਘੰਟਿਆਂ ਦਾ ਸਮਾਂ, ਚਾਰ ਮਿੰਟਾਂ ਵਿੱਚ ਕਦੋਂ ਬੀਤ ਗਿਆ, ਪਤਾ ਹੀ ਨਾ ਲੱਗਾ।

ਅੰਤ ਵਿੱਚ ਇੱਕ ਯਾਦਗਾਰੀ ਤੋਹਫਾ ਨਿਸ਼ਾਨੀ ਵਜੋਂ ਹਰਜਿੰਦਰ ਨੂੰ ਭੇਟ ਕਰਕੇ ਜਦੋਂ ਰੁਖਸਤ ਹੋਣ ਲੱਗੇ ਤਾਂ ਕੁਝ ਛਿਣ ਪਹਿਲਾਂ ਹਾਸਿਆਂ ਨਾਲ ਗੂੰਜ ਰਿਹਾ ਪ੍ਰਿੰਸੀਪਲ ਹਰਜਿੰਦਰ ਸਿੰਘ ਦਾ ਦਫਤਰ ਜਿਵੇਂ ਇਕਦਮ ਹੀ ਸ਼ਾਂਤ ਅਤੇ ਉਦਾਸ ਹੋ ਗਿਆ ਸੀ। ਸਭਨਾਂ ਦੇ ਚਿਹਰਿਆਂ 'ਤੇ ਵਰ੍ਹਿਆਂ ਬਾਅਦ ਮਿਲਣ ਦੀ ਖੁਸ਼ੀ ਦੇ ਨਾਲ ਨਾਲ ਮੁੜ ਵਿਦਾ ਹੋ ਵਿਛੜਨ ਦਾ ਅਹਿਸਾਸ ਭਾਰੂ ਹੋ ਗਿਆ ਸੀ ਅਤੇ ਮਨਾਂ ਵਿੱਚ ਇੱਕ ਹੀ ਭਾਵ ਸੀ ਕਿ ਜਿਸ ਹਰਜਿੰਦਰ ਦੇ ਬੁਲਾਵੇ ਬਹਾਨੇ ਇਕੱਠੇ ਹੋਏ ਸਾਂ, ਉਹ ਵੀ ਕੁਝ ਹੀ ਦਿਨਾਂ ਵਿੱਚ ਇਸ ਕਾਲਜ ਨੂੰ ਅਲਵਿਦਾ ਹਮੇਸ਼ ਕਹਿ ਰਿਹਾ ਸੀ। ਇਸ ਲਈ ਮਨਾਂ ਵਿੱਚ ਮਲਾਲ ਸੀ ਕਿ ਦਹਾਕਿਆਂ ਬਾਅਦ ਮਿਲਿਆ ਇਹ ਬੁਲਾਵਾ ਅਤੇ ਬਹਾਨਾ ਮੁੜ ਫੇਰ ਕਦੇ ਨਹੀਂ ਮਿਲੇਗਾ, ਨਾ ਹੀ ਕਦੇ ਇਹ ਸਮਾਂ ਮੁੜ ਆਵੇਗਾ ਅਤੇ ਕਈ ਸਾਲਾਂ ਬਾਅਦ ਇਕੱਠਿਆਂ ਬਿਤਾਏ ਇਹ ਬੇਸ਼ਕੀਮਤੀ ਪਲ ਵੀ ਯਾਦਾਂ ਦੀ ਪਟਾਰੀ ਵਿੱਚ ਯਾਦਾਂ ਬਣ ਦਿਲ ਦੀਆਂ ਗਹਿਰਾਈਆਂ ਵਿੱਚ ਕਿਤੇ ਡੂੰਘੇ ਸਮਾਅ ਜਾਣਗੇ। ਅਖੀਰ ਵਿਦਾ ਹੋਣ ਲੱਗਿਆਂ ਇੱਕ ਦੂਜੇ ਨੂੰ ਗਲੇ ਮਿਲਦਿਆਂ ਕਾਲਜ ਦੇ ਮੁੱਖ ਬਰਾਮਦੇ ਦੀ ਸਰਦਲ ਨੂੰ ਨਮ ਅੱਖਾਂ ਨਾਲ ਨਿਉਂਕੇ ਮੱਥਾ ਟੇਕਦੇ ਹੋਏ ਆਪ ਮੁਹਾਰੇ ਇਹ ਸ਼ਬਦ ਜ਼ੁਬਾਨ 'ਤੇ ਆ ਗਏ:

ਬੇਸ਼ੱਕ ਹੋ ਗਏ ਹਾਂ ਦੂਰ ਤੈਥੋਂ
ਤੁਰ ਗਏ ਹਾਂ ਵੱਖਰੇ ਪੈਂਡਿਆਂ 'ਤੇ
ਪਰ ਐ ਪਿਆਰੇ ਕਾਲਜ, ਸਲਾਮ,
ਤੇਰੀ ਤਸਵੀਰ, ਤੇਰੀ ਬੁਲੰਦ ਇਮਾਰਤ ਯਾਦ ਰਹੇਗੀ
ਬੀਤਿਆ ਵਕਤ ਤੇ ਜੋ ਵੀ ਹੋਈ ਬੀਤੀ
ਹਰ ਹਰਕਤ ਹਰ ਸ਼ਰਾਰਤ ਯਾਦ ਰਹੇਗੀ
ਉੱਕਰ ਦਿੱਤੀ ਜੋ ਸਾਡੇ ਦਿਲਾਂ ਉੱਤੇ
ਸਾਨੂੰ ਤੇਰੀ ਹਰ ਇਬਾਰਤ ਯਾਦ ਰਹੇਗੀ।

# ਮਨੁੱਖੀ ਜੀਵਨ ਦੇ ਨਵੇਂ ਸੰਕਟ

## ਮਹਾਨਗਰ ਦੀ ਰੌਸ਼ਨੀ ਖਾ ਗਈ ਚੰਨ ਦੀ ਚਾਨਣੀ

**ਸੁਸ਼ੀਲ ਦੁਸਾਂਝ**

ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ। ਇਹ ਬਦਲਾਅ ਇੰਨਾ ਤੇਜ਼ ਅਤੇ ਤਿੱਖਾ ਹੈ ਕਿ ਮਨੁੱਖ ਨੂੰ ਆਪਣੇ ਪੈਰਾਂ ਹੇਠਲੀ ਧਰਤੀ ਵੀ ਕਈ ਵਾਰ ਖਿਸਕਦੀ ਮਹਿਸੂਸ ਹੁੰਦੀ ਹੈ। ਇਹ ਸਿਰਫ਼ ਤਕਨਾਲੋਜੀ ਜਾਂ ਇਮਾਰਤਾਂ ਦਾ ਬਦਲਾਅ ਨਹੀਂ, ਸਗੋਂ ਮਨੁੱਖੀ ਜੀਵਨ ਦੇ ਅਰਥਾਂ ਦਾ ਬਦਲਾਅ ਹੈ। ਪਹਿਲਾਂ ਜਿੱਥੇ ਤਰੱਕੀ ਨੂੰ ਸੁੱਖ, ਸੰਤੁਸ਼ਟੀ ਅਤੇ ਸਾਂਝੀ ਖੁਸ਼ਹਾਲੀ ਨਾਲ ਜੋੜਿਆ ਜਾਂਦਾ ਸੀ, ਉੱਥੇ ਅੱਜ ਇਹ ਬਦਲਾਅ ਕਈ ਵਾਰ ਹੜਬੜਾਹਟ, ਲੜਖੜਾਹਟ ਅਤੇ ਅਸਥਿਰਤਾ ਦਾ ਪ੍ਰਤੀਕ ਬਣ ਗਿਆ ਹੈ। ਮਨੁੱਖ ਨੇ ਆਪਣੀ ਸਹੂਲਤ ਲਈ ਇੱਕ ਨਵੀਂ ਦੁਨੀਆ ਤਾਂ ਖੜ੍ਹੀ ਕਰ ਲਈ ਹੈ, ਪਰ ਉਸ ਵਿੱਚ ਉਸ ਦੀ ਆਪਣੀ ਅਸਲੀ ਥਾਂ ਕਿੱਥੇ ਹੈ? ਇਹ ਸਵਾਲ ਹੋਰ ਵੀ ਗੁੰਝਲਦਾਰ ਹੋ ਗਿਆ ਹੈ। ਬਦਲਾਅ ਦਾ ਇਹ ਦੌਰ ਸਿਰਫ਼ ਬਾਹਰੀ ਨਹੀਂ, ਸਗੋਂ ਮਨੁੱਖ ਦੇ ਅੰਦਰਲੇ ਸੰਸਾਰ ਨੂੰ ਵੀ ਬਦਲ ਰਿਹਾ ਹੈ।

ਕੈਨੇਡਾ ਵਿੱਚ ਵਸਦੇ ਕਵੀ ਅਮਰਜੀਤ ਸਾਥੀ ਦੇ ਹਾਈਕੂ ਦੀਆਂ ਇਹ ਸਤਰਾਂ, "ਮਹਾਨਗਰ ਦੀ ਰੌਸ਼ਨੀ, ਖਾ ਗਈ ਚੰਨ ਦੀ ਚਾਨਣੀ, ਤਾਰੇ ਗਏ ਗੁੰਮ।" ਅੱਜ ਦੇ ਸਮੇਂ ਦੀ ਸਭ ਤੋਂ ਡੂੰਘੀ ਹਕੀਕਤ ਨੂੰ ਬਿਆਨ ਕਰਦੀਆਂ ਹਨ। ਇਹ ਸਿਰਫ਼ ਇੱਕ ਕਵਿਤਾ ਨਹੀਂ, ਸਗੋਂ ਇੱਕ ਸਮਾਜਕ ਟਿੱਪਣੀ ਹੈ, ਜੋ ਸਾਡੇ ਸਮੇਂ ਦੇ ਗਹਿਰੇ ਦੁਖਾਂਤ ਨੂੰ ਦਰਸਾਉਂਦੀ ਹੈ। ਇਹ ਪੰਗਤੀਆਂ ਸਾਨੂੰ ਸਿਰਫ਼ ਆਕਾਸ਼ ਦੇ ਬਦਲਦੇ ਦ੍ਰਿਸ਼ ਦੀ ਯਾਦ ਨਹੀਂ ਦਿਵਾਉਂਦੀਆਂ, ਸਗੋਂ ਇਹ ਵੀ ਦੱਸਦੀਆਂ ਹਨ ਕਿ ਮਨੁੱਖ ਨੇ ਆਪਣੀ ਬਣਾਈ ਹੋਈ ਰੌਸ਼ਨੀ ਵਿੱਚ ਕੁਦਰਤ ਦੀ ਅਸਲੀ ਰੌਸ਼ਨੀ ਨੂੰ ਹੀ ਮਿਟਾ ਦਿੱਤਾ ਹੈ। ਇਹ ਇੱਕ ਅਜਿਹੀ ਰੌਸ਼ਨੀ ਹੈ, ਜੋ ਦਿਖਾਈ ਤਾਂ ਬਹੁਤ ਦਿੰਦੀ ਹੈ, ਪਰ ਸਮਝਣ ਦੀ ਸਮਰੱਥਾ ਨੂੰ ਘਟਾ ਰਹੀ ਹੈ।

ਆਰਥਿਕ ਉਦਾਰੀਕਰਨ ਨੂੰ ਅਕਸਰ ਤਰੱਕੀ ਦਾ ਦਰਵਾਜ਼ਾ ਮੰਨਿਆ ਜਾਂਦਾ ਹੈ। ਇਸ ਨੇ ਬਾਜ਼ਾਰਾਂ ਨੂੰ ਖੋਲ੍ਹਿਆ, ਨਵੇਂ ਮੌਕੇ ਪੈਦਾ ਕੀਤੇ ਅਤੇ ਖਪਤ ਨੂੰ ਵਧਾਇਆ। ਇਸ ਨਾਲ ਜੀਵਨ ਆਸਾਨ ਤਾਂ ਹੋਇਆ ਅਤੇ ਇਸਨੇ ਮਨੁੱਖ ਲਈ ਨਵੀਆਂ ਸੰਭਾਵਨਾਵਾਂ ਦੇ ਰਾਹ ਖੁੱਲ੍ਹੇ, ਪਰ ਇਸ ਦੇ ਨਾਲ ਹੀ ਇਸ ਨੇ ਮਨੁੱਖੀ ਜੀਵਨ ਦੇ ਬੁਨਿਆਦੀ ਅਰਥਾਂ ਨੂੰ ਵੀ ਬਦਲ ਦਿੱਤਾ। ਹੁਣ ਮਨੁੱਖ ਦੀ ਕਦਰ ਉਸ ਦੇ ਵਿਚਾਰਾਂ, ਸੰਵੇਦਨਸ਼ੀਲਤਾ ਜਾਂ ਮਨੁੱਖਤਾ ਨਾਲ ਨਹੀਂ, ਸਗੋਂ ਉਸ ਦੀ ਖਰੀਦਣ ਦੀ ਸਮਰੱਥਾ ਨਾਲ ਜੋੜੀ ਜਾਣ ਲੱਗੀ ਹੈ। ਇਹ ਇੱਕ ਅਜਿਹਾ ਬਦਲਾਅ ਹੈ, ਜਿਸ ਨੇ ਮਨੁੱਖ ਨੂੰ ਅੰਦਰੋਂ ਖਾਲੀ ਕਰਨਾ ਸ਼ੁਰੂ ਕਰ ਦਿੱਤਾ ਹੈ।

ਆਰਥਿਕ ਉਦਾਰੀਕਰਨ ਦੀ ਇਹ ਨਵੀਂ ਪ੍ਰਣਾਲੀ ਮਨੁੱਖ ਨੂੰ ਇੱਕ ਖਪਤਕਾਰ ਵਿੱਚ ਤਬਦੀਲ ਕਰ ਰਹੀ ਹੈ। ਹਰ ਚੀਜ਼ ਇੱਕ ਵਸਤੂ ਬਣ ਗਈ ਹੈ; ਰਿਸ਼ਤੇ, ਸਮਾਂ, ਕਲਾ ਅਤੇ ਇੱਥੋਂ ਤੱਕ ਕਿ ਮਨੁੱਖੀ ਜਜ਼ਬਾਤ ਵੀ। ਮਨੁੱਖ ਹੁਣ ਕੁਦਰਤ ਨਾਲ ਨਹੀਂ, ਸਗੋਂ ਬਾਜ਼ਾਰ ਨਾਲ ਜੁੜਿਆ ਹੋਇਆ ਹੈ। ਉਸ ਦੀ ਪਛਾਣ ਉਸ ਦੇ ਅੰਦਰਲੇ ਗੁਣਾਂ ਨਾਲ ਨਹੀਂ, ਸਗੋਂ ਉਸ ਦੀ ਬਾਹਰੀ ਖਪਤ ਨਾਲ ਕੀਤੀ ਜਾ ਰਹੀ ਹੈ। ਇਸ ਪ੍ਰਕਿਰਿਆ ਨੇ ਮਨੁੱਖ ਨੂੰ ਧਰਤੀ ਤੋਂ ਉਖਾੜ ਕੇ ਇੱਕ ਅਜਿਹੇ ਖਾਲੀਪਣ ਵਿੱਚ ਸੁੱਟ ਦਿੱਤਾ ਹੈ, ਜਿੱਥੇ ਉਸ ਨੂੰ ਆਪਣੀਆਂ ਜੜ੍ਹਾਂ ਦੀ ਪਛਾਣ ਵੀ ਮੁਸ਼ਕਲ ਹੋ ਰਹੀ ਹੈ। ਉਹ ਆਪਣੇ ਆਪ ਤੋਂ ਦੂਰ ਹੁੰਦਾ ਜਾ ਰਿਹਾ ਹੈ ਅਤੇ ਇਹ ਦੂਰੀ ਹੀ ਉਸ ਦੇ ਅੰਦਰ ਇੱਕ ਅਜਿਹਾ ਖੂਹ ਪੁੱਟ ਰਹੀ ਹੈ, ਜਿਸ ਨੂੰ ਕੋਈ ਵੀ ਵਸਤੂ ਭਰ ਨਹੀਂ ਸਕਦੀ।

ਮਹਾਨਗਰਾਂ ਦੀ ਚਮਕਦਾਰ ਰੌਸ਼ਨੀ ਅੱਜ ਤਰੱਕੀ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਉੱਚੀਆਂ ਇਮਾਰਤਾਂ, ਚਮਕਦੇ-ਦਮਕਦੇ ਮਾਲ ਅਤੇ ਰਾਤ ਨੂੰ ਵੀ ਦਿਨ ਵਰਗੀ ਰੌਸ਼ਨੀ; ਇਹ ਸਭ ਕੁਝ ਇੱਕ ਖੁਸ਼ਹਾਲ ਸਮਾਜ ਦੀ ਤਸਵੀਰ ਪੇਸ਼ ਕਰਦੇ ਹਨ, ਪਰ ਇਸ ਰੌਸ਼ਨੀ ਦੇ ਪਿੱਛੇ ਡੂੰਘਾ ਹਨੇਰਾ ਵੀ ਮੌਜੂਦ ਹੈ। ਇਹ ਰੌਸ਼ਨੀ ਸਿਰਫ਼ ਇਮਾਰਤਾਂ ਨੂੰ ਹੀ ਨਹੀਂ, ਸਗੋਂ ਇੱਕ ਅਜਿਹੇ ਜੀਵਨ-ਢੰਗ ਨੂੰ ਵੀ ਚਮਕਾ ਰਹੀ ਹੈ, ਜੋ ਮਨੁੱਖ ਨੂੰ ਆਪਣੇ ਅਸਲੀ ਸਰੂਪ ਤੋਂ ਦੂਰ ਲੈ ਜਾ ਰਿਹਾ ਹੈ। ਇਹ ਚਮਕ ਇੱਕ ਭਰਮ ਪੈਦਾ ਕਰਦੀ ਹੈ, ਜਿਸ ਵਿੱਚ ਮਨੁੱਖ ਨੂੰ ਲੱਗਦਾ ਹੈ ਕਿ ਉਹ ਤਰੱਕੀ ਕਰ ਰਿਹਾ ਹੈ, ਪਰ ਅਸਲ ਵਿੱਚ ਉਹ ਆਪਣੇ ਅੰਦਰਲੇ ਸੰਤੁਲਨ ਨੂੰ ਗੁਆ ਰਿਹਾ ਹੁੰਦਾ ਹੈ।

ਮਹਾਨਗਰਾਂ ਵਿੱਚ ਰਹਿਣ ਵਾਲਾ ਮਨੁੱਖ ਭੀੜ ਵਿੱਚ ਵੀ ਇਕੱਲਾ ਹੈ। ਉਸ ਦੇ ਕੋਲ ਸਭ ਕੁਝ ਹੈ, ਪਰ ਫਿਰ ਵੀ ਉਹ ਖਾਲੀ ਹੈ। ਉਸ ਦੇ ਕੋਲ ਸਹੂਲਤਾਂ ਹਨ, ਪਰ ਸੰਤੁਸ਼ਟੀ ਨਹੀਂ। ਉਸ ਦੇ ਕੋਲ ਸਮਾਂ ਬਚਾਉਣ ਵਾਲੀਆਂ ਮਸ਼ੀਨਾਂ ਹਨ, ਪਰ ਉਸ ਦੇ ਕੋਲ ਆਪਣੇ ਲਈ ਸਮਾਂ ਨਹੀਂ। ਇਹ ਇੱਕ ਅਜਿਹਾ ਵਿਰੋਧਾਭਾਸ ਹੈ, ਜੋ ਸਾਡੇ ਸਮੇਂ ਦੀ ਸਭ ਤੋਂ ਵੱਡੀ ਤ੍ਰਾਸਦੀ ਬਣ ਗਿਆ ਹੈ। ਮਨੁੱਖ ਨੇ ਸਮਾਂ ਬਚਾਉਣ ਦੇ ਅਨੇਕ ਸਾਧਨ ਬਣਾਏ ਹਨ, ਪਰ ਉਹ ਸਮਾਂ ਉਸ ਦੇ ਆਪਣੇ ਹੱਥੋਂ ਹੀ ਫਿਸਲਦਾ ਜਾ ਰਿਹਾ ਹੈ।

ਪਹਿਲਾਂ ਮਨੁੱਖ ਦੀ ਜ਼ਿੰਦਗੀ ਕੁਦਰਤ ਨਾਲ ਜੁੜੀ ਹੋਈ ਸੀ। ਚੰਨ, ਤਾਰੇ, ਦਰਿਆ ਅਤੇ ਰੁੱਖ ਉਸ ਦੇ ਜੀਵਨ ਦਾ ਹਿੱਸਾ ਸਨ। ਇਹ ਸਿਰਫ਼ ਦ੍ਰਿਸ਼ ਨਹੀਂ ਸਨ, ਸਗੋਂ ਉਸ ਦੇ ਅੰਦਰਲੇ ਸੰਤੁਲਨ ਦੇ ਸਾਥੀ ਸਨ; ਪਰ ਅੱਜ ਮਹਾਨਗਰਾਂ ਦੀ ਰੌਸ਼ਨੀ ਨੇ ਚੰਨ ਅਤੇ ਤਾਰਿਆਂ ਨੂੰ ਵੀ ਗੁੰਮ ਕਰ ਦਿੱਤਾ ਹੈ। ਇਹ ਸਿਰਫ਼ ਭੌਤਿਕ ਤੌਰ 'ਤੇ ਨਹੀਂ, ਸਗੋਂ ਮਨੁੱਖੀ ਚੇਤਨਾ ਵਿੱਚ ਵੀ ਹੋਇਆ ਹੈ। ਹੁਣ ਮਨੁੱਖ ਆਕਾਸ਼ ਵੱਲ ਘੱਟ ਅਤੇ ਸਕ੍ਰੀਨ ਵੱਲ ਵੱਧ ਵੇਖਦਾ ਹੈ। ਇਸ ਬਦਲਾਅ ਨੇ ਉਸ ਦੀ ਕਲਪਨਾ, ਉਸ ਦੀ ਸੰਵੇਦਨਸ਼ੀਲਤਾ ਅਤੇ ਉਸ ਦੇ ਅੰਦਰਲੇ ਸੰਬੰਧਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ।

ਜਦੋਂ ਮਨੁੱਖ ਕੁਦਰਤ ਤੋਂ ਦੂਰ ਹੁੰਦਾ ਹੈ, ਉਹ ਆਪਣੇ ਆਪ ਤੋਂ ਵੀ ਦੂਰ ਹੋ ਜਾਂਦਾ ਹੈ। ਕੁਦਰਤ ਮਨੁੱਖ ਨੂੰ ਸੰਤੁਲਨ ਸਿਖਾਉਂਦੀ ਹੈ, ਧੀਰਜ ਸਿਖਾਉਂਦੀ ਹੈ ਅਤੇ ਸੰਤੁਸ਼ਟੀ ਦਿੰਦੀ ਹੈ; ਪਰ ਜਦੋਂ ਮਨੁੱਖ ਇਸ ਤੋਂ ਦੂਰ ਜਾਂਦਾ ਹੈ ਤਾਂ ਉਸ ਦੀ ਜ਼ਿੰਦਗੀ ਵਿੱਚ ਬੇਚੈਨੀ ਅਤੇ ਅਸਥਿਰਤਾ ਵਧ ਜਾਂਦੀ ਹੈ। ਕੁਦਰਤ ਨਾਲੋਂ ਵਿਛੋੜਾ ਮਨੁੱਖ ਦੇ ਅੰਦਰ ਇੱਕ ਅਜਿਹਾ ਖਾਲੀਪਣ ਪੈਦਾ ਕਰਦਾ ਹੈ, ਜਿਸ ਨੂੰ ਕੋਈ ਵੀ ਮਸਨੂਈ ਸਹੂਲਤ ਪੂਰਾ ਨਹੀਂ ਕਰ ਸਕਦੀ। ਇਹ ਖਾਲੀਪਣ ਹੀ ਉਸ ਦੇ ਮਨ ਦੇ ਸੰਕਟਾਂ ਦੀ ਜੜ੍ਹ ਬਣਦਾ ਜਾ ਰਿਹਾ ਹੈ।

ਅੱਜ ਦਾ ਸਮਾਜ ਖਪਤਕਾਰ ਸੱਭਿਆਚਾਰ ਨਾਲ ਚੱਲ ਰਿਹਾ ਹੈ। ਹਰ ਵਿਅਕਤੀ ਨੂੰ ਇੱਕ ਆਦਰਸ਼ ਖਪਤਕਾਰ ਬਣਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ਼ਤਿਹਾਰ ਮਨੁੱਖ ਨੂੰ ਇਹ ਯਕੀਨ ਦਿਵਾਉਂਦੇ ਹਨ ਕਿ ਖੁਸ਼ੀ ਖਰੀਦੀ ਜਾ ਸਕਦੀ ਹੈ। ਨਵਾਂ ਫ਼ੋਨ, ਨਵੀਂ ਕਾਰ, ਨਵਾਂ ਘਰ; ਇਹ ਸਭ ਕੁਝ ਮਨੁੱਖ ਨੂੰ ਇੱਕ ਅਜਿਹੀ ਦੌੜ ਵਿੱਚ ਸ਼ਾਮਲ ਕਰ ਰਹੇ ਹਨ, ਜਿਸ ਦਾ ਕੋਈ ਅੰਤ ਨਹੀਂ। ਇਹ ਦੌੜ ਸਿਰਫ਼ ਚੀਜ਼ਾਂ ਦੀ ਨਹੀਂ, ਸਗੋਂ ਇੱਕ ਅਜਿਹੀ ਪਛਾਣ ਦੀ ਹੈ, ਜੋ ਬਾਹਰਲੇ ਸਾਧਨਾਂ ਨਾਲ ਬਣਾਈ ਜਾਂਦੀ ਹੈ। ਮਨੁੱਖ ਨੂੰ ਇਹ ਵਿਸ਼ਵਾਸ ਦਿਵਾਇਆ ਜਾ ਰਿਹਾ ਹੈ ਕਿ ਉਸ ਦੀ ਕਦਰ ਉਸ ਦੇ ਹੋਣ ਨਾਲ ਨਹੀਂ, ਸਗੋਂ ਉਸ ਦੇ ਕੋਲ ਕੀ ਹੈ, ਇਸ ਨਾਲ ਹੈ।

ਇਸ ਦੌੜ ਵਿੱਚ ਮਨੁੱਖ ਆਪਣੀ ਆਤਮਿਕ ਸ਼ਾਂਤੀ ਨੂੰ ਗੁਆ ਰਿਹਾ ਹੈ। ਉਹ ਹਮੇਸ਼ਾ ਕਿਸੇ ਨਵੀਂ ਚੀਜ਼ ਦੀ ਖੋਜ ਵਿੱਚ ਹੈ, ਪਰ ਉਸ ਨੂੰ ਕਦੇ ਸੰਤੁਸ਼ਟੀ ਨਹੀਂ ਮਿਲਦੀ। ਇਹ ਦੌੜ ਮਨੁੱਖ ਨੂੰ ਥਕਾ ਰਹੀ ਹੈ, ਪਰ ਉਹ ਇਸ ਤੋਂ ਬਾਹਰ ਨਹੀਂ ਨਿਕਲ ਪਾ ਰਿਹਾ। ਉਸ ਦੇ ਅੰਦਰ ਇੱਕ ਅਜਿਹੀ ਬੇਚੈਨੀ ਪੈਦਾ ਹੋ ਰਹੀ ਹੈ, ਜੋ ਉਸ ਨੂੰ ਹਮੇਸ਼ਾ ਅਧੂਰਾ ਮਹਿਸੂਸ ਕਰਵਾਉਂਦੀ ਹੈ। ਇਹ ਅਧੂਰਾਪਣ ਹੀ ਆਧੁਨਿਕ ਜੀਵਨ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ।



***ਇਸ ਦੌੜ ਵਿੱਚ ਮਨੁੱਖ ਆਪਣੀ ਆਤਮਿਕ ਸ਼ਾਂਤੀ ਨੂੰ ਗੁਆ ਰਿਹਾ ਹੈ। ਉਹ ਹਮੇਸ਼ਾ ਕਿਸੇ ਨਵੀਂ ਚੀਜ਼ ਦੀ ਖੋਜ ਵਿੱਚ ਹੈ, ਪਰ ਉਸ ਨੂੰ ਕਦੇ ਸੰਤੁਸ਼ਟੀ ਨਹੀਂ ਮਿਲਦੀ। ਇਹ ਦੌੜ ਮਨੁੱਖ ਨੂੰ ਥਕਾ ਰਹੀ ਹੈ, ਪਰ ਉਹ ਇਸ ਤੋਂ ਬਾਹਰ ਨਹੀਂ ਨਿਕਲ ਪਾ ਰਿਹਾ। ਉਸ ਦੇ ਅੰਦਰ ਇੱਕ ਅਜਿਹੀ ਬੇਚੈਨੀ ਪੈਦਾ ਹੋ ਰਹੀ ਹੈ, ਜੋ ਉਸ ਨੂੰ ਹਮੇਸ਼ਾ ਅਧੂਰਾ ਮਹਿਸੂਸ ਕਰਵਾਉਂਦੀ ਹੈ।***

ਇਸ ਨਵੇਂ ਸਮੇਂ ਵਿੱਚ ਮਨੁੱਖੀ ਰਿਸ਼ਤੇ ਵੀ ਬਦਲ ਰਹੇ ਹਨ। ਪਹਿਲਾਂ ਰਿਸ਼ਤੇ ਭਾਵਨਾਵਾਂ ਅਤੇ ਭਰੋਸੇ 'ਤੇ ਆਧਾਰਿਤ ਹੁੰਦੇ ਸਨ, ਪਰ ਅੱਜ ਇਹ ਵੀ ਲਾਭ ਅਤੇ ਸੁਵਿਧਾ ਨਾਲ ਜੁੜੇ ਹੋਏ ਹਨ। ਮਨੁੱਖ ਕੋਲ ਸਮਾਂ ਨਹੀਂ ਕਿ ਉਹ ਆਪਣੇ ਪਰਿਵਾਰ ਜਾਂ ਦੋਸਤਾਂ ਨਾਲ ਬੈਠ ਕੇ ਗੱਲ ਕਰ ਸਕੇ। ਇਸ ਨਾਲ ਰਿਸ਼ਤਿਆਂ ਵਿਚਲਾ ਨਿੱਘ ਹੌਲੀ-ਹੌਲੀ ਖ਼ਤਮ ਹੋ ਰਿਹਾ ਹੈ ਅਤੇ ਮਨੁੱਖ ਅੰਦਰੋਂ ਇਕੱਲਾ ਹੁੰਦਾ ਜਾ ਰਿਹਾ ਹੈ।

ਮਹਾਨਗਰਾਂ ਦੀ ਜ਼ਿੰਦਗੀ ਮਨੁੱਖ ਨੂੰ ਮਸ਼ੀਨ ਬਣਾਉਂਦੀ ਜਾ ਰਹੀ ਹੈ। ਉਹ ਸਵੇਰੇ ਕੰਮ 'ਤੇ ਜਾਂਦਾ ਹੈ, ਸ਼ਾਮ ਨੂੰ ਵਾਪਸ ਆਉਂਦਾ ਹੈ ਅਤੇ ਫਿਰ ਅਗਲੇ ਦਿਨ ਲਈ ਤਿਆਰ ਹੁੰਦਾ ਹੈ। ਇਸ ਚੱਕਰ ਵਿੱਚ ਉਹ ਆਪਣੇ ਆਪ ਨੂੰ ਹੀ ਭੁੱਲਦਾ ਜਾ ਰਿਹਾ ਹੈ। ਇਹ ਇੱਕ ਅਜਿਹਾ ਜੀਵਨ ਹੈ, ਜਿਸ ਵਿੱਚ ਗਤੀ ਤਾਂ ਬਹੁਤ ਹੈ, ਪਰ ਮਕਸਦ ਧੁੰਦਲਾ ਹੁੰਦਾ ਜਾ ਰਿਹਾ ਹੈ।

ਤਕਨਾਲੋਜੀ ਨੇ ਮਨੁੱਖੀ ਜੀਵਨ ਨੂੰ ਆਸਾਨ ਬਣਾਇਆ ਹੈ, ਪਰ ਇਸ ਨੇ ਨਵੇਂ ਸੰਕਟ ਵੀ ਪੈਦਾ ਕੀਤੇ ਹਨ। ਮੋਬਾਈਲ ਅਤੇ ਇੰਟਰਨੈੱਟ ਨੇ ਮਨੁੱਖ ਨੂੰ ਦੁਨੀਆ ਨਾਲ ਜੋੜਿਆ ਹੈ, ਪਰ ਇਸ ਨੇ ਉਸ ਨੂੰ ਆਪਣੇ ਨੇੜਲੇ ਲੋਕਾਂ ਤੋਂ ਦੂਰ ਵੀ ਕਰ ਦਿੱਤਾ ਹੈ। ਇਹ ਇੱਕ ਅਜਿਹਾ ਸੰਬੰਧ ਹੈ, ਜਿਸ ਵਿੱਚ ਸੰਪਰਕ ਤਾਂ ਹੈ, ਪਰ ਸੱਚਾ ਸੰਬੰਧ ਨਹੀਂ। ਮਨੁੱਖ ਜਾਣਕਾਰੀ ਨਾਲ ਘਿਰਿਆ ਹੋਇਆ ਹੈ, ਪਰ ਸਮਝ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਹ ਸਥਿਤੀ ਮਨੁੱਖ ਨੂੰ ਸਮਾਜ ਤੋਂ ਵੱਖ ਕਰ ਰਹੀ ਹੈ ਅਤੇ ਉਸ ਨੂੰ ਇੱਕ ਇਕੱਲੇ ਟਾਪੂ ਵਿੱਚ ਤਬਦੀਲ ਕਰ ਰਹੀ ਹੈ।

ਇਸ ਸਾਰੇ ਬਦਲਾਅ ਦਾ ਸਭ ਤੋਂ ਵੱਡਾ ਨੁਕਸਾਨ ਮਨੁੱਖੀ ਸੰਵੇਦਨਸ਼ੀਲਤਾ ਨੂੰ ਹੋਇਆ ਹੈ। ਮਨੁੱਖ ਹੁਣ ਦੂਜਿਆਂ ਦੇ ਦੁੱਖ ਨੂੰ ਮਹਿਸੂਸ ਕਰਨ ਵਿੱਚ ਅਸਮਰੱਥ ਹੋ ਰਿਹਾ ਹੈ। ਉਹ ਸਿਰਫ਼ ਆਪਣੇ ਲਾਭ ਅਤੇ ਸੁਵਿਧਾ ਬਾਰੇ ਸੋਚਦਾ ਹੈ। ਇਹ ਦੌਰ ਇੱਕ ਅਜਿਹਾ ਸਮਾਜ ਪੈਦਾ ਕਰ ਰਿਹਾ ਹੈ, ਜਿੱਥੇ ਮਨੁੱਖ ਮਨੁੱਖ ਲਈ ਅਜਨਬੀ ਬਣਦਾ ਜਾ ਰਿਹਾ ਹੈ। ਇਹ ਸਥਿਤੀ ਕਿਸੇ ਵੀ ਸਿਹਤਮੰਦ ਸਮਾਜ ਲਈ ਖ਼ਤਰਨਾਕ ਹੈ। ਇਨ੍ਹਾਂ ਪ੍ਰਸਥਿਤੀਆਂ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਅਸੀਂ ਕਿੱਥੇ ਜਾ ਰਹੇ ਹਾਂ? ਕੀ ਇਹ ਤਰੱਕੀ ਸਾਨੂੰ ਸੱਚਮੁੱਚ ਖੁਸ਼ਹਾਲੀ ਵੱਲ ਲੈ ਕੇ ਜਾ ਰਹੀ ਹੈ ਜਾਂ ਇਹ ਸਾਨੂੰ ਇੱਕ ਅਜਿਹੇ ਸੰਕਟ ਵੱਲ ਧੱਕ ਰਹੀ ਹੈ, ਜਿੱਥੇ ਮਨੁੱਖ ਆਪਣੀ ਪਛਾਣ ਹੀ ਗੁਆ ਬੈਠੇਗਾ? ਇਹ ਸਵਾਲ ਸਿਰਫ਼ ਵਿਚਾਰ ਕਰਨ ਲਈ ਨਹੀਂ, ਸਗੋਂ ਆਪਣੇ ਜੀਵਨ ਨੂੰ ਮੁੜ ਸਮਝਣ ਲਈ ਵੀ ਹੈ।

ਇਸ ਬਦਲਾਅ ਨੂੰ ਸਮਝਣ ਦੀ ਲੋੜ ਹੈ। ਸਾਨੂੰ ਤਕਨਾਲੋਜੀ ਅਤੇ ਆਰਥਿਕ ਤਰੱਕੀ ਨੂੰ ਸਵੀਕਾਰ ਕਰਨਾ ਚਾਹੀਦਾ ਹੈ, ਪਰ ਇਸ ਦੇ ਨਾਲ ਹੀ ਸਾਨੂੰ ਆਪਣੀ ਮਨੁੱਖਤਾ ਅਤੇ ਸੰਵੇਦਨਸ਼ੀਲਤਾ ਨੂੰ ਵੀ ਬਚਾਉਣਾ ਚਾਹੀਦਾ ਹੈ। ਤਰੱਕੀ ਦਾ ਅਸਲੀ ਮਕਸਦ ਮਨੁੱਖ ਨੂੰ ਸੁਖੀ ਬਣਾਉਣਾ ਹੈ, ਨਾ ਕਿ ਉਸ ਨੂੰ ਆਪਣੇ ਆਪ ਤੋਂ ਦੂਰ ਕਰਨਾ।

ਜੇ ਅਸੀਂ ਇਸ ਸੱਚ ਨੂੰ ਨਹੀਂ ਸਮਝੇ, ਤਾਂ ਇੱਕ ਦਿਨ ਅਸੀਂ ਸਿਰਫ਼ ਇਸ ਮਸਨੂਈ ਰੌਸ਼ਨੀ ਵਿੱਚ ਹੀ ਰਹਿ ਜਾਵਾਂਗੇ, ਪਰ ਸਾਡੇ ਅੰਦਰ ਦੀ ਚਾਨਣੀ ਹਮੇਸ਼ਾ ਲਈ ਗੁੰਮ ਹੋ ਜਾਵੇਗੀ; ਉਸ ਵੇਲੇ ਸ਼ਾਇਦ ਸਾਡੇ ਕੋਲ ਸਭ ਕੁਝ ਹੋਵੇ, ਪਰ ਅਸੀਂ ਆਪਣੇ ਆਪ ਨੂੰ ਹੀ ਗੁਆ ਚੁੱਕੇ ਹੋਵਾਂਗੇ।

# ਪੰਜਾਬ ਅਤੇ ਸਿਆਸਤ

*-ਇਮਰੋਜ਼ ਹੂੰਜਣ*



**ਮੈਂ ਬਾਰਡਰ 'ਤੇ
ਖੜ੍ਹ ਕੇ ਪੁੱਛਿਆ
ਪੰਜਾਬ ਨੂੰ ਜਾਣਾ।
ਇੱਕ ਬੱਚਾ ਸੀ ਬੋਲਿਆ,
ਦੇਖ ਹੈਂ ਨਿਆਣਾ।**

**ਹੱਥ ਫੇਰ ਉਹਦੇ ਸਿਰ 'ਤੇ,
ਬੋਲਿਆ ਬੱਚਿਆ ਮੇਰੇ।
ਸੰਤਾਲ਼ੀ ਤੋਂ ਪਹਿਲਾਂ ਹੁੰਦੇ ਸੀ
ਇਹ ਦੋਨੋਂ ਮੇਰੇ।**

**ਇੱਕ ਚੜ੍ਹਦਾ ਤੇ ਇੱਕ ਲਹਿੰਦਾ,
ਹੁਣ ਇਹ ਦੋ ਹੋ'ਗੇ।
ਪਹਿਲਾਂ ਲਾਹੌਰੋਂ ਅੰਬਰਸਰ
ਨੇੜੇ ਸੀ,
ਹੁਣ ਕਈ ਕੋਹ ਹੋ'ਗੇ।**

**ਹੁਣ ਇੱਕ ਇੱਕ ਹੋ ਲੜਦੇ,
ਸੀ ਕਦੇ ਯਾਰਾਂ ਵਰਗੇ।
ਜੇ ਕਿਤੇ ਇਕੱਠੇ ਹੋ ਜਾਵਣ,
ਹੋ ਜਾਵਣਗੇ ਗਿਆਰਾਂ ਵਰਗੇ।
ਰਾਤੋ ਰਾਤ ਇਸ ਕਦਰ,
ਇੱਕ ਆਰਡਰ ਹੋ'ਜੇ।
ਦੋਨੋਂ ਹੋ ਜਾਣ ਇੱਕ,
ਗਾਇਬ ਬਾਰਡਰ ਹੋ'ਜੇ।**

**ਐਨੇ ਮਾੜੇ ਲੇਖ ਰੱਬ,
ਕਿਉਂ ਲਿਖ ਰਿਹਾ ਸੀ।
ਇੱਕ ਸੁਪਨੇ ਦੇ ਵਿੱਚ,
ਸੁਪਨਾ ਮੈਂ ਦੇਖ ਰਿਹਾ ਸੀ।
ਹਰ ਰੋਜ਼ ਹੁਣ ਸੋਚਾਂ
ਜਦ ਅੱਖਾਂ ਖੋਲਾਂ ਤਾਂ ਮੁੱਕ ਜਾਣ,
ਬਾਰਡਰ ਐਲ.ਓ.ਸੀ. ਦੇ।
ਜਿਹੜੇ ਵੇਚਦੇ ਸੀ ਦੇਸ਼,
ਚੱਕੇ ਜਾਣ ਉਹ ਕਮੀਨੇ।
ਹੋ'ਜੇ ਦਿੱਲੀ ਤੋਂ ਲਾਹੌਰ ਤੱਕ,
ਸਿੱਧੀ ਇੱਕ ਰੇਲ।
ਨਾਲੇ ਇੱਕ ਹੋ'ਜੇ ਸਭ,
ਸਭ ਇਕੱਠੇ ਹੋਣ ਖੇਲ।**

**ਜਿਹੜੇ ਨਮਕ ਹਰਾਮ ਬਣ,
ਕਰਦੇ ਨੇ ਸਿਆਸਤਾਂ।
ਲਾਹਨਤਾਂ ਵੀ ਉਨ੍ਹਾਂ ਨੂੰ ਤਾਂ
ਪਾਉਂਦੀਆਂ ਨੇ ਲਾਹਨਤਾਂ।
ਉਨ੍ਹਾਂ ਨੂੰ ਸਲਾਮ,
ਜਿਹੜੇ ਬਾਰਡਰ 'ਤੇ ਖੜ੍ਹੇ,
ਸੀਨਾ ਚੌੜਾ ਕਰ ਗੋ਼ਲੀ ਖਾ ਕੇ,
ਕਰਦੇ ਹਿਫਾਜ਼ਤਾਂ।**

**ਇੱਕ ਦਿਨ ਤੁਸੀਂ ਉੱਥੇ
ਕਟ ਕੇ ਦਿਖਾ ਦੋ,
ਜਿਹੜੇ ਕੁਰਸੀ 'ਤੇ ਬਹਿੰਦੇ,
ਹੱਥ ਮੁਰਗੀ 'ਤੇ ਰਹਿੰਦੇ।
ਜਿਨ੍ਹਾਂ ਮਿਲਦੀ ਨਾ ਦਾਲ,
ਚੱਜ ਨਾਲ ਇੱਕ ਵਾਰ।
ਉਨ੍ਹਾਂ ਦੀ ਕੁਲਫੀ ਜਮਾਂ ਕੇ,
ਖੁਦ ਕੁਲਫੀਆਂ ਖਾਂਦੇ ਰਹਿੰਦੇ।
ਹਰ ਇੱਕ ਰੋਜ਼ ਇੱਥੇ,
ਜਦੋਂ ਖੁਲ੍ਹਦੀ ਹੈ ਅੱਖ।
ਹੁੰਦੇ ਕਈ ਨੇ ਸ਼ਹੀਦ,
ਤੁਹਾਨੂੰ ਪੈਂਦਾ ਨ੍ਹੀਂ ਫ਼ਰਕ।
ਪਿੱਛੇ ਰੋਂਦੀਆਂ ਨੇ ਮਾਂਵਾਂ,
ਕਿੰਨੇ ਉੱਜੜੇ ਸੁਹਾਗ।
ਤਾਂ ਵੀ ਕਹਿਣ ਛਾਤੀ ਤਾਣ,
ਲਾ'ਤੇ ਦੇਸ਼ ਲੇਖੇ ਫੇਰ ਪੁੱਤ ਅੱਜ।**

**ਗੱਡੀ ਪਿੱਛੇ ਲਾਇਆ
ਭਗਤ ਸਿੰਘ
ਮਿਲੇ ਆਮ ਉਰੇ।
23 ਮਾਰਚ ਹੋਇਆ ਕੀ ਸੀ?
ਕਿਸੇ ਨੂੰ ਯਾਦ ਉਰੇ।
ਵਿੱਚੋਂ ਦਿੱਤਾ ਪਾੜ ਸਰੀਰ,
ਇੰਝ ਲੱਗਿਆ।
ਸੰਨ ਸੰਤਾਲੀ ਵਿੱਚ ਜਦੋਂ,
ਆਪਣੇ ਹੀ ਘਰੋਂ ਕੱਢਿਆ।**

**ਭੈਣ ਦੇ ਚਾਅ
ਰਹਿ ਗਏ ਵਿੱਚ ਹੀ
ਉਹ ਤਾਂ ਭਰੀ ਰਹਿ ਗਈ।
ਸਿਵੇ ਕੋਲ ਭਾਈ ਲਈ,
ਸਿਹਰਾ ਲੈ ਕੇ
ਖੜ੍ਹੀ ਰਹਿ ਗਈ।
ਘੋੜੀਆਂ ਗਾ ਗਾ ਕੇ,
ਵੀਰੇ ਨੂੰ ਸੀ ਭੇਜਿਆ।
ਉੱਚੀ ਉੱਚੀ ਧਾਹਾਂ ਮਾਰੇ,
ਉੱਠ ਵੀਰੇ ਗੇਜਿਆ।**

**ਹਾਰ ਨਹੀਂਓਂ ਮੰਨੀ,
ਰਿਹਾ ਆਖਰ ਤੀਕ ਲੜਦਾ ਸੀ।
ਮਾਂ ਨੂੰ ਜਾ ਦੱਸੀਂ,
ਉਹਦਾ ਸ਼ੇਰ ਪੁੱਤ ਡਰਦਾ ਨ੍ਹੀਂ।**

**ਪਤਾ ਨ੍ਹੀਂ ਕੀ ਆਖਿਰ 'ਚ
ਗੱਲਬਾਤ ਹੋਈ ਹੋਣੀ।
ਸੀਨੇ 'ਚ ਵੱਜਣ ਤੋਂ ਪਹਿਲਾਂ,
ਗੋਲੀ ਵੀ ਤਾਂ ਰੋਈ ਹੋਣੀ।**

**ਇੱਕ ਦਿਨ ਮੇਰੀ ਏ ਤਮੰਨਾ,
ਪੂਰੀ ਕਾਸ਼ ਹੋਵੇ।
ਲਿਪਟੀ ਤਿਰੰਗੇ ਵਿਚ,
ਕਾਸ਼! ਮੇਰੀ ਲਾਸ਼ ਹੋਵੇ।
ਸਿਆਸੀ ਰੌਲੇ ਕਰਕੇ,
ਸ਼ਹੀਦ ਇੱਕ ਹੋਰ ਹੋਇਆ।
ਸ਼ਾਇਦ, ਫਿਰ ਸਿਆਸਤਾਂ ਨੂੰ
ਕੋਈ ਅਹਿਸਾਸ ਹੋਵੇ।**

**ਜਦ ਵੀ ਨੇ ਹੋਏ ਹਿੱਸੇ,
ਹੋਏ ਨੇ ਪੰਜਾਬ ਦੇ,
ਇਹ ਤੁਸੀਂ ਨਹੀਂਓਂ ਜਾਣਦੇ।
ਮਾਂਵਾਂ ਦੇ ਪੁੱਤ ਮੋਏ,
ਹੋਏ ਆਰ-ਪਾਰ ਦੇ,
ਇਹ ਤੁਸੀਂ ਨਹੀਂਓਂ ਜਾਣਦੇ।
ਇਨ੍ਹਾਂ ਗੰਦੀਆਂ ਸਿਆਸਤਾਂ ਨੇ,
ਇੱਕ ਨਹੀਂ,
ਕਈ ਹਿੱਸਿਆਂ 'ਚ ਪਾੜ'ਤੇ।
ਕਿਹੜਾ ਤੁਸੀਂ ਨਹੀਂਓਂ ਜਾਣਦੇ।**

-0-

# ਵਿਗਿਆਨ ਵਿੱਚ ਔਰਤਾਂ ਦਾ ਮਹੱਤਵਪੂਰਨ ਯੋਗਦਾਨ

**ਤਰਜੀਹਾਂ**

**ਡਾ. ਪੀ.ਐੱਸ. ਤਿਆਗੀ**
**ਫੋਨ:+91-9855446519**



ਰਾਸ਼ਟਰੀ ਵਿਗਿਆਨ ਦਿਵਸ ਹਰ ਸਾਲ 28 ਫਰਵਰੀ ਨੂੰ ਵਿਗਿਆਨਕ ਜਿਗਿਆਸਾ ਦਾ ਜਸ਼ਨ ਮਨਾਉਣ ਅਤੇ ਸਮਾਜ ਵਿੱਚ ਵਿਗਿਆਨੀਆਂ ਦੇ ਯੋਗਦਾਨ ਨੂੰ ਮਾਨਤਾ ਦੇਣ ਲਈ ਮਨਾਇਆ ਜਾਂਦਾ ਹੈ। 2026 ਵਿੱਚ ਇਹ ਦਿਨ ਨਵੀਨਤਾਵਾਂ ਨੂੰ ਉਜਾਗਰ ਕਰਨ, ਨੌਜਵਾਨ ਦਿਮਾਗਾਂ ਨੂੰ ਪ੍ਰੇਰਿਤ ਕਰਨ ਅਤੇ ਰਾਸ਼ਟਰੀ ਤੇ ਵਿਸ਼ਵਵਿਆਪੀ ਚੁਣੌਤੀਆਂ ਨੂੰ ਹੱਲ ਕਰਨ ਵਿੱਚ ਵਿਗਿਆਨ ਦੀ ਭੂਮਿਕਾ 'ਤੇ ਵਿਚਾਰ ਕਰਨ ਦਾ ਇੱਕ ਹੋਰ ਮੌਕਾ ਪ੍ਰਦਾਨ ਕਰਦਾ ਹੈ। ਰਾਸ਼ਟਰੀ ਵਿਗਿਆਨ ਦਿਵਸ ਉਤਸੁਕਤਾ, ਵਿਗਿਆਨਕ ਵਿਧੀ ਦੀ ਕਠੋਰਤਾ, ਅਤੇ ਜੀਵਨ ਨੂੰ ਬਿਹਤਰ ਬਣਾਉਣ ਵਾਲੀਆਂ ਤਰੱਕੀਆਂ ਦਾ ਜਸ਼ਨ ਮਨਾਉਣ ਦਾ ਇੱਕ ਪਲ ਹੈ। ਇਹ ਸ਼ਕਤੀਸ਼ਾਲੀ ਨਵੀਆਂ ਖੋਜਾਂ ਨਾਲ ਆਉਣ ਵਾਲੀਆਂ ਜ਼ਿੰਮੇਵਾਰੀਆਂ 'ਤੇ ਆਲੋਚਨਾਤਮਕ ਤੌਰ 'ਤੇ ਵਿਚਾਰ ਕਰਨ ਦਾ ਵੀ ਸਮਾਂ ਹੈ। ਰਾਸ਼ਟਰੀ ਵਿਗਿਆਨ ਦਿਵਸ 28 ਫਰਵਰੀ 1928 ਨੂੰ ਸਰ ਸੀ.ਵੀ. ਰਮਨ ਦੁਆਰਾ ਰਮਨ ਪ੍ਰਭਾਵ ਦੀ ਖੋਜ ਨੂੰ ਦਰਸਾਉਂਦਾ ਹੈ। ਇਸ ਸਫਲਤਾਪੂਰਵਕ ਖੋਜ ਲਈ ਸੀ.ਵੀ. ਰਮਨ ਨੂੰ 1930 ਵਿੱਚ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਮਿਲਿਆ ਸੀ ਅਤੇ ਉਹ ਵਿਗਿਆਨ ਵਿੱਚ ਇਹ ਪੁਰਸਕਾਰ ਜਿੱਤਣ ਵਾਲੇ ਪਹਿਲੇ ਏਸ਼ੀਆਈ ਸਨ। 1986 ਵਿੱਚ ਰਾਸ਼ਟਰੀ ਵਿਗਿਆਨ ਅਤੇ ਤਕਨਾਲੋਜੀ ਸੰਚਾਰ ਪ੍ਰੀਸ਼ਦ (NCSTC) ਨੇ ਦੇਸ਼ ਭਰ ਵਿੱਚ ਵਿਗਿਆਨਕ ਸੁਭਾਅ ਫੈਲਾਉਣ ਲਈ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਘੋਸ਼ਿਤ ਕੀਤਾ।

ਰਾਸ਼ਟਰੀ ਵਿਗਿਆਨ ਦਿਵਸ 2026 ਦਾ ਵਿਸ਼ਾ 'ਵਿਗਿਆਨ ਵਿੱਚ ਔਰਤਾਂ: ਵਿਕਾਸ ਭਾਰਤ ਨੂੰ ਉਤਪ੍ਰੇਰਕ' ਹੈ। ਇਸ ਥੀਮ ਵਿੱਚ ਭਾਰਤ ਦੀ ਵਿਗਿਆਨ ਕਹਾਣੀ ਦੇ ਕੇਂਦਰ ਵਿੱਚ ਔਰਤਾਂ ਨੂੰ ਰੱਖਿਆ ਗਿਆ ਹੈ। ਇਹ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਦੇ ਖੇਤਰਾਂ (ਠਓਂ) ਵਿੱਚ ਔਰਤਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਉਤਸ਼ਾਹਿਤ ਕਰਦਾ ਹੈ। ਇਹ ਥੀਮ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣ ਲਈ ਇੱਕ ਨਵੀਂ ਰਾਸ਼ਟਰੀ ਵਚਨਬੱਧਤਾ ਹੈ। ਭਾਰਤ ਵਿਗਿਆਨ ਅਤੇ ਤਕਨਾਲੋਜੀ ਵਿੱਚ ਸਵੈ-ਨਿਰਭਰਤਾ ਲਈ ਸਖ਼ਤ ਮਿਹਨਤ ਕਰ ਰਿਹਾ ਹੈ; ਪਰ ਵਿਗਿਆਨਕ ਖੋਜਾਂ ਵਿੱਚ ਔਰਤਾਂ ਦਾ ਯੋਗਦਾਨ ਮਰਦਾਂ ਦੇ ਮੁਕਾਬਲੇ ਘੱਟ ਹੈ। ਏ.ਆਈ. ਨਾਲ ਸਬੰਧਤ ਖੇਤਰਾਂ ਵਿੱਚ ਖੋਜਕਰਤਾਵਾਂ ਵਿੱਚੋਂ ਔਰਤਾਂ ਸਿਰਫ਼ 20-22% ਹਨ ਅਤੇ ਕੁੱਲ ਮਿਲਾ ਕੇ ਖੋਜ ਵਿੱਚ ਵਿਸ਼ਵ ਪੱਧਰ 'ਤੇ ਲਗਭਗ 31% ਹਨ, ਜਦੋਂ ਕਿ 46% ਨੌਜਵਾਨ ਔਰਤਾਂ ਉੱਚ ਸਿੱਖਿਆ ਵਿੱਚ ਦਾਖਲਾ ਲੈ ਰਹੀਆਂ ਹਨ, ਅਤੇ 35% ਔਰਤਾਂ ਵਿਗਿਆਨ ਗ੍ਰੈਜੂਏਟ ਹਨ। ਇਸ ਪਾੜੇ ਨੂੰ ਪੂਰਾ ਕਰਨ ਨਾਲ ਸਿਹਤ ਸੰਭਾਲ, ਜਲਵਾਯੂ ਪਰਿਵਰਤਨ, ਸਾਫ਼ ਊਰਜਾ ਅਤੇ ਸਮਾਵੇਸ਼ੀ ਵਿਕਾਸ ਵਿੱਚ ਹੱਲ ਤੇਜ਼ ਹੋ ਸਕਦੇ ਹਨ। ਪੰਜਾਬ ਰਾਜ ਵਿੱਚ ਵਿਗਿਆਨ ਅਤੇ ਤਕਨਾਲੋਜੀ ਵਿਸ਼ਿਆਂ ਵਿੱਚ ਦਾਖਲ ਹੋਣ ਵਾਲੀਆਂ ਕੁੜੀਆਂ ਦੀ ਪ੍ਰਤੀਸ਼ਤਤਾ ਦੀ ਸਥਿਤੀ ਉਤਸ਼ਾਹਜਨਕ ਨਹੀਂ ਹੈ। 2025 ਦੇ ਇੱਕ ਸਰਵੇਖਣ ਤੋਂ ਪਤਾ ਚੱਲਿਆ ਹੈ ਕਿ ਪੰਜਾਬ ਵਿੱਚ ਸਿਰਫ਼ 16% ਕੁੜੀਆਂ ਵਿਗਿਆਨ ਧਾਰਾ ਚੁਣਦੀਆਂ ਹਨ, ਜੋ ਕਿ ਉੱਚ ਸੈਕੰਡਰੀ ਪੱਧਰ 'ਤੇ ਇੱਕ ਵੱਡੀ ਘੱਟ ਪ੍ਰਤੀਨਿਧਤਾ ਨੂੰ ਦਰਸਾਉਂਦੀ ਹੈ। 2023-24 ਵਿੱਚ ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਵਿੱਚ ਇੰਜੀਨੀਅਰਿੰਗ ਅਤੇ ਤਕਨੀਕੀ ਕੋਰਸਾਂ ਵਿੱਚ ਔਰਤਾਂ ਦਾ ਦਾਖਲਾ ਘੱਟ ਸੀ, 77.39% ਮਰਦਾਂ ਦੇ ਮੁਕਾਬਲੇ ਸਿਰਫ਼ 22.6% ਔਰਤਾਂ ਨੇ ਇਨ੍ਹਾਂ ਖੇਤਰਾਂ ਦੀ ਚੋਣ ਕੀਤੀ। ਜਦੋਂ ਕਿ ਕੁਝ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਪੋਸਟ-ਗ੍ਰੈਜੂਏਟ ਪੱਧਰ 'ਤੇ ਵਿਗਿਆਨ ਦੀ ਪੜ੍ਹਾਈ ਕਰਨ ਵਾਲੀਆਂ ਔਰਤਾਂ ਦੀ ਪ੍ਰਤੀਸ਼ਤਤਾ ਵਧੇਰੇ ਹੈ; ਪਰ ਪੇਸ਼ੇਵਰ ਅਤੇ ਤਕਨੀਕੀ ਸਟੈੱਮ (STEM) ਖੇਤਰਾਂ ਵਿੱਚ ਘੱਟ ਭਾਗੀਦਾਰੀ ਦਾ ਰੁਝਾਨ ਇੱਕ ਚੁਣੌਤੀ ਬਣਿਆ ਹੋਇਆ ਹੈ। ਇਸ ਦੇ ਬਾਵਜੂਦ ਉਪਰੋਕਤ ਅੰਕੜਿਆਂ ਤੋਂ ਇਹ ਨਹੀਂ ਸਮਝਣਾ ਚਾਹੀਦਾ ਕਿ ਵਿਗਿਆਨ ਅਤੇ ਤਕਨਾਲੋਜੀ ਵਿੱਚ ਔਰਤਾਂ ਦਾ ਕੋਈ ਯੋਗਦਾਨ ਨਹੀਂ ਹੈ। ਜਦੋਂ ਅਸੀਂ ਵਿਸ਼ਵ ਪੱਧਰ 'ਤੇ ਵਿਗਿਆਨਕ ਖੋਜਾਂ ਵਿੱਚ ਔਰਤਾਂ ਦੇ ਯੋਗਦਾਨ ਬਾਰੇ ਗੱਲ ਕਰਦੇ ਹਾਂ ਤਾਂ ਸਾਡੇ ਮਨ ਵਿੱਚ ਮੈਰੀ ਕਿਊਰੀ ਦਾ ਨਾਮ ਆਉਂਦਾ ਹੈ। ਮੈਰੀ ਕਿਊਰੀ (1867-1934) ਆਧੁਨਿਕ ਯੁੱਗ ਵਿੱਚ ਪਹਿਲੀ ਮਸ਼ਹੂਰ ਮਹਿਲਾ ਵਿਗਿਆਨੀ ਵਜੋਂ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਹੈ, ਜਿਸਨੇ ਰੇਡੀਓਐਕਟੀਵਿਟੀ 'ਤੇ ਖੋਜ ਦੀ ਅਗਵਾਈ ਕੀਤੀ ਅਤੇ ਨੋਬਲ ਪੁਰਸਕਾਰ ਜਿੱਤਣ ਵਾਲੀ ਪਹਿਲੀ ਔਰਤ ਬਣੀ। ਇਸ ਤੋਂ ਇਲਾਵਾ ਉਹ ਦੋ ਨੋਬਲ ਪੁਰਸਕਾਰ ਜਿੱਤਣ ਵਾਲੀ ਇਕਲੌਤੀ ਔਰਤ ਹੈ। ਸਿਰਫ਼ ਮੈਰੀ ਕਿਊਰੀ ਹੀ ਨਹੀਂ, ਦੁਨੀਆ ਵਿੱਚ ਹੋਰ ਵੀ ਬਹੁਤ ਸਾਰੀਆਂ ਔਰਤਾਂ ਹਨ, ਜਿਨ੍ਹਾਂ ਨੇ ਨਵੀਆਂ ਵਿਗਿਆਨਕ ਖੋਜਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਮੁੱਖ ਯੋਗਦਾਨ ਪਾਉਣ ਵਾਲਿਆਂ ਵਿੱਚ ਰੋਸਾਲਿੰਡ ਫ੍ਰੈਂਕਲਿਨ (ਡੀ.ਐਨ.ਏ. ਢਾਂਚਾ), ਅਤੇ ਐਡਾ ਲਵਲੇਸ (ਕੰਪਿਊਟਿੰਗ) ਸ਼ਾਮਲ ਹਨ। ਵਿਗਿਆਨ ਵਿੱਚ ਔਰਤਾਂ ਦੇ ਯੋਗਦਾਨ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ 1901 ਤੋਂ 2022 ਦੇ ਵਿਚਕਾਰ 60 ਔਰਤਾਂ ਨੇ ਆਧੁਨਿਕ ਭੌਤਿਕ ਵਿਗਿਆਨ, ਦਵਾਈ ਅਤੇ ਤਕਨਾਲੋਜੀ ਦੇ ਖੇਤਰਾਂ ਵਿੱਚ ਨੋਬਲ ਪੁਰਸਕਾਰ ਜਿੱਤੇ ਹਨ।

## ਰਾਸ਼ਟਰੀ ਵਿਗਿਆਨ ਦਿਵਸ 2026

***ਜਦੋਂ ਅਸੀਂ ਵਿਗਿਆਨ ਵਿੱਚ ਭਾਰਤੀ ਔਰਤਾਂ ਦੇ ਯੋਗਦਾਨ ਬਾਰੇ ਗੱਲ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਔਰਤਾਂ ਦੇ ਮਨਾਂ ਵਿੱਚੋਂ ਨਿਕਲੇ ਸ਼ਾਨਦਾਰ ਵਿਚਾਰਾਂ ਨੇ ਵੱਖ-ਵੱਖ ਖੇਤਰਾਂ ਵਿੱਚ ਵਿਗਿਆਨੀਆਂ ਦੇ ਸੋਚਣ ਦੇ ਤਰੀਕੇ ਨੂੰ ਆਕਾਰ ਦਿੱਤਾ ਹੈ। ਉਨ੍ਹਾਂ ਦੀਆਂ ਖੋਜਾਂ, ਕਾਢਾਂ ਅਤੇ ਨਵੀਨਤਾਵਾਂ ਨੇ ਸਾਡੇ ਜੀਵਨ ਨੂੰ ਅਮੀਰ ਬਣਾਇਆ ਹੈ ਅਤੇ ਇੱਕ ਸ਼ਾਨਦਾਰ ਭਵਿੱਖ ਲਈ ਰਾਹ ਪੱਧਰਾ ਕੀਤਾ ਹੈ।***

ਜਦੋਂ ਅਸੀਂ ਵਿਗਿਆਨ ਵਿੱਚ ਭਾਰਤੀ ਔਰਤਾਂ ਦੇ ਯੋਗਦਾਨ ਬਾਰੇ ਗੱਲ ਕਰਦੇ ਹਾਂ ਤਾਂ ਦੇਖਦੇ ਹਾਂ ਕਿ ਔਰਤਾਂ ਦੇ ਮਨਾਂ ਵਿੱਚੋਂ ਨਿਕਲੇ ਸ਼ਾਨਦਾਰ ਵਿਚਾਰਾਂ ਨੇ ਵੱਖ-ਵੱਖ ਖੇਤਰਾਂ ਵਿੱਚ ਵਿਗਿਆਨੀਆਂ ਦੇ ਸੋਚਣ ਦੇ ਤਰੀਕੇ ਨੂੰ ਆਕਾਰ ਦਿੱਤਾ ਹੈ। ਉਨ੍ਹਾਂ ਦੀਆਂ ਖੋਜਾਂ, ਕਾਢਾਂ ਅਤੇ ਨਵੀਨਤਾਵਾਂ ਨੇ ਸਾਡੇ ਜੀਵਨ ਨੂੰ ਅਮੀਰ ਬਣਾਇਆ ਹੈ ਅਤੇ ਇੱਕ ਸ਼ਾਨਦਾਰ ਭਵਿੱਖ ਲਈ ਰਾਹ ਪੱਧਰਾ ਕੀਤਾ ਹੈ। ਭਾਰਤ ਵਿੱਚ ਵਿਗਿਆਨ ਦੇ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾਉਣ ਵਾਲੀਆਂ ਮਹਿਲਾ ਵਿਗਿਆਨੀਆਂ ਦੀ ਇੱਕ ਲੰਬੀ ਸੂਚੀ ਹੈ। ਅਸੀਂ ਇੱਥੇ ਕੁਝ ਉੱਘੀਆਂ ਭਾਰਤੀ ਮਹਿਲਾ ਵਿਗਿਆਨੀਆਂ ਬਾਰੇ ਚਰਚਾ ਕਰ ਰਹੇ ਹਾਂ:




**(1)** ਡਾ. ਕਮਲਾ ਸੋਹੋਨੀ ਪਹਿਲੀ ਭਾਰਤੀ ਔਰਤ ਸੀ, ਜਿਸਨੇ ਵਿਗਿਆਨਕ ਵਿਸ਼ੇ ਵਿੱਚ ਪੀਐਚ.ਡੀ. ਕੀਤੀ। ਉਨ੍ਹਾਂ ਨੇ 1939 ਵਿੱਚ ਕੈਂਬਰਿਜ ਯੂਨੀਵਰਸਿਟੀ ਤੋਂ ਬਾਇਓਕੈਮਿਸਟਰੀ ਵਿੱਚ ਡਾਕਟਰੇਟ ਦੀ ਡਿਗਰੀ ਸਿਰਫ਼ 14 ਮਹੀਨਿਆਂ ਵਿੱਚ ਪ੍ਰਾਪਤ ਕੀਤੀ। ਸਾਇਟੋਕ੍ਰੋਮ ਸੀ. ਅਤੇ ਪੋਸ਼ਣ 'ਤੇ ਉਨ੍ਹਾਂ ਦੇ ਕੰਮ ਨੇ ਭਾਰਤੀ ਵਿਗਿਆਨ ਵਿੱਚ ਔਰਤਾਂ ਲਈ ਰਾਹ ਪੱਧਰਾ ਕੀਤਾ।

**(2)** ਡਾ. ਜਾਨਕੀ ਅੰਮਾਲ ਨੂੰ ਭਾਰਤ ਦੀ ਪਹਿਲੀ ਮਹਿਲਾ ਬਨਸਪਤੀ ਵਿਗਿਆਨੀ ਅਤੇ ਬਨਸਪਤੀ ਵਿਗਿਆਨ ਵਿੱਚ ਪੀਐਚ.ਡੀ. (1931) ਪ੍ਰਾਪਤ ਕਰਨ ਵਾਲੀ ਪਹਿਲੀ ਭਾਰਤੀ ਔਰਤ ਵਜੋਂ ਜਾਣਿਆ ਜਾਂਦਾ ਹੈ। ਉਹ ਇੱਕ ਮੋਹਰੀ ਸਾਈਟੋਜੈਨੇਟਿਸਿਸਟ ਸੀ, ਜਿਸਨੇ ਗੰਨੇ ਦੀ ਪ੍ਰਜਨਨ ਵਿੱਚ ਕ੍ਰਾਂਤੀ ਲਿਆ ਕੇ ਇਸਦੀ ਮਿਠਾਸ ਨੂੰ ਵਧਾਇਆ। ਇਸ ਨਾਲ ਭਾਰਤ ਦੀ ਖੇਤੀਬਾੜੀ ਸਵੈ-ਨਿਰਭਰਤਾ 'ਤੇ ਮਹੱਤਵਪੂਰਨ ਪ੍ਰਭਾਵ ਪਿਆ। ਉਨ੍ਹਾਂ ਨੂੰ 1977 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ।

**(3)** ਅੰਨਾ ਮਨੀ ਦਾ ਜਨਮ 1918 ਵਿੱਚ ਹੋਇਆ ਸੀ। ਉਸ ਸਮੇਂ, ਔਰਤਾਂ ਨੂੰ ਵਿਗਿਆਨ ਦੀ ਪੜ੍ਹਾਈ ਕਰਨ ਜਾਂ ਸਮਾਜਿਕ ਨਿਯਮਾਂ ਨੂੰ ਤੋੜਨ ਦੀ ਇਜਾਜ਼ਤ ਨਹੀਂ ਸੀ। ਉਨ੍ਹਾਂ ਨੇ ਇਨ੍ਹਾਂ ਸਾਰੇ ਨਿਯਮਾਂ ਦੀ ਉਲੰਘਣਾ ਕੀਤੀ ਅਤੇ ਮੌਸਮ ਵਿਗਿਆਨ ਵਿੱਚ ਆਪਣੀ ਖੋਜ਼ ਸ਼ੁਰੂ ਕੀਤੀ। ਉਸਨੇ ਪ੍ਰੋਫੈਸਰ ਸੀ.ਵੀ. ਰਮਨ ਦੇ ਅਧੀਨ ਵੀ ਕੰਮ ਕੀਤਾ ਅਤੇ ਮੌਸਮ ਵਿਗਿਆਨ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

**(4)** ਟੈਸੀ ਥਾਮਸ ਦਾ ਜਨਮ 1963 ਵਿੱਚ ਹੋਇਆ ਸੀ, ਉਸਨੇ ਸਮਾਜਿਕ ਨਿਯਮਾਂ ਨੂੰ ਤੋੜਿਆ ਅਤੇ ਭਾਰਤੀ ਮਿਜ਼ਾਈਲ ਪ੍ਰੋਜੈਕਟ ਦੀ ਅਗਵਾਈ ਕਰਨ ਵਾਲੇ ਮੋਹਰੀ ਵਿਗਿਆਨੀਆਂ ਵਿੱਚੋਂ ਇੱਕ ਬਣ ਗਈ ਤੇ ਰੱਖਿਆ ਖੋਜ ਵਿਕਾਸ ਸੰਗਠਨ (DRDO) ਦੇ ਪੁਰਸ਼-ਪ੍ਰਧਾਨ ਵਿਗਿਆਨਕ ਖੇਤਰ ਵਿੱਚ ਇੱਕ ਸ਼ਾਨਦਾਰ ਯੋਗਦਾਨ ਪਾਉਣ ਵਿੱਚ ਕਾਮਯਾਬ ਰਹੀ। 'ਭਾਰਤ ਦੀ ਮਿਜ਼ਾਈਲ ਔਰਤ' ਵਜੋਂ ਜਾਣੀ ਜਾਂਦੀ ਉਹ ਪਹਿਲੀ ਮਹਿਲਾ ਵਿਗਿਆਨੀ ਸੀ, ਜਿਸਨੇ ਇੱਕ ਭਾਰਤੀ ਮਿਜ਼ਾਈਲ ਪ੍ਰੋਜੈਕਟ (ਅਗਨੀ-4 ਅਤੇ 5) ਦੀ ਅਗਵਾਈ ਕੀਤੀ।

**(5)** ਸ਼ਕੁੰਤਲਾ ਦੇਵੀ ਨੂੰ ਭਾਰਤ ਦਾ ਮਨੁੱਖੀ ਕੰਪਿਊਟਰ ਕਿਹਾ ਜਾਂਦਾ ਹੈ। ਕੁਝ ਸਕਿੰਟਾਂ ਵਿੱਚ ਗੁੰਝਲਦਾਰ ਗਣਿਤਿਕ ਕਾਰਵਾਈਆਂ ਕਰਨ ਦੀ ਉਸਦੀ ਸ਼ਾਨਦਾਰ ਸ਼ਕਤੀ ਨੇ ਪੂਰੀ ਦੁਨੀਆ ਨੂੰ ਹੈਰਾਨ ਕਰ ਦਿੱਤਾ। 1977 ਵਿੱਚ ਉਸਨੇ ਬਿਨਾ ਕਿਸੇ ਯੰਤਰ ਜਾਂ ਕਲਮ ਦੀ ਵਰਤੋਂ ਕੀਤੇ, ਇੱਕ ਗਣਿਤਿਕ ਗਣਨਾ ਨੂੰ ਮਾਨਸਿਕ ਤੌਰ 'ਤੇ ਹੱਲ ਕੀਤਾ। ਉਸਨੇ ਸਭ ਤੋਂ ਤੇਜ਼ ਕੰਪਿਊਟਰ ਨਾਲੋਂ 12 ਸਕਿੰਟ ਤੇਜ਼ੀ ਨਾਲ ਸਮੀਕਰਨ ਹੱਲ ਕੀਤਾ।

**(6)** ਕਲਪਨਾ ਚਾਵਲਾ ਹਰਿਆਣਾ ਦੀ ਰਹਿਣ ਵਾਲੀ ਪਹਿਲੀ ਭਾਰਤੀ ਮੂਲ ਦੀ ਮਹਿਲਾ ਏਅਰੋਨਾਟਿਕਲ ਇੰਜੀਨੀਅਰ ਸੀ। ਉਹ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਜਾਣ ਵਾਲੀ ਨਾਸਾ ਦੀ ਚੁਣੀ ਹੋਈ ਇੰਜੀਨੀਅਰ ਸੀ। ਉਹ ਰਾਕੇਸ਼ ਸ਼ਰਮਾ ਤੋਂ ਬਾਅਦ ਪੁਲਾੜ ਵਿੱਚ ਜਾਣ ਵਾਲੀ ਪਹਿਲੀ ਭਾਰਤੀ ਔਰਤ ਅਤੇ ਦੂਜੀ ਭਾਰਤੀ ਸੀ।

**(7)** ਅਸੀਮਾ ਚੈਟਰਜੀ 1944 ਵਿੱਚ ਕਿਸੇ ਭਾਰਤੀ ਯੂਨੀਵਰਸਿਟੀ ਤੋਂ ਡਾਕਟਰੇਟ ਆਫ਼ ਸਾਇੰਸ ਪ੍ਰਾਪਤ ਕਰਨ ਵਾਲੀ ਪਹਿਲੀ ਔਰਤ ਸੀ। ਉਹ ਔਸ਼ਧੀ ਪੌਦਿਆਂ 'ਤੇ ਖੋਜ ਲਈ ਮਸ਼ਹੂਰ ਹੈ, ਖਾਸ ਤੌਰ 'ਤੇ ਮਿਰਗੀ ਵਿਰੋਧੀ ਅਤੇ ਮਲੇਰੀਆ ਵਿਰੋਧੀ ਦਵਾਈਆਂ ਵਿਕਸਤ ਕਰਨ ਵਿੱਚ।

**(8)** ਰਿਤੂ ਕਰਿਧਲ ਨੂੰ 'ਰਾਕੇਟ ਵੂਮੈਨ ਆਫ਼ ਇੰਡੀਆ' ਵਜੋਂ ਜਾਣਿਆ ਜਾਂਦਾ ਹੈ। ਉਹ 2007 ਵਿੱਚ ਇਸਰੋ ਵਿੱਚ ਸ਼ਾਮਲ ਹੋਈ। ਉਹ ਚੰਦਰਯਾਨ-2 ਮਿਸ਼ਨ ਦੀ ਮਿਸ਼ਨ ਡਾਇਰੈਕਟਰ ਸੀ।

**(9)** ਇਸਰੋ ਦੀ ਇੱਕ ਪ੍ਰਸਿੱਧ ਵਿਗਿਆਨੀ ਨੰਦਿਨੀ ਹਰੀਨਾਥ, ਜਿਸ ਕੋਲ 20 ਸਾਲਾਂ ਤੋਂ ਵੱਧ ਦਾ ਤਜਰਬਾ ਹੈ ਅਤੇ 14 ਤੋਂ ਵੱਧ ਮਿਸ਼ਨਾਂ ਵਿੱਚ ਯੋਗਦਾਨ ਹੈ, ਨੇ ਮੰਗਲਯਾਨ ਮਿਸ਼ਨ (ਮੰਗਲਯਾਨ) ਲਈ ਡਿਪਟੀ ਓਪਰੇਸ਼ਨ ਡਾਇਰੈਕਟਰ ਅਤੇ ਚੰਦਰਯਾਨ-3 ਲਈ ਪ੍ਰੋਜੈਕਟ ਮੈਨੇਜਰ ਤੇ ਮਿਸ਼ਨ ਡਿਜ਼ਾਈਨਰ ਵਜੋਂ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ ਹਨ।

ਉੱਪਰ ਦਿੱਤੇ ਗਏ ਸਾਰੇ ਨਾਮ ਇਸ ਗੱਲ ਦਾ ਸਬੂਤ ਹਨ ਕਿ ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਵਿੱਚ ਔਰਤਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਵਿਗਿਆਨ ਅਤੇ ਤਕਨਾਲੋਜੀ ਵਿੱਚ ਔਰਤਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਪ੍ਰਤਿਭਾ ਪੂਲ ਨੂੰ ਵਧਾਏਗੀ ਅਤੇ ਭਵਿੱਖ ਵਿੱਚ ਸ਼ਾਨਦਾਰ ਨਤੀਜੇ ਪ੍ਰਦਾਨ ਕਰੇਗੀ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਔਰਤਾਂ ਨੇ ਵਿਗਿਆਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਪਰ ਵਿਗਿਆਨਕ ਖੋਜ ਖੇਤਰ ਵਿੱਚ ਔਰਤਾਂ ਨੂੰ ਮਹੱਤਵਪੂਰਨ ਰੁਕਾਵਟਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ, ਜਿਸ ਵਿੱਚ ਲਿੰਗ ਪੱਖਪਾਤ, ਲੀਡਰਸ਼ਿਪ ਵਿੱਚ ਘੱਟ ਪ੍ਰਤੀਨਿਧਤਾ ਅਤੇ ਫੰਡਿੰਗ ਤੱਕ ਪਹੁੰਚ ਵਿੱਚ ਮੁਸ਼ਕਲ ਸ਼ਾਮਲ ਹੈ। ਬੱਚਿਆਂ ਦੀ ਦੇਖਭਾਲ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਸੰਬੰਧੀ ਸਮਾਜਿਕ ਉਮੀਦਾਂ ਪੋਸਟ ਡਾਕਟਰੇਟ ਖੋਜ ਪੜਾਅ 'ਤੇ ਪੜ੍ਹਾਈ ਛੱਡਣ ਦਾ ਕਾਰਨ ਬਣਦੀਆਂ ਹਨ। ਜਿਨਸੀ ਸ਼ੋਸ਼ਣ, ਵਿਤਕਰਾ ਅਤੇ ਪੇਸ਼ੇਵਰ ਨੈੱਟਵਰਕਾਂ ਜਾਂ ਖੇਤਰ-ਆਧਾਰਤ ਖੋਜ ਮੌਕਿਆਂ ਤੋਂ ਬਾਹਰ ਰਹਿਣਾ ਪੜ੍ਹਾਈ ਛੱਡਣ ਦੀ ਵਧੀ ਹੋਈ ਦਰ ਦਾ ਇੱਕ ਹੋਰ ਕਾਰਨ ਹੈ। ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਮਾਵੇਸ਼ ਨੂੰ ਉਤਸ਼ਾਹਿਤ ਕਰਨਾ, ਰੂੜ੍ਹੀਵਾਦੀ ਧਾਰਨਾਵਾਂ ਨੂੰ ਚੁਣੌਤੀ ਦੇਣਾ ਅਤੇ ਵਿਗਿਆਨਕ ਖੇਤਰਾਂ ਵਿੱਚ ਔਰਤਾਂ ਲਈ ਬਰਾਬਰ ਮੌਕੇ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ। ਚੁਣੌਤੀਆਂ ਦੇ ਬਾਵਜੂਦ ਅੱਜ ਔਰਤਾਂ ਵੱਖ-ਵੱਖ ਵਿਗਿਆਨਕ ਵਿਸ਼ਿਆਂ ਵਿੱਚ ਮਹੱਤਵਪੂਰਨ ਤਰੱਕੀ ਕਰ ਰਹੀਆਂ ਹਨ। ਵਿਗਿਆਨ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣ ਲਈ ਵਿਸ਼ਵ ਪੱਧਰ 'ਤੇ ਕਈ ਪਹਿਲਕਦਮੀਆਂ ਚੱਲ ਰਹੀਆਂ ਹਨ। ਇੱਕ ਵਿਭਿੰਨ ਅਤੇ ਸਮਾਵੇਸ਼ੀ ਵਿਗਿਆਨਕ ਭਾਈਚਾਰੇ ਦੇ ਨਿਰਮਾਣ ਲਈ ਕੁੜੀਆਂ ਨੂੰ ਛੋਟੀ ਉਮਰ ਤੋਂ ਹੀ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਭਾਵ ਸਟੈੱਮ (STEM) ਦੀ ਸਿੱਖਿਆ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨਾ ਜ਼ਰੂਰੀ ਹੈ।

ਭਾਰਤ ਰਾਸ਼ਟਰੀ ਵਿਗਿਆਨ ਦਿਵਸ 2026 ਨੂੰ ਬਹੁਤ ਉਤਸ਼ਾਹ ਨਾਲ ਮਨਾਉਣ ਲਈ ਤਿਆਰ ਹੈ। ਦੇਸ਼ ਭਰ ਵਿੱਚ ਸਕੂਲ, ਕਾਲਜ, ਵਿਗਿਆਨ ਪ੍ਰਦਰਸ਼ਨੀਆਂ ਅਤੇ ਮਹਿਲਾ ਵਿਗਿਆਨੀਆਂ 'ਤੇ ਕੇਂਦ੍ਰਿਤ ਪ੍ਰੋਜੈਕਟ ਮੁਕਾਬਲਿਆਂ ਦੀ ਤਿਆਰੀ ਕਰ ਰਹੇ ਹਨ। ਵਿਗਿਆਨ ਦਿਵਸ ਮਨਾਉਣ ਦੇ ਹੋਰ ਪ੍ਰੋਗਰਾਮਾਂ ਵਿੱਚ ਏ.ਆਈ., ਬਾਇਓਟੈਕਨਾਲੋਜੀ, ਜਲਵਾਯੂ ਹੱਲ ਅਤੇ ਟਿਕਾਊ ਵਿਕਾਸ ਬਾਰੇ ਭਾਸ਼ਣ ਦੇ ਨਾਲ-ਨਾਲ ਰਾਸ਼ਟਰੀ ਵਿਗਿਆਨ ਕੁਇਜ਼, ਓਪਨ ਹਾਊਸ ਲੈਬ ਵਿਜ਼ਿਟ ਸ਼ਾਮਲ ਹਨ। ਰਾਸ਼ਟਰੀ ਵਿਗਿਆਨ ਦਿਵਸ 2026 ਦੀ ਪੂਰਵ ਸੰਧਿਆ 'ਤੇ ਵਿਗਿਆਨ ਵਿਸ਼ਿਆਂ ਅਤੇ ਖੋਜ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣਾ ਇੱਕ ਨੈਤਿਕ ਜ਼ਰੂਰੀ ਤੋਂ ਵੱਧ ਹੈ - ਇਹ ਰਾਸ਼ਟਰ ਨੂੰ ਇੱਕ ਰਣਨੀਤਕ ਸ਼ਰਧਾਂਜਲੀ ਹੈ। ਜਦੋਂ ਔਰਤਾਂ ਸਿੱਖਣ, ਅਗਵਾਈ ਕਰਨ ਅਤੇ ਨਵੀਨਤਾ ਕਰਨ ਦੇ ਯੋਗ ਹੁੰਦੀਆਂ ਹਨ ਤਾਂ ਪੂਰੇ ਦੇਸ਼ ਨੂੰ ਲਾਭ ਹੁੰਦਾ ਹੈ। ਇਸ ਰਾਸ਼ਟਰੀ ਵਿਗਿਆਨ ਦਿਵਸ 'ਤੇ ਸੰਸਥਾਵਾਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਉਹ ਵਿਗਿਆਨ ਦੀਆਂ ਧਾਰਾਵਾਂ ਵਿੱਚ ਕੁੜੀਆਂ ਦੇ ਦਾਖਲੇ ਵਿੱਚ ਵਾਧਾ, ਔਰਤਾਂ ਦੀ ਅਗਵਾਈ ਵਾਲੇ ਖੋਜ ਗ੍ਰਾਂਟਾਂ ਦੀ ਉੱਚ ਦਰ ਅਤੇ ਸੀਨੀਅਰ ਵਿਗਿਆਨਕ ਭੂਮਿਕਾਵਾਂ ਵਿੱਚ ਹੋਰ ਔਰਤਾਂ ਲਈ ਕੰਮ ਕਰਨਗੇ। ਵਿਗਿਆਨ ਅਤੇ ਖੋਜ ਵਿੱਚ ਔਰਤਾਂ ਨੂੰ ਸਸ਼ਕਤ ਬਣਾਉਣਾ ਅਤੇ ਗਿਆਨ, ਨਿਆਂ ਤੇ ਸਮੂਹਿਕ ਤਰੱਕੀ ਪ੍ਰਤੀ ਵਚਨਬੱਧਤਾ ਦੇਸ਼ ਦੇ ਭਵਿੱਖ ਲਈ ਇੱਕ ਸ਼ਰਧਾਂਜਲੀ ਹੈ। ਜਿਵੇਂ ਕਿ ਅਸੀਂ ਰਾਸ਼ਟਰੀ ਵਿਗਿਆਨ ਦਿਵਸ 2026 ਮਨਾਉਂਦੇ ਹਾਂ, ਆਓ STEM ਖੇਤਰਾਂ 'ਚ ਔਰਤਾਂ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਨ, ਪ੍ਰਤਿਭਾ ਨੂੰ ਵਧਾਉਣ ਤੇ ਇਹ ਯਕੀਨੀ ਬਣਾਉਣ ਦਾ ਸੰਕਲਪ ਲਈਏ ਕਿ ਉਤਸੁਕਤਾ ਅਤੇ ਮਹੱਤਵਾਕਾਂਖਾ ਵਾਲੀ ਹਰ ਕੁੜੀ ਤੇ ਔਰਤ ਵਿਗਿਆਨ ਵਿੱਚ ਇੱਕ ਸਪਸ਼ਟ, ਸਤਿਕਾਰਯੋਗ ਰਸਤਾ ਲੱਭੇ।

# Punjabi Cultural Society of Chicago

Celebrating 30+ Years of Community Service

*To Celebrate Vaisakhi PCS Presents...*

# ਰੰਗਲਾ ਪੰਜਾਬ 2026!

**Rangla Punjab**

**Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!**



## Saturday, April 25, 2026
## 5:00 PM - 10:00 PM

**Copernicus Center**
**5216 W Lawrence Ave**
**Chicago, IL 60630**

**$125 (VIP Seats with Dinner)**
**$65 (Preferred Seats), $40 (General Seating)**

- Assigned Seats for all
- Limited Free Parking
- Children Under 5 yr Free (Need to be in Lap)

## Sponsors & Advertisements Encouraged

Please email: info@PCSChicago.org or call: (847) 359-5PCS

*Scan me!*

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org

PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.